Space for Available for Advertising
WWW.PREETNEWS.COM
WWW.PREETNAMA.COM
preetnamausa
@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 352, 08 ਮਈ ਤੋਂ 14 ਮਈ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਤਾਮਿਲਨਾਡੂ ਵਿੱਚ ਵਿਜੇ ਦੀ ਨਵੀਂ ਪਾਰਟੀ ਕਾਮਯਾਬ ਹੋਈ

## ਪੰਜਾਬ ਤੇ ਹੋਰ ਸੂਬਿਆਂ ਦੀਆਂ ਉਨ੍ਹਾਂ ਪਾਰਟੀਆਂ ਬਾਰੇ ਜਾਣੋ ਜੋ ਘੱਟ ਸਮੇਂ ਵਿੱਚ ਉੱਭਰੀਆਂ

4 ਮਈ ਨੂੰ ਚਾਰ ਸੂਬਿਆਂ ਅਤੇ ਇੱਕ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਐਲਾਨੇ ਗਏ। ਇਨ੍ਹਾਂ ਚੋਣ ਨਤੀਜਿਆਂ ਨੇ ਭਾਰਤ ਦੀ ਸਿਆਸਤ ਵਿੱਚ ਕਾਫ਼ੀ ਕੁਝ ਬਦਲ ਦਿੱਤਾ। ਪੱਛਮੀ ਬੰਗਾਲ ਵਿੱਚ ਬੀਤੇ 15 ਸਾਲ ਤੋਂ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਉੱਥੇ ਹੀ ਪਹਿਲੀ ਵਾਰ ਇਸ ਸੂਬੇ ਵਿੱਚ ਭਾਜਪਾ ਬਹੁਮਤ ਹਾਸਲ ਕਰਨ ਵਿੱਚ ਕਾਮਯਾਬ ਰਹੀ ਹੈ। ਇਸ ਦੇ ਨਾਲ ਕਾਫੀ ਚਰਚਾ ਦਾ ਵਿਸ਼ਾ ਬਣੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਦੇ ਨਤੀਜੇ ਜਿੱਥੇ ਦੱਖਣੀ ਭਾਰਤੀ ਸਿਨੇਮਾ ਦੇ ਸੁਪਰਸਟਾਰ ਜੋਸੇਫ਼ ਵਿਜੈ ਨੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ।



ਵਿਜੈ ਨੂੰ ਉਨ੍ਹਾਂ ਦੇ ਫੈਨਜ਼ 'ਥਲਪਤੀ' ਦੇ ਨਾਮ ਨਾਲ ਵੀ ਜਾਣਦੇ ਹਨ। ਉਹਨਾਂ ਦੀ ਪਾਰਟੀ ਟੀਵੀਕੇ (ਤਾਮਿਲਗਾ ਵੇਟਰੀ ਕੜਗਮ) ਨੇ ਮੁੱਖ ਮੰਤਰੀ ਐੱਮਕੇ ਸਟਾਲਿਨ ਦੀ ਡੀਐੱਮਕੇ ਨੂੰ ਵੀ ਪਿੱਛੇ ਛੱਡ ਦਿੱਤਾ। ਟੀਵੀਕੇ 100 ਤੋਂ ਵੱਧ ਸੀਟਾਂ ਹਾਸਲ ਕਰਨ ਵਿੱਚ ਕਾਮਯਾਬ ਰਹੀ ਹੈ। ਹਾਲਾਂਕਿ ਬਹੁਮਤ ਦੇ ਅੰਕੜੇ ਤੋਂ ਪਾਰਟੀ ਅਜੇ ਦੂਰ ਹੈ। ਅਦਾਕਾਰ ਤੋਂ ਸਿਆਸਤਦਾਨ ਬਣੇ ਵਿਜੈ ਦੀ ਪਾਰਟੀ ਟੀਵੀਕੇ ਨੂੰ ਹੋਂਦ ਵਿੱਚ ਆਇਆਂ ਵੀ ਕੁਝ ਹੀ ਸਮਾਂ ਹੋਇਆ ਹੈ। ਇੰਨੇ ਘੱਟ ਸਮੇਂ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਬਹੁਮਤ ਹਾਸਲ ਕਰਨਾ ਆਪਣੇ ਆਪ ਵਿੱਚ ਵੱਡੀ ਗੱਲ ਹੈ। ਇਸ ਰਿਪੋਰਟ ਵਿੱਚ ਗੱਲ ਕਰਾਂਗੇ ਕਿ ਟੀਵੀਕੇ ਤੋਂ ਇਲਾਵਾ ਭਾਰਤ ਦੀਆਂ ਉਹ ਸਿਆਸੀ ਪਾਰਟੀਆਂ ਬਾਰੇ ਜੋ ਬਹੁਤ ਘੱਟ ਸਮੇਂ ਵਿੱਚ ਹੋਂਦ ਵਿੱਚ ਆਉਣ ਮਗਰੋਂ ਸੂਬੇ ਵਿੱਚ ਸਰਕਾਰ ਬਣਾਉਣ ਜਾਂ ਵੱਡੀ ਜਿੱਤ ਦਰਜ ਕਰਨ ਵਿੱਚ ਕਾਮਯਾਬ ਰਹੀਆਂ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਜੋਸੇਫ਼ ਵਿਜੈ ਦੀ ਪਾਰਟੀ ਟੀਵੀਕੇ ਬਾਰੇ।

### ਟੀਵੀਕੇ ਕਦੋਂ ਹੋਂਦ ਵਿੱਚ ਆਈ

ਫ਼ਰਵਰੀ 2024 ਵਿੱਚ ਵਿਜੈ ਨੇ ਸਿਆਸਤ ਵਿੱਚ ਅਧਿਕਾਰਤ ਤੌਰ 'ਤੇ ਕਦਮ ਰੱਖਿਆ ਅਤੇ ਆਪਣੀ ਪਾਰਟੀ ਤਾਮਿਲਗਾ ਵੇਟਰੀ ਕੜਗਮ (ਟੀਵੀਕੇ) ਦਾ ਐਲਾਨ ਕੀਤਾ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਉਹ ਸੰਸਦ (2024 ਲੋਕ ਸਭਾ) ਦੀ ਚੋਣ ਨਹੀਂ ਲੜਨਗੇ ਅਤੇ ਨਾ ਹੀ ਕਿਸੇ ਉਮੀਦਵਾਰ ਦਾ ਸਮਰਥਨ ਕਰਨਗੇ, ਬਲਕਿ ਉਨ੍ਹਾਂ ਦਾ ਧਿਆਨ 2026 ਦੀਆਂ ਵਿਧਾਨ ਸਭਾ ਚੋਣਾਂ 'ਤੇ ਰਹੇਗਾ। ਇਸ ਐਲਾਨ ਦੇ ਨਾਲ ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਸਿਨੇਮਾ ਛੱਡ ਰਹੇ ਹਨ। ਟੀਵੀਕੇ ਦੀ ਪਹਿਲੀ ਰੈਲੀ 27 ਅਕਤੂਬਰ 2024 ਨੂੰ ਤਾਮਿਲਨਾਡੂ ਦੇ ਵਿੱਲੁਪੁਰਮ ਜ਼ਿਲ੍ਹੇ ਦੇ ਵਿਕਰਵੰਡੀ ਵਿੱਚ ਹੋਈ, ਜਿੱਥੇ ਭਾਰੀ ਭੀੜ ਉੱਮੜੀ। ਮੰਚ ਤੋਂ ਵਿਜੈ ਨੇ ਲੋਕਾਂ ਨੂੰ ਵੰਡਣ ਵਾਲੀ ਸਿਆਸਤ ਕਰਨ ਵਾਲੀਆਂ ਪਾਰਟੀਆਂ 'ਤੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਅਜਿਹੀਆਂ ਤਾਕਤਾਂ ਵਿਚਾਰਧਾਰਕ ਤੌਰ 'ਤੇ ਉਨ੍ਹਾਂ ਦੀ ਪਾਰਟੀ ਦੀਆਂ ਵਿਰੋਧੀ ਹਨ। ਉਨ੍ਹਾਂ ਨੇ ਦ੍ਰਵਿੜ ਮਾਡਲ ਦੇ ਨਾਮ 'ਤੇ ਧੋਖਾਧੜੀ ਕਰਨ ਅਤੇ ÷ਇੱਕ ਪਰਿਵਾਰ 'ਤੇ ਸੂਬੇ ਨੂੰ ਲੁੱਟਣ ਦਾ ਇਲਜ਼ਾਮ ਵੀ ਲਗਾਇਆ। ਫਰਵਰੀ 2024 ਵਿੱਚ ਹੋਈ ਪਹਿਲੀ ਰੈਲੀ ਤੋਂ ਲੈ ਕੇ ਜੇਕਰ ਮਈ 2026 ਦੀ ਗੱਲ ਕਰੀਏ ਤਾਂ ਕਰੀਬ 2 ਹੀ ਸਾਲ ਹੋਏ ਹਨ। ਇਨ੍ਹਾਂ ਦੋ ਸਾਲਾਂ ਵਿੱਚ ਤਾਮਿਲਨਾਡੂ ਵਿੱਚ ਵਿਜੈ ਦੀ ਪਾਰਟੀ ਬਹੁਮਤ ਹਾਸਲ ਕਰਨ ਵਿੱਚ ਕਾਮਯਾਬ ਹੋਈ ਹੈ।

### ਆਮ ਆਦਮੀ ਪਾਰਟੀ

ਆਮ ਆਦਮੀ ਪਾਰਟੀ ਦਾ ਗਠਨ 'ਇੰਡੀਆ ਅਗੇਂਸਟ ਕਰਪਸ਼ਨ' ਵਿੱਚੋਂ ਹੋਇਆ। ਸਾਲ 2011 ਵਿੱਚ ਵੱਖ-ਵੱਖ ਪਿਛੋਕੜ ਵਾਲੇ ਕਾਰਕੁਨਾਂ ਦਾ ਇੱਕ ਸਮੂਹ ਇਕੱਠਾ ਹੋਇਆ ਅਤੇ ਜਨ ਲੋਕਪਾਲ ਬਿੱਲ ਨੂੰ ਲਾਗੂ ਕਰਨ ਦੀ ਮੰਗ ਕੀਤੀ। ਸਮਾਜਿਕ ਕਾਰਕੁਨ ਅੰਨਾ ਹਜ਼ਾਰੇ ਦੀ ਅਗਵਾਈ ਵਿੱਚ, ਦੇਸ਼ ਦੇ ਕਈ ਸਥਾਨਾਂ 'ਤੇ ਹਜ਼ਾਰਾਂ ਲੋਕ ਤਿੰਨ ਵੱਖ-ਵੱਖ ਮੌਕਿਆਂ 'ਤੇ ਅਨਸ਼ਨ 'ਤੇ ਬੈਠੇ, ਤਾਂ ਜੋ ਜਨ ਲੋਕਪਾਲ ਬਿੱਲ ਲਈ ਸਮਰਥਨ ਵਧਾਇਆ ਜਾ ਸਕੇ ਅਤੇ ਸਰਕਾਰ 'ਤੇ ਦਬਾਅ ਬਣਾਇਆ ਜਾ ਸਕੇ। ਪਰ ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ, ਸੰਸਦ ਨੇ ਜਨ ਲੋਕਪਾਲ ਪਾਸ ਨਹੀਂ ਕੀਤਾ। ਇਸੇ ਦੌਰਾਨ, ਇੰਡੀਆ ਅਗੇਂਸਟ ਕਰਪਸ਼ਨ ਦੇ ਇੱਕ ਹਿੱਸੇ ਨੇ, ਜਿਸ ਦੀ ਅਗਵਾਈ ਅਰਵਿੰਦ ਕੇਜਰੀਵਾਲ ਕਰ ਰਹੇ ਸਨ, ਇਹ ਫ਼ੈਸਲਾ ਕੀਤਾ ਕਿ ਭ੍ਰਿਸ਼ਟਾਚਾਰ ਤੋਂ ਦੇਸ਼ ਨੂੰ ਛੁਟਕਾਰਾ ਦਿਵਾਉਣ ਦਾ ਇਕੱਲਾ ਤਰੀਕਾ ਰਾਜਨੀਤੀ ਵਿੱਚ ਦਾਖਲ ਹੋਣਾ ਹੈ। ਇਸ ਤਰ੍ਹਾਂ 2012 ਵਿੱਚ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਤੋਂ ਇੱਕ ਨਵੀਂ ਰਾਜਨੀਤਕ ਪਾਰਟੀ ਦੀ ਸ਼ੁਰੂਆਤ ਹੋਈ ਜਿਸ ਦਾ ਨਾਮ 'ਆਮ ਆਦਮੀ ਪਾਰਟੀ' ਰੱਖਿਆ ਗਿਆ। ਆਮ ਆਦਮੀ ਪਾਰਟੀ ਨੇ ਪਹਿਲੀ ਚੋਣ 2013 ਵਿੱਚ ਲੜੀ ਤੇ ਕਾਂਗਰਸ ਨਾਲ ਮਿਲ ਕੇ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ। ਪਹਿਲੀ ਵਾਰ ਅਰਵਿੰਦ ਕੇਜਰੀਵਾਲ ਆਮ ਆਦਮੀ ਪਾਰਟੀ ਵੱਲੋਂ ਮੁੱਖ ਮੰਤਰੀ ਬਣੇ। ਪਰ ਇਹ ਸਰਕਾਰ 49 ਦਿਨ ਹੀ ਚੱਲ ਸਕੀ ਸੀ। ਫਿਰ 2015 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਿੱਲੀ ਦੀਆਂ 70 ਸੀਟਾਂ ਵਿੱਚੋਂ 67 ਸੀਟਾਂ ਜਿੱਤਣ ਵਿੱਚ ਕਾਮਯਾਬ ਰਹੀ। ਸਾਲ 2020 ਵਿੱਚ ਫਿਰ 62 ਸੀਟਾਂ ਨਾਲ ਦੁਬਾਰਾ ਸਰਕਾਰ ਬਣਾਉਣ ਵਿੱਚ ਆਮ ਆਦਮੀ ਪਾਰਟੀ ਕਾਮਯਾਬ ਰਹੀ। ਪੰਜਾਬ ਵਿੱਚ 2022 ਵਿੱਚ 92 ਸੀਟਾਂ ਨਾਲ ਆਮ ਆਦਮੀ ਪਾਰਟੀ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਈ। 2023 ਵਿੱਚ ਆਮ ਆਦਮੀ ਪਾਰਟੀ ਨੂੰ ਨੈਸ਼ਨਲ ਪਾਰਟੀ ਦਾ ਵੀ ਦਰਜਾ ਮਿਲ ਗਿਆ।

### ਤੇਲਗੂ ਦੇਸਮ ਪਾਰਟੀ

ਤੇਲਗੂ ਦੇਸਮ ਪਾਰਟੀ ਦੀ ਸਥਾਪਨਾ 1982 ਵਿੱਚ ਹੋਈ ਸੀ। ਇਸ ਨੂੰ ਟੀਡੀਪੀ ਵੀ ਕਿਹਾ ਜਾਂਦਾ ਹੈ। ਇਸ ਪਾਰਟੀ ਨੂੰ ਪ੍ਰਸਿੱਧ ਅਦਾਕਾਰ ਅਤੇ ਆਗੂ ਐਨਟੀ ਰਾਮਾ ਰਾਓ ਨੇ ਬਣਾਇਆ ਸੀ। ਇਹ ਆਂਧਰਾ ਪ੍ਰਦੇਸ਼ ਦੀ ਖੇਤਰੀ ਪਾਰਟੀ ਹੈ। ਇਸ ਪਾਰਟੀ ਦਾ ਗਠਨ ਸੂਬੇ ਵਿੱਚ ਲੰਬੇ ਸਮੇਂ ਤੋਂ ਰਾਜ ਕਰ ਰਹੀ ਕਾਂਗਰਸ ਨੂੰ ਹਰਾਉਣ ਲਈ ਕੀਤਾ ਗਿਆ ਸੀ। ਖਾਸ ਗੱਲ ਇਹ ਹੈ ਕਿ 1982 ਵਿੱਚ ਪਾਰਟੀ ਦਾ ਗਠਨ ਹੋਣ ਤੋਂ ਕੁਝ ਮਹੀਨਿਆਂ ਬਾਅਦ ਹੀ ਪਾਰਟੀ ਸੱਤਾ ਵਿੱਚ ਆ ਗਈ। ਸਾਲ 1983 ਵਿੱਚ ਐਨਟੀ ਰਾਮਾ ਰਾਓ ਆਂਧ੍ਰਾ ਪ੍ਰਦੇਸ਼ ਦੇ ਮੁੱਖ ਮੰਤਰੀ ਬਣੇ ਸਨ। ਅੱਜ ਕੱਲ੍ਹ ਟੀਡੀਪੀ ਦੇ ਆਗੂ ਚੰਦਰਬਾਬੂ ਨਾਇਡੂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਹਨ ਅਤੇ ਪਾਰਟੀ ਦਾ ਐਨਡੀਏ ਨਾਲ ਗਠਜੋੜ ਹੈ।

### ਅਸੋਮ ਗਾਨਾ ਪ੍ਰੀਸ਼ਦ

ਅਸੋਮ ਗਾਨਾ ਪ੍ਰੀਸ਼ਦ ਅਸਮ ਦੀ ਖੇਤਰੀ ਪਾਰਟੀ ਹੈ। ਇਸ ਦਾ ਗਠਨ 1985 ਵਿੱਚ ਹੋਇਆ ਸੀ। ਇਹ ਇੱਕ ਅਜਿਹੀ ਪਾਰਟੀ ਹੈ ਜਿਸ ਦਾ ਗਠਨ ਹੋਣ ਦੇ ਕੁਝ ਮਹੀਨਿਆਂ ਬਾਅਦ ਹੀ ਸੱਤਾ ਵਿੱਚ ਆ ਗਈ ਸੀ। ਇਸ ਪਾਰਟੀ ਦਾ ਜਨਮ ਅਸਾਮ ਵਿੱਚ ਹੋਏ ਅੰਦੋਲਨ ਵਿੱਚੋਂ ਹੋਇਆ ਸੀ। 1979 ਅਤੇ 1985 ਦੇ ਵਿਚਕਾਰ ਹੋਏ ਅਸਾਮ ਅੰਦੋਲਨ ਨੇ ਪੂਰੇ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਇਸ ਵਿਸ਼ਾਲ ਅੰਦੋਲਨ ਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਲਈ ਅਸਮਿਆ ਭਾਈਚਾਰੇ ਦੇ ਬਹੁਤ ਸਾਰੇ ਮੈਂਬਰਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ। ਇਸ ਸਮੇਂ ਦੌਰਾਨ, 855 ਪ੍ਰਦਰਸ਼ਨਕਾਰੀ ਮਾਰੇ ਗਏ ਸਨ। ਆਜ਼ਾਦੀ ਤੋਂ ਬਾਅਦ, ਅਸਮ ਦੇ ਇਤਿਹਾਸ ਵਿੱਚ ਕਦੇ ਵੀ ਇੰਨੀ ਵੱਡੀ ਲਹਿਰ ਨਹੀਂ ਹੋਈ। ਅੰਦੋਲਨ ਦੇ ਆਗੂਆਂ ਵੱਲੋਂ ਹੀ ਅਸੋਮ ਗਾਨਾ ਪ੍ਰੀਸ਼ਦ (ਏਜੀਪੀ) ਦੀ ਸਥਾਪਨਾ ਕੀਤੀ ਗਈ ਸੀ। 1985 ਵਿੱਚ ਪ੍ਰਫੁੱਲ ਕੁਮਾਰ ਮਹੰਤਾ ਮੁੱਖ ਮੰਤਰੀ ਬਣੇ ਸਨ।

### ਅਕਾਲੀ ਦਲ (ਮਾਨ)

ਇਸੇ ਤਰੀਕੇ ਨਾਲ ਪੰਜਾਬ ਵਿੱਚ ਵੀ 90 ਦੇ ਦਹਾਕੇ ਦੌਰਾਨ ਸਿਮਰਨਜੀਤ ਸਿੰਘ ਮਾਨ ਦੇ ਰਾਜਨੀਤਕ ਧਿਰ ਦਾ ਉਭਾਰ ਹੋਇਆ ਸੀ। ਸਿਮਰਨਜੀਤ ਸਿੰਘ ਮਾਨ ਸਾਬਕਾ ਆਈਪੀਐੱਸ ਅਧਿਕਾਰੀ ਹਨ ਅਤੇ 1984 ਵਿੱਚ ਆਪ੍ਰੇਸ਼ਨ ਬਲੂ ਸਟਾਰ ਤੋਂ ਬਾਅਦ ਉਹਨਾਂ ਨੇ ਆਪਣੀ ਨੌਕਰੀ ਛੱਡ ਦਿੱਤੀ ਅਤੇ ਸਿੱਖ ਰਾਜਨੀਤੀ ਵਿੱਚ ਸਰਗਰਮ ਹੋ ਗਏ। ਉਨ੍ਹਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਅਤੇ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰੱਖਿਆ ਗਿਆ। ਇਸੇ ਦੌਰਾਨ ਉਨ੍ਹਾਂ ਨੇ ਅਕਾਲੀ ਦਲ ਤੋਂ ਵੱਖਰੀ ਧਿਰ ਬਣਾਈ, ਜਿਸ ਨੂੰ ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਜਾਂ ਅਕਾਲੀ ਦਲ (ਮਾਨ) ਕਿਹਾ ਗਿਆ। 1989 ਦੀਆਂ ਲੋਕ ਸਭਾ ਚੋਣਾਂ ਇਸ ਧੜੇ ਲਈ ਇਤਿਹਾਸਕ ਰਹੀਆਂ। ਜੇਲ੍ਹ ਵਿੱਚ ਹੀ ਸਿਮਰਨਜੀਤ ਸਿੰਘ ਮਾਨ ਨੇ ਤਰਨ ਤਾਰਨ ਤੋਂ ਭਾਰੀ ਬਹੁਮਤ ਨਾਲ ਜਿੱਤ ਹਾਸਲ ਕੀਤੀ। ਉਨ੍ਹਾਂ ਦੀ ਪਾਰਟੀ ਨੇ 6 ਸੀਟਾਂ ਆਪਣੇ ਟਿਕਟ 'ਤੇ ਜਿੱਤੀਆਂ ਅਤੇ ਹੋਰ ਉਮੀਦਵਾਰਾਂ ਨੂੰ ਸਮਰਥਨ ਦੇ ਕੇ ਪੰਜਾਬ ਦੀਆਂ 13 ਵਿੱਚੋਂ ਕੁੱਲ 9-10 ਸੀਟਾਂ ਪ੍ਰਭਾਵਿਤ ਕੀਤੀਆਂ। ਇਸ ਤੇਜ਼ ਉਭਾਰ ਦਾ ਮੁੱਖ ਕਾਰਨ ਉਸ ਵੇਲੇ ਦੇ ਰਾਜਨੀਤਕ ਹਾਲਾਤ ਅਤੇ ਆਪ੍ਰੇਸ਼ਨ ਬਲੈਕ ਥੰਡਰ ਸੀ। ਲੋਕਾਂ ਨੇ ਇਸ ਨਵੀਂ ਧਿਰ ਨੂੰ ਮੁੱਖ ਰਾਜਨੀਤੀਕ ਪਾਰਟੀਆਂ ਤੋਂ ਵੱਖਰੀ ਧਿਰ ਵਜੋਂ ਵੇਖਿਆ। ਇੱਕ ਨਵੀਂ ਪਾਰਟੀ ਲਈ ਇਹ ਅਸਾਧਾਰਨ ਸਫ਼ਲਤਾ ਸੀ, ਜਿਸ ਨੇ ਕੁਝ ਹੀ ਸਾਲਾਂ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਆਪਣੀ ਪਹਿਚਾਣ ਬਣਾਈ। ਬਾਅਦ ਵਿੱਚ ਇਸ ਦਾ 1994 ਵਿੱਚ ਰਸਮੀ ਗਠਨ ਹੋਇਆ, ਪਰ 1989 ਵਾਲੀ ਜਿੱਤ ਇਸ ਦਾ ਸਭ ਤੋਂ ਚੰਗਾ ਸਮਾਂ ਸੀ

### ਸਿੱਕਮ ਕ੍ਰਾਂਤੀਕਾਰੀ ਮੋਰਚਾ

ਸਿੱਕਮ ਕ੍ਰਾਂਤੀਕਾਰੀ ਮੋਰਚਾ ਦੀ ਸਥਾਪਨਾ 2013 ਵਿੱਚ ਹੋਈ ਸੀ। ਪ੍ਰੇਮ ਸਿੰਘ ਤਮਾਂਗ ਇਸ ਦੇ ਫਾਊਂਡਰ ਮੈਂਬਰ ਸਨ। ਅਸਲ ਵਿੱਚ ਪ੍ਰੇਮ ਸਿੰਘ ਪਹਿਲਾਂ ਸਿੱਕਮ ਡੈਮੋਕਰੇਟਿਕ ਫਰੰਟ ਵਿੱਚ ਸਨ, ਉਨ੍ਹਾਂ ਨੇ ਅਲੱਗ ਹੋ ਕੇ ਵੱਖਰੀ ਪਾਰਟੀ ਬਣਾਉਣ ਦਾ ਫੈਸਲਾ ਕੀਤਾ ਸੀ। ਹਾਲਾਂਕਿ ਇਸ ਪਾਰਟੀ ਨੂੰ ਜਲਦ ਸਫ਼ਲਤਾ ਨਹੀਂ ਮਿਲੀ ਸੀ। ਇਸ ਪਾਰਟੀ ਦੀ ਸਰਕਾਰ 2019 ਵਿੱਚ ਬਣੀ ਸੀ। ਪ੍ਰੇਮ ਸਿੰਘ ਤਮਾਂਗ ਹੀ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ। ਪਹਿਲੀ ਚੋਣ ਪਾਰਟੀ ਨੇ 2014 ਵਿੱਚ ਲੜੀ ਤੇ ਮੁੱਖ ਵਿਰੋਧੀ ਧਿਰ ਬਣਨ ਵਿੱਚ ਜ਼ਰੂਰ ਕਾਮਯਾਬੀ ਹਾਸਲ ਕੀਤੀ ਸੀ। ਇਹ ਪਾਰਟੀ ਹੁਣ ਕੇਂਦਰ ਵਿੱਚ ਐੱਨਡੀਏ ਦਾ ਸਮੱਰਥਨ ਕਰਦੀ ਹੈ।

### ਨਵੀਆਂ ਪਾਰਟੀਆਂ 'ਤੇ ਲੋਕ ਕਿਉਂ ਕਰਦੇ ਨੇ ਭਰੋਸਾ ?

ਲੋਕ ਨਵੀਆਂ ਪਾਰਟੀਆਂ ਉੱਤੇ ਕਈ ਵਾਰ ਭਰੋਸਾ ਕਿਉਂ ਕਰਦੇ ਹਨ, ਇਸ ਦੇ ਜਵਾਬ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਜਗਰੂਪ ਸਿੰਘ ਸੇਖੋਂ ਕਹਿੰਦੇ ਹਨ ਕਿ ਨਵੀਂ ਪਾਰਟੀ ਨੂੰ ਮੌਕੇ ਦੇਣ ਪਿੱਛੇ ਇੱਕ ਕਾਰਨ ਇਹ ਵੀ ਹੁੰਦੇ ਹਨ ਕਿ ਲੋਕ ਅੱਜ ਕੱਲ੍ਹ ਨਵੇਂ ਤਜਰਬੇ ਕਰਨ ਬਾਰੇ ਸੋਚਦੇ ਹਨ।"ਭਾਵ ਲੋਕ ਸੋਚਦੇ ਹਨ ਕਿ ਪੁਰਾਣੀਆਂ ਪਾਰਟੀਆਂ ਤੋਂ ਤਾਂ ਕੁਝ ਬਣਿਆ ਨਹੀਂ ਹੁਣ ਨਵੀਂ ਪਾਰਟੀ ਨੂੰ ਮੌਕਾ ਦਿੱਤਾ ਜਾਵੇ। ਹਾਲਾਂਕਿ ਜਗਰੂਪ ਸੇਖੋਂ ਕਹਿੰਦੇ ਹਨ, ਲੋਕ ਅੱਜ ਇਹ ਘੱਟ ਸੋਚਦੇ ਹਨ ਕਿ ਜਿਸ ਪਾਰਟੀ ਨੂੰ ਉਹ ਵੋਟ ਦੇਣ ਬਾਰੇ ਸੋਚਦੇ ਹਨ ਉਸਦਾ ਢਾਂਚਾ ਹੈ ਵੀ ਜਾਂ ਨਹੀਂ। ਉਹ ਉਦਾਹਰਣ ਦੇ ਤੌਰ 'ਤੇ ਕਹਿੰਦੇ ਹਨ ਕਿ ਜਿਵੇਂ ਤਾਮਿਲਨਾਡੂ ਵਿੱਚ ਵਿਜੈ ਦੀ ਪਾਰਟੀ ਹੈ। ਉਹ ਅਜੇ ਦੋ ਸਾਲ ਪਹਿਲਾਂ ਹੋਂਦ ਵਿੱਚ ਆਈ ਹੈ ਤੇ ਉਸਦਾ ਕੋਈ ਢਾਂਚਾ ਵਿਕਸਤ ਨਹੀਂ ਹੋ ਸਕਿਆ। ਜਗਰੂਪ ਸੇਖੋਂ ਕਹਿੰਦੇ ਹਨ, ਕਿ ਪਾਰਲੀਮੈਂਟਰੀ ਸਿਸਟਮ ਵਿੱਚ ਪਾਰਟੀ ਦਾ ਤਕੜਾ ਹੋਣਾ ਬਹੁਤ ਜ਼ਰੂਰੀ ਹੈ। ਉਹ ਆਖਦੇ ਹਨ, ਭਾਜਪਾ ਕੋਲ ਅੱਜ ਸਭ ਕੁਝ ਹੈ।

# Preetnama

Khara Sach

# ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 352 | Website: www.preetnama.com Email preetnamausa@gmail.com | 08 MAY TO 14 MAY, 2026


# ਪੰਜਾਬ ਵਿੱਚ ਹੋਰ ਪਾਰਟੀਆਂ ਦੇ ਵੱਡੇ ਚਿਹਰੇ ਸ਼ਾਮਲ ਹੋਣ ਨਾਲ ਕੀ ਭਾਜਪਾ ਨੂੰ ਫਾਇਦਾ ਹੋਇਆ ਹੈ



ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਬੀਜੇਪੀ ਪ੍ਰਤੀ ਵੱਡਾ ਰੋਹ ਸੀ, ਪਰ ਬਾਵਜੂਦ ਇਸ ਦੇ ਚੋਣਾਂ ਦੇ ਕੁਝ ਸਮਾਂ ਬਾਅਦ ਤੋਂ ਲਗਾਤਾਰ ਹੋਰਨਾਂ ਪਾਰਟੀਆਂ ਦੇ ਲੀਡਰਾਂ ਦਾ ਬੀਜੇਪੀ ਵਿੱਚ ਸ਼ਾਮਲ ਹੋਣ ਦਾ ਸਿਲਸਿਲਾ ਤੁਰਿਆ। ਉਂਝ ਤਾਂ ਪੰਜਾਬ ਵਿੱਚ ਬੀਜੇਪੀ ਦੀ ਸਿਆਸੀ ਜ਼ਮੀਨ ਪਹਿਲਾਂ ਵੀ ਬਹੁਤੀ ਮਜ਼ਬੂਤ ਨਹੀਂ ਸੀ, ਪਰ ਕੇਂਦਰ ਵਿੱਚ ਬੀਜੇਪੀ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਨੇ ਉਸ ਵੇਲੇ ਪੰਜਾਬ ਵਿੱਚ ਬੀਜੇਪੀ ਦੇ ਅਧਾਰ ਨੂੰ ਹੋਰ ਖੋਰਾ ਲਗਾਇਆ। ਦਿੱਲੀ ਦੇ ਬਾਰਡਰਾਂ 'ਤੇ ਤਕਰੀਬਨ ਇੱਕ ਸਾਲ ਤੋਂ ਵੱਧ ਸਮੇਂ ਤੱਕ ਲੱਗੇ ਕਿਸਾਨੀ ਮੋਰਚੇ ਦੇ ਦਬਾਅ ਵਿੱਚ ਤਿੰਨ ਖੇਤੀਬਾੜੀ ਕਾਨੂੰਨ ਵਾਪਸ ਲੈ ਲਏ ਗਏ ਸਨ, ਪਰ ਪੰਜਾਬ ਦੇ ਲੋਕਾਂ ਦੇ ਦਿਲ ਵਿੱਚ ਬੀਜੇਪੀ ਲਈ ਹਮਦਰਦੀ ਨਹੀਂ ਬਣ ਸਕੀ ਸੀ। ਇਨ੍ਹਾਂ ਕਾਨੂੰਨਾਂ ਕਰਕੇ ਪਿਆ 'ਰੱਫੜ' ਹੀ ਸ਼ ?ਰੋਮਣੀ ਅਕਾਲੀ ਦਲ ਦੇ ਬੀਜੇਪੀ ਨਾਲੋਂ ਗਠਜੋੜ ਤੋੜਨ ਪਿਛਲੀ ਮਜਬੂਰੀ ਬਣਿਆ। ਪੰਜਾਬ ਵਿੱਚ ਬੀਜੇਪੀ ਪ੍ਰਤੀ ਗੁੱਸੇ ਦੀ ਭਾਵਨਾ ਦੇ ਬਾਵਜੂਦ ਸੂਬੇ ਦੀਆਂ ਹੋਰ ਸਿਆਸੀ ਪਾਰਟੀਆਂ ਤੋਂ ਨਾਮੀ ਚਿਹਰੇ ਬੀਜੇਪੀ ਵਿੱਚ ਸ਼ਾਮਲ ਹੋਏ।

**ਕਿਹੜੇ ਨਾਮੀ ਚਿਹਰੇ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਹੁਣ ਤੱਕ ਭਾਜਪਾ ਵਿੱਚ ਸ਼ਾਮਲ ਹੋਏ ?**

ਇਨ੍ਹਾਂ ਲੀਡਰਾਂ ਵਿੱਚ ਸਭ ਤੋਂ ਵੱਡਾ ਨਾਮ ਕੈਪਟਨ ਅਮਰਿੰਦਰ ਸਿੰਘ ਦਾ ਆਉਂਦਾ ਹੈ। ਉਨ੍ਹਾਂ ਨੇ ਕਾਂਗਰਸ ਹਾਈਕਮਾਂਡ ਨਾਲ ਚੱਲ ਰਹੇ ਵਿਵਾਦ ਅਤੇ ਪਾਰਟੀ ਵਿੱਚ ਉਨ੍ਹਾਂ ਖ਼ ?ਲਾਫ਼ ਉੱਠ ਰਹੀਆਂ ਵਿਰੋਧੀ ਸੁਰਾਂ ਕਾਰਨ ਸਤੰਬਰ 2021 ਵਿੱਚ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਕਾਂਗਰਸ ਛੱਡ ਕੇ ਪਹਿਲਾਂ ਉਨ੍ਹਾਂ ਨੇ ਆਪਣੀ ਵੱਖਰੀ ਪਾਰਟੀ ਪੰਜਾਬ ਲੋਕ ਕਾਂਗਰਸ ਬਣਾਈ ਸੀ ਅਤੇ ਬਾਅਦ ਵਿੱਚ ਸਤੰਬਰ 2022 'ਚ ਬੀਜੇਪੀ ਨਾਲ ਜਾ ਰਲ ?। ਕੈਪਟਨ ਨੇ ਬੀਜੇਪੀ ਨਾਲ ਰਲ ?ਣ ਪਿੱਛੇ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦਿੱਤਾ ਸੀ। ਸੁਨੀਲ ਜਾਖੜ ਮਈ 2022 ਵਿੱਚ ਕਾਂਗਰਸ ਦਾ ਲੰਬੇ ਸਮੇਂ ਦਾ ਸਾਥ ਛੱਡ ਕੇ ਬੀਜੇਪੀ ਵਿੱਚ ਗਏ ਸਨ। ਉਨ੍ਹਾਂ ਦੇ ਬੀਜੇਪੀ ਵਿੱਚ ਜਾਣ ਦੇ ਕਾਰਨਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫੇ ਤੋਂ ਬਾਅਦ ਮਜ਼ਬੂਤ ਦਾਅਵੇਦਾਰੀ ਦੇ ਬਾਵਜੂਦ ਉਨ੍ਹਾਂ ਦੀ ਬਜਾਏ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣਾ ਮੰਨਿਆ ਗਿਆ। ਜਾਖੜ ਨੇ ਕਾਂਗਰਸ ਹਾਈਕਮਾਂਡ ਨਾਲ ਨਰਾਜ਼ਗੀ ਜ਼ਾਹਿਰ ਕਰਦਿਆਂ ਧਰਮ ਤੇ ਜਾਤੀਵਾਦੀ ਸਿਆਸਤ ਦਾ ਇਲਜ਼ਾਮ ਲਗਾਇਆ ਸੀ। ਉਨ੍ਹਾਂ ਨੇ ਸਵਾਲ ਚੁੱਕਿਆ ਸੀ ਕਿ ਕੋਈ ਹਿੰਦੂ ਪੰਜਾਬ ਦਾ ਮੁੱਖ ਮੰਤਰੀ ਕਿਉਂ ਨਹੀਂ ਬਣ ਸਕਦਾ ? ਨਾਲ ਹੀ ਰਾਸ਼ਟਰਵਾਦੀ ਹਿੱਤਾਂ ਦਾ ਹਵਾਲਾ ਦਿੰਦਿਆਂ ਬੀਜੇਪੀ ਨੂੰ ਖ਼ੁਦ ਲਈ ਸਹੀ ਪਾਰਟੀ ਕਰਾਰ ਦਿੱਤਾ ਸੀ। ਹੁਣ ਸੁਨੀਲ ਜਾਖੜ ਪੰਜਾਬ ਬੀਜੇਪੀ ਦੇ ਪ੍ਰਧਾਨ ਹਨ। ਰਵਨੀਤ ਸਿੰਘ ਬਿੱਟੂ, ਮਾਰਚ 2024 ਵਿੱਚ ਬੀਜੇਪੀ 'ਚ ਸ਼ਾਮਲ ਹੋਏ। ਉਨ੍ਹਾਂ ਦੇ ਕਾਂਗਰਸ ਛੱਡਣ ਦਾ ਕਾਰਨ ਕਾਂਗਰਸ ਦਾ ਅੰਦਰੂਨੀ ਕਲੇਸ਼ ਦੱਸਿਆ ਗਿਆ ਅਤੇ ਬਿੱਟੂ ਨੇ ਰਾਸ਼ਟਰਵਾਦ ਅਤੇ ਸ਼ਾਂਤੀ ਬਹਾਲੀ ਲਈ ਬੀਜੇਪੀ ਨੂੰ ਸਹੀ






ਮੰਚ ਦੱਸਿਆ। ਬੀਜੇਪੀ ਨੇ ਬਿੱਟੂ ਨੂੰ ਰਾਜਸਥਾਨ ਤੋਂ ਰਾਜ ਸਭਾ ਮੈਂਬਰ ਬਣਾ ਕੇ ਕੇਂਦਰੀ ਰਾਜ ਮੰਤਰੀ ਵੀ ਬਣਾਇਆ। ਇੱਕ ਹੋਰ ਵੱਡਾ ਚਿਹਰਾ ਮਨਪ੍ਰੀਤ ਸਿੰਘ ਬਾਦਲ ਹਨ ਜੋ 2023 ਵਿੱਚ ਕਾਂਗਰਸ ਛੱਡ ਕੇ ਬੀਜੇਪੀ ਵਿੱਚ ਗਏ। ਬਠਿੰਡਾ ਤੋਂ ਸਾਬਕਾ ਵਿਧਾਇਕ ਅਤੇ ਸ਼ ?ਰੋਮਣੀ ਅਕਾਲੀ ਦਲ ਦੇ ਪੁਰਾਣੇ ਸਿਪਾਹੀ ਸਰੂਪ ਚੰਦ ਸਿੰਗਲਾ ਵੀ ਬੀਜੇਪੀ ਵਿੱਚ ਸ਼ਾਮਲ ਹੋਣ ਵਾਲੇ ਚਿਹਰਿਆਂ ਵਿੱਚ ਵੱਡਾ ਨਾਮ ਹਨ, ਜੋ ਜੂਨ 2022 ਵਿੱਚ ਭਾਜਪਾ 'ਚ ਸ਼ਾਮਲ ਹੋ ਗਏ ਸਨ। ਇਹ ਕੁਝ ਚੁਣਿੰਦਾ ਨਾਮ ਹਨ, ਪਰ ਕਾਂਗਰਸ ਅਤੇ ਸ਼ ?ਰੋਮਣੀ ਅਕਾਲੀ ਦਲ ਤੋਂ ਬੀਜੇਪੀ ਵਿੱਚ ਸ਼ਾਮਲ ਹੋਏ ਪੰਜਾਬ ਦੇ ਸਿਆਸਤਦਾਨਾਂ ਦੀ ਫ਼ਹਿਰਿਸਤ ਕਾਫ਼ੀ ਲੰਬੀ ਹੈ। ਸਭ ਦੇ ਕਾਰਨ ਵੱਖੋ-ਵੱਖਰੇ ਹਨ। ਹਾਲ ਹੀ ਵਿੱਚ ਬੀਜੇਪੀ ਵਿੱਚ ਸ਼ਾਮਲ ਹੋਣ ਵਾਲੇ ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਵਿੱਚੋਂ ਛੇ- ਰਾਘਵ ਚੱਢਾ, ਹਰਭਜਨ ਸਿੰਘ, ਸੰਦੀਪ ਪਾਠਕ, ਅਸ਼ੋਕ ਮਿੱਤਲ, ਵਿਕਰਮਜੀਤ ਸਿੰਘ ਸਾਹਨੀ ਅਤੇ ਰਾਜਿੰਦਰ ਗੁਪਤਾ ਪੰਜਾਬ ਤੋਂ ਚੁਣੇ ਹੋਏ ਮੈਂਬਰ ਸਨ। ਪੰਜਾਬ ਵਿੱਚ ਬੀਜੇਪੀ ਦਾ ਅਧਾਰ ਕਿੰਨਾ ਕੁ ਮਜ਼ਬੂਤ ਕਰ ਸਕੇ ਹੋਰਨਾਂ ਪਾਰਟੀਆਂ ਤੋਂ ਆਏ ਲੀਡਰ ? ਹੁਣ ਤੱਕ ਬੀਜੇਪੀ ਦਾ ਪੰਜਾਬ ਵਿੱਚ ਸਿਆਸੀ ਦਾਇਰਾ ਸ਼ਹਿਰੀ ਅਤੇ ਹਿੰਦੂ ਵੋਟਰਾਂ ਤੱਕ ਦੇਖਿਆ ਜਾਂਦਾ ਸੀ, ਪਰ ਬੀਜੇਪੀ ਲਗਾਤਾਰ ਆਪਣੇ ਦਾਇਰੇ ਨੂੰ ਵਧਾਉਣ ਅਤੇ ਸੂਬੇ ਅੰਦਰ ਆਪਣੇ ਦਮ 'ਤੇ ਖੜ੍ਹੀ ਹੋਣ ਦੀ ਕੋਸ਼ਿਸ਼ ਕਰ ਰਹੀ ਹੈ। ਵਿਸ਼ਲੇਸ਼ਕ ਮੰਨਦੇ ਹਨ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿੱਚ ਬੀਜੇਪੀ 2022 ਦੀਆਂ ਚੋਣਾਂ ਦੇ ਸਮੇਂ ਦੇ ਮੁਕਾਬਲੇ ਵਿੱਚ ਇਸ ਵੇਲੇ ਵੱਧ ਤਕੜੀ ਹੈ। ਵਿਸ਼ਲੇਸ਼ਕਾਂ ਦੀ ਰਾਇ ਇਹ ਵੀ ਹੈ ਕਿ ਬੀਜੇਪੀ ਪ੍ਰਤੀ ਜਿਸ ਤਰ੍ਹਾਂ ਦਾ ਰੋਸ 2022 ਦੀਆਂ ਚੋਣਾਂ ਵੇਲੇ ਸੀ, ਉਹ ਹੁਣ ਨਹੀਂ ਹੈ।

ਕਈਆਂ ਦਾ ਮੰਨਣਾ ਹੈ ਕਿ ਹੋਰਾਂ ਪਾਰਟੀਆਂ ਵਿੱਚੋਂ ਆਏ ਵੱਡੇ ਲੀਡਰਾਂ, ਖਾਸ ਕਰਕੇ ਸਿੱਖ ਚਿਹਰਿਆਂ ਦੇ ਬੀਜੇਪੀ ਵਿੱਚ ਆਉਣ ਨਾਲ ਪਾਰਟੀ ਨੂੰ ਸੂਬੇ ਵਿੱਚ ਫ਼ਾਇਦਾ ਹੋਇਆ ਹੈ। ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਕਹਿੰਦੇ ਹਨ, ÷ਪਹਿਲੀ ਗੱਲ ਤਾਂ ਇਹ ਕਿ ਅਕਾਲੀ ਤੇ ਕਾਂਗਰਸੀ ਆਗੂਆਂ ਵਿੱਚ ਜੋ ਪਹਿਲਾਂ ਬੀਜੇਪੀ ਵਿੱਚ ਜਾਣ ਪ੍ਰਤੀ ਝਿਜਕ ਸੀ, ਉਹ ਹੁਣ ਨਹੀਂ ਰਹੀ। ਦੂਜਾ, ਖਾਸ ਕਰਕੇ ਸਿੱਖ ਹਲਕਿਆਂ ਵਿੱਚ ਮਾਨਸਿਕ ਤੌਰ 'ਤੇ ਉਸ ਤਰ੍ਹਾਂ ਸਵੀਕਾਰਿਆ ਨਹੀਂ ਜਾਂਦਾ ਸੀ, ਪਰ ਹੁਣ ਇਹ ਸਵੀਕ੍ਰਿਤੀ ਵਧੀ ਹੈ।÷ ਕੁਝ ਮਾਹਿਰਾਂ ਦਾ ਮੰਨਣਾ ਇਹ ਹੈ ਕਿ ਬੀਜੇਪੀ ਪੰਜਾਬ ਵਿੱਚ ਪਹਿਲਾਂ ਦੇ ਮੁਕਾਬਲੇ ਮਜ਼ਬੂਤ ਤਾਂ ਹੋਈ, ਪਰ ਇਸ ਵਿੱਚ ਬਾਹਰੀ ਪਾਰਟੀਆਂ ਤੋਂ ਆਏ ਲੀਡਰਾਂ ਦਾ ਕੋਈ ਬਹੁਤਾ ਯੋਗਦਾਨ ਨਹੀਂ ਬਲਕਿ ਬੀਜੇਪੀ ਦੀ ਰਣਨੀਤੀ ਹੈ।

ਰਾਜਨੀਤੀ ਸ਼ਾਸਤਰ ਦੇ ਮਾਹਿਰ, ਪ੍ਰੋਫ਼ੈਸਰ ਮੁਹੰਮਦ ਖਾਲਿਦ ਮੁਤਾਬਕ, ਬੀਜੇਪੀ ਪਿਛਲੇ ਪੰਜ ਸਾਲ ਤੋਂ ਪੂਰੀ ਵਾਹ ਲਗਾ ਰਹੀ ਹੈ ਕਿ ਖ਼ੁਦ ਨੂੰ ਪੰਜਾਬ ਦੇ ਅਨੁਕੂਲ ਕਰ ਲਵੇ। ਇਸ ਲਈ ਪਾਰਟੀ ਨੇ ਕਈ ਪਹਿਲੂਆਂ 'ਤੇ ਕੰਮ ਕੀਤਾ ਹੈ ਜਿਸ ਵਿੱਚ ਸਿੱਖ ਚਿਹਰਿਆਂ ਸਮੇਤ ਦੂਜੀਆਂ ਪਾਰਟੀਆਂ ਤੋਂ ਵੱਡੇ ਲੀਡਰ ਬੀਜੇਪੀ ਵਿੱਚ ਰਲਾਉਣਾ ਸ਼ਾਮਲ ਹੈ। ਆਉਣ ਵਾਲੇ ਸਮੇਂ ਵਿੱਚ ਦੂਜੀਆਂ ਪਾਰਟੀਆਂ ਤੋਂ ਲੀਡਰਾਂ ਦਾ ਬੀਜੇਪੀ ਵਿੱਚ ਆਉਣਾ ਹੋਰ ਵਧਣ ਦੀ ਸੰਭਾਵਨਾ ਵੀ ਖਾਲਿਦ ਨੇ ਜਤਾਈ। ਖਾਲਿਦ ਕਹਿੰਦੇ ਹਨ, ÷ਜੇ ਅਸੀਂ ਕਹੀਏ ਕਿ ਜਨ ਅਧਾਰ ਵਧਿਆ ਹੈ, ਤਾਂ ਓਨਾ ਨਹੀਂ ਜਿੰਨਾ ਬੀਜੇਪੀ ਉਮੀਦ ਕਰ ਰਹੀ ਹੈ।ਪਰ ਪਹਿਲਾਂ ਨਾਲੋਂ ਵਧਿਆ ਹੈ, ਇਸ ਵਿੱਚ ਕੋਈ ਸ਼ੱਕ ਨਹੀਂ। ਬੀਜੇਪੀ ਪੰਜਾਬ ਵਿੱਚ ਖ਼ੁਦ ਨੂੰ ਲੀਡਿੰਗ ਪਾਰਟੀ ਬਣਾਉਣ ਲਈ ਵਾਹ ਲਗਾ ਰਹੀ ਹੈ ਅਤੇ ਬਣ ਵੀ ਸਕਦੀ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਬੀਜੇਪੀ ਪੰਜਾਬ ਦੀ ਅਗਲੀ ਚੋਣ ਤੱਕੜੀ ਹੋਕੇ ਲੜੇਗੀ।÷ ਪਰ ਮੁਹੰਮਦ ਖਾਲਿਦ ਬੀਜੇਪੀ ਦੀ ਖੁਦ ਨੂੰ ਸਿੱਖ ਹਿਤੈਸ਼ੀ ਦਿਖਾਉਣ ਦੀਆਂ ਕੋਸ਼ਿਸ਼ਾਂ, ਡੇਰਿਆਂ ਜ਼ਰੀਏ ਐੱਸਸੀ ਭਾਈਚਾਰੇ ਦੇ ਧਰੁਵੀਕਰਨ, ਕੇਂਦਰ ਤੇ ਪੰਜਾਬ ਵਿੱਚ ਇੱਕੋ ਸਰਕਾਰ ਹੋਣ ਦੇ ਫਾਇਦੇ ਮਿਲਣ ਦੇ ਦਾਅਵਿਆਂ ਨੂੰ ਬੀਜੇਪੀ ਦੀ ਪੰਜਾਬ ਵਿੱਚ ਪ੍ਰਵਾਨਗੀ ਵਧਣ ਦੇ ਕਾਰਨ ਦੱਸਦੇ ਹਨ।ਸਿਆਸੀ ਮਾਮਲਿਆਂ ਦੇ ਮਾਹਿਰ ਜਗਰੂਪ ਸਿੰਘ ਸੇਖੋਂ ਵੀ ਇਹ ਮੰਨਦੇ ਹਨ ਕਿ ਬੀਜੇਪੀ ਦੀ ਸਿਆਸਤ ਦੇ ਕੇਂਦਰ ਵਿੱਚ ਦਲਿਤ, ਓਬੀਸੀ, ਡੇਰੇ, ਗੈਰ-ਕਿਸਾਨੀ ਸੰਗਠਨ, ਪੇਂਡੂ ਤੇ ਸ਼ਹਿਰੀ ਲੋਕ ਸ਼ਾਮਲ ਹੈ। ਉਨ੍ਹਾਂ ਕਿਹਾ, ÷ਬੀਜੇਪੀ ਪੰਜਾਬ ਦੀਆਂ 2027 ਦੀਆਂ ਚੋਣਾਂ ਵਿੱਚ ਆਪਣੀ ਸਿਆਸੀ ਮਹੱਤਤਾ ਬਣਾਉਣ ਲਈ ਸਾਰੇ ਉਪਲਬਧ ਸਾਧਨਾਂ ਦੀ ਵਰਤੋਂ ਕਰਦਿਆਂ ਪੂਰੀ ਵਾਹ ਲਗਾ ਰਹੀ ਹੈ। ਜਿਨ੍ਹਾਂ ਲੋਕਾਂ ਨੂੰ ਲੱਗਦਾ ਹੈ ਕਿ ਬੀਜੇਪੀ ਪੰਜਾਬ ਵਿੱਚ ਕਦੇ ਨਹੀਂ ਆ ਸਕਦੀ, ਉਹ ਗਲਤਫ਼ਹਿਮੀ ਵਿੱਚ ਹਨ। ਜਗਰੂਪ ਸਿੰਘ ਸੇਖੋਂ ਕਹਿੰਦੇ ਹਨ ਕਿ ਹੋਰਾਂ ਪਾਰਟੀਆਂ ਤੋਂ ਵੱਡੇ ਲੀਡਰ ਆਉਣ ਨਾਲ ਬੀਜੇਪੀ ਨੂੰ ਫ਼ਾਇਦਾ ਹੋਇਆ ਹੋਵੇ ਜਾਂ ਨਾ ਹੋਵੇ ਪਰ ਦੂਜੀਆਂ ਪਾਰਟੀਆਂ ਦੀ ਘਟੀ ਭਰੋਸੇਯੋਗਤਾ ਦਾ ਫ਼ਾਇਦਾ ਬੀਜੇਪੀ ਨੂੰ ਜ਼ਰੂਰ ਹੋਇਆ ਹੈ। ਉਹ ਕਹਿੰਦੇ ਹਨ ਕਿ ਸਿਆਸਤ ਵਿੱਚ ਇੱਕ ਥਿਊਰੀ ਹੁੰਦੀ ਹੈ ਜਿਸ ਨੂੰ 'ਜ਼ੀਰੋ ਸਮ ਗੇਮ' ਕਹਿੰਦੇ ਹਨ ਅਤੇ ਬੀਜੇਪੀ ਦਾ ਇਸੇ ਮੁਤਾਬਕ ਫ਼ਾਇਦਾ ਹੋਇਆ ਹੈ। ਇਸ ਥਿਊਰੀ ਦਾ ਮਤਲਬ ਹੈ ਕਿਸੇ ਦਾ ਨੁਕਸਾਨ ਦੂਜੇ ਦਾ ਫਾਇਦਾ। ਜਦੋਂ ਦੂਜੀਆਂ ਪਾਰਟੀਆਂ ਪੱਟੜੀ ਤੋਂ ਲੱਥੀਆਂ ਜਾਪਦੀਆਂ ਹਨ, ਤਾਂ ਲੋਕਾਂ ਕੋਲ ਰਾਹ ਕਿਹੜਾ ਬਚਦਾ ਹੈ ? ਜਗਰੂਪ ਸਿੰਘ ਸੇਖੋਂ ਮੁਤਾਬਕ, ਹੁਣ ਸਿਆਸਤ ਵਿੱਚ ਵਿਚਾਰਧਾਰਾ ਕੋਈ ਬਹੁਤ ਅਹਿਮ ਤੱਤ ਨਹੀਂ ਰਿਹਾ ਹੈ। ਹੁਣ ਕਾਰਪੋਰੇਟ ਵਾਲਾ ਸਿਸਟਮ ਹੈ, ਜਿਸ ਨੂੰ ਜਿੱਥੇ ਫ਼ਾਇਦਾ ਦਿੱਸਦਾ ਹੈ ਜਾਂ ਜਿੱਥੇ ਜਿਸ ਦਾ ਵੱਧ ਮੁੱਲ ਪੈਂਦਾ ਹੈ, ਉੱਧਰ ਤੁਰ ਜਾਂਦਾ ਹੈ। ਜਿੱਥੋਂ ਤੱਕ ਹੋਰ ਪਾਰਟੀਆਂ ਦੇ ਵੱਡੇ ਚਿਹਰਿਆਂ ਦੇ ਬੀਜੇਪੀ ਵਿੱਚ ਸ਼ਾਮਲ ਹੋਣ ਦਾ ਸਵਾਲ ਹੈ, ਸੇਖੋਂ ਕਹਿੰਦੇ ਹਨ ਕਿ ਕਿਸੇ ਵੇਲੇ ਚਿਹਰੇ ਦੇ ਅਧਾਰ 'ਤੇ ਵੋਟ ਪੈਂਦੇ ਸੀ, ਜਿਸ ਨੂੰ 'ਪਰਸਨੈਲਿਟੀ ਕਰੰਟ' ਕਿਹਾ ਜਾਂਦਾ ਸੀ, ਪਰ ਹੁਣ ਉਹ ਨਹੀਂ ਰਿਹਾ।

## ਪੁਰਾਣੇ ਬੀਜੇਪੀ ਲੀਡਰ ਤੇ ਵਰਕਰ ਬਾਹਰੀ ਲੀਡਰਾਂ ਦੇ ਰਲੇਂਵੇਂ ਨੂੰ ਕਿਵੇਂ ਦੇਖਦੇ ਹਨ ?

ਇਹ ਵੀ ਕਈ ਵਾਰ ਸੁਣਨ ਨੂੰ ਮਿਲ ਜਾਂਦਾ ਹੈ ਕਿ ਦੂਜੀਆਂ ਪਾਰਟੀਆਂ ਤੋਂ ਲੀਡਰ ਸ਼ਾਮਲ ਕਰਨ ਨਾਲ ਪਾਰਟੀ ਨਾਲ ਪੁਰਾਣੇ ਸਮੇਂ ਤੋਂ ਜੁੜੇ ਹੋਏ ਲੀਡਰਾਂ ਵਿੱਚ ਨਿਰਾਸ਼ਾ ਹੋ ਸਕਦੀ ਹੈ। ਪਰ ਮਨੋਰੰਜਨ ਕਾਲੀਆ ਨੇ ਕਿਹਾ ਕਿ ਪਾਰਟੀ ਦੀ ਪੁਰਾਣੀ ਲੀਡਰਸ਼ਿਪ ਅਤੇ ਵਰਕਰ ਵੱਡੇ ਦਿਲ ਨਾਲ ਦੂਜੀਆਂ ਪਾਰਟੀਆਂ ਤੋਂ ਆਏ ਲੀਡਰਾਂ ਦਾ ਸੁਆਗਤ ਕਰ ਰਹੇ ਹਨ। ਉਨ੍ਹਾਂ ਵਿੱਚ ਕਿਸੇ ਤਰ੍ਹਾਂ ਦੀ ਨਿਰਾਸ਼ਾ ਦੀ ਭਾਵਨਾ ਨਹੀਂ ਹੈ। ਅਸੀਂ ਬੀਜੇਪੀ ਦੇ ਹੋਰ ਲੀਡਰਾਂ ਨਾਲ ਵੀ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਵਿੱਚੋਂ 2022 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬੀਆਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨ ਵਾਲੇ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਸਿਹਤ ਠੀਕ ਨਾ ਹੋਣ ਕਾਰਨ ਉਹ ਹੁਣ 'ਬਿਆਨ' ਨਹੀਂ ਦਿੰਦੇ। ਪ੍ਰੋਫੈਸਰ ਮੁਹੰਮਦ ਖਾਲਿਦ ਕਹਿੰਦੇ ਹਨ, ÷ਜਦੋਂ ਤੁਸੀਂ ਦੂਜੀਆਂ ਪਾਰਟੀਆਂ 'ਚੋਂ ਪੈਰਾਸ਼ੂਟ ਲੀਡਰ ਲਿਆਉਂਦੇ ਹੋ, ਤਾਂ ਟਕਸਾਲੀ ਕਾਡਰ ਨੂੰ ਨਾਮੋਸ਼ੀ ਜ਼ਰੂਰ ਹੁੰਦੀ ਹੈ। ਕਿਉਂਕਿ ਜਿਹੜੇ ਵੀ ਲੀਡਰ ਬੀਜੇਪੀ ਵਿੱਚ ਹੁਣ ਆਏ ਹਨ ਜਾਂ ਆ ਰਹੇ ਹਨ, ਕਿਸੇ ਵੇਲੇ ਉਨ੍ਹਾਂ ਨੇ ਬੀਜੇਪੀ ਨੂੰ ਰੱਜ ਕੇ ਗਾਲ੍ਹਾਂ ਕੱਢੀਆਂ ਹੋਈਆਂ ਹਨ। ਪਰ ਬੀਜੇਪੀ ਇੱਕ ਕਾਡਰ ਬੇਸ ਪਾਰਟੀ ਹੈ, ਉੱਪਰਲੀ ਲੀਡਰਸ਼ਿਪ ਨੇ ਜੋ ਫ਼ੈਸਲਾ ਕਰ ਦਿੱਤਾ, ਉਸ ਖ਼ ?ਲਾਫ਼ ਤੁਸੀਂ ਨਹੀਂ ਬੋਲ ਸਕਦੇ। ਜਦਕਿ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਮੰਨਦੇ ਹਨ ਕਿ ਬੀਜੇਪੀ ਦੀ ਸੀਨੀਅਰ ਲੀਡਰਸ਼ਿਪ ਇੰਨੀ ਮਜ਼ਬੂਤ ਹੈ ਕਿ ਕਿਸੇ ਕਿਸਮ ਦੇ ਛੋਟੇ-ਮੋਟੇ ਵਿਰੋਧ ਨੂੰ ਬਹੁਤੀ ਤੂਲ ਨਹੀਂ ਮਿਲਦੀ। ਨਾਲ ਹੀ ਉਹ ਕਹਿੰਦੇ ਹਨ, ਬੀਜੇਪੀ ਦਾ ਪੰਜਾਬ ਵਿੱਚ ਕੋਈ ਵੱਡਾ ਨਾਮ ਹੈ ਵੀ ਨਹੀਂ ਇਸ ਵੇਲੇ, ਪੁਰਾਣੇ ਸੀਨੀਅਰ ਲੀਡਰ ਹੁਣ ਕੋਈ ਬਹੁਤੇ ਸਰਗਰਮ ਨਹੀਂ। ਰਹੀ ਗੱਲ ਵਰਕਰਾਂ ਦੀ, ਬਾਹਰੋਂ ਵੱਡੇ ਚਿਹਰੇ ਆ ਕੇ ਜੇ ਪਾਰਟੀ ਨੂੰ ਮਜ਼ਬੂਤ ਕਰਦੇ ਹਨ ਤਾਂ ਪਾਰਟੀ ਵਰਕਰਾਂ ਦਾ ਹੌਂਸਲਾ ਵਧਦਾ ਹੀ ਹੈ।

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 352 | Website: www.preetnama.com Email preetnamausa@gmail.com | 08 MAY TO 14 MAY, 2026



PREETNAMA ਪ੍ਰੀਤਨਾਮਾ ਖਰਾ ਸੱਚ

# Preetnama

PREET NAMA
ONLINE AND PRINT MEDIA KHARA SACH
CHIEF EDITOR : PRITPAL KAUR +1 201-312-4180
Preetnama TV

## is a leading International Media Company.

Publishing a renowned newspaper in three language and operations a prominent TV channel.
With a global reach and diverse audience, Preetnama Provides in dept coverage of Current Events,
News, and Analysis, Catering to a broad spectrum of interests and persp.
Preetnama TV Provides you best services.

**We promote your business worldwide.**
**We promote and do coverage all Kind Events.**



Preetnama
Khara Sach
ਪ੍ਰੀਤਨਾਮਾ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 330 | Website: www.preetnama.com Email preetnamausa@gmail.com | 28 NOV TO 04 DEC, 2025

Sheikh Hasina's death sentence: India's new challenge in South Asian diplomacy

Bangladesh's judicial crisis and India's diplomatic balance
Analysis of the new equations emerging in South Asian politics after the death sentence awarded to Sheikh Hasina



Space for Available for Advertising
WWW.PREETNEWS.COM
WWW.PREETNAMA.COM
preetnamausa@gmail.com
ਪ੍ਰੀਤਨਾਮਾ
ਖਰਾ ਸੱਚ
Online and Print Media

ਮੋਦੀ ਸਰਕਾਰ ਦੇ ਪੰਜਾਬ ਬਾਰੇ ਫੈਸਲੇ ਵਿਵਾਦਾਂ ਤੋਂ ਬਾਅਦ ਹੋ ਰਹੇ ਨੇ ਵਾਪਿਸ, ਕੀ ਭਾਜਪਾ ਸੂਬੇ ਨੂੰ ਸਮਝਣ 'ਚ ਚੁਕ ਕਰ ਰਹੀ ਹੈ ?

## Pritpal Kaur (CEO and Founder)

001 (201) 312 4180

Email: Preetnamausa@gmail.com,
www.preetnama.com www.preetnews.com

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 352
Website: www.preetnama.com Email preetnamausa@gmail.com
08 MAY TO 14 MAY, 2026

## ਇੱਕ ਹੀ ਪਰਿਵਾਰ ਦੇ ਚਾਰ ਮੈਂਬਰਾਂ ਦੀ ਮੌਤ ਦਾ ਮਾਮਲਾ

# ਤਰਬੂਜ ਦੀ ਜਾਂਚ ’ਤੇ ਐਫਡੀਏ ਦੀ ਰਿਪੋਰਟ ਵਿੱਚ ਕੀ ਆਇਆ ਸਾਹਮਣੇ ?



ਮੁੰਬਈ ਦੇ ਪਾਇਧੁਨੀ ਇਲਾਕੇ ਦੇ ਡੋਕਡੀਆ ਪਰਿਵਾਰ ਦੇ ਚਾਰਾਂ ਮੈਂਬਰਾਂ ਦੀ ਮੌਤ ਦਾ ਕਾਰਨ ਅਜੇ ਵੀ ਸਪਸ਼ਟ ਨਹੀਂ ਹੈ। ਇਸ ਮਾਮਲੇ ਵਿੱਚ ਫੋਰੈਂਸਿਕ ਰਿਪੋਰਟ ਆਉਣੀ ਅਜੇ ਬਾਕੀ ਹੈ। ਹਾਲਾਂਕਿ, ਐਫਡੀਏ ਦੀ ਰਿਪੋਰਟ ਵਿੱਚ ਇਹ ਸਾਹਮਣੇ ਆਇਆ ਹੈ ਕਿ ਤਰਬੂਜ ਦੇ ਨਮੂਨਿਆਂ ਵਿੱਚ ਕਿਸੇ ਤਰ੍ਹਾਂ ਦੀ ਮਿਲਾਵਟ ਨਹੀਂ ਪਾਈ ਗਈ। ਫੂਡ ਐਂਡ ਡਰੱਗ ਐਡਮਿਨਿਸਟ ?ਰੇਸ਼ਨ (ਐਫਡੀਏ) ਦੀ ਇੱਕ ਟੀਮ ਪਿਛਲੇ ਕੁਝ ਦਿਨਾਂ ਤੋਂ ਪੂਰੇ ਇਲਾਕੇ ਦਾ ਮੁਆਇਨਾ ਕਰ ਰਹੀ ਹੈ। ਦਰਅਸਲ, 25 ਅਪ੍ਰੈਲ ਨੂੰ, ਮੁੰਬਈ ਦੇ ਪਾਇਧੁਨੀ ਵਿੱਚ ਰਹਿਣ ਵਾਲੇ ਇੱਕ ਹੀ ਪਰਿਵਾਰ ਦੇ ਚਾਰਾਂ ਮੈਂਬਰਾਂ ਦੀ ਰਾਤ ਦੇ ਖਾਣੇ ਤੋਂ ਬਾਅਦ ਮੌਤ ਹੋ ਗਈ ਸੀ। ਦਸਤ ਅਤੇ ਉਲਟੀਆਂ ਨਾਲ ਪੀੜਤ ਹੋਣ ਤੋਂ ਬਾਅਦ ਪੂਰੇ ਪਰਿਵਾਰ ਨੇ ਦਮ ਤੋੜ ਦਿੱਤਾ। ਪੂਰੇ ਪਰਿਵਾਰ ਨੇ ਰਾਤ ਦੇ ਖਾਣੇ ਤੋਂ ਬਾਅਦ ਦੇਰ ਰਾਤ ਤਰਬੂਜ ਖਾਧਾ ਸੀ ਅਤੇ ਸਥਾਨਕ ਡਾਕਟਰਾਂ ਨੂੰ ਸ਼ੱਕ ਸੀ ਕਿ ਉਨ੍ਹਾਂ ਦੀ ਮੌਤ ਫੂਡ ਪੁਆਇਜ਼ਨਿੰਗ ਕਾਰਨ ਹੋਈ ਹੈ। ਐਫਡੀਏ ਦੇ ਇੱਕ ਸੀਨੀਅਰ ਅਧਿਕਾਰੀ ਨੇ ਬੀਬੀਸੀ ਮਰਾਠੀ ਨੂੰ ਦੱਸਿਆ ਕਿ ਐਫਡੀਏ ਦੀ ਇੱਕ ਟੀਮ ਸਥਾਨਕ ਫਲ ਵਿਕਰੇਤਾਵਾਂ, ਖ਼ਾਸ ਕਰਕੇ ਤਰਬੂਜ ਵੇਚਣ ਵਾਲਿਆਂ ਨਾਲ ਗੱਲ ਕਰਨ ਲਈ ਮੌਕੇ ’ਤੇ ਪਹੁੰਚੀ ਸੀ, ਪਰ ਉਨ੍ਹਾਂ ਨੂੰ ਅਜੇ ਤੱਕ ਕੋਈ ਵੀ ਵਿਕਰੇਤਾ ਨਹੀਂ ਮਿਲਿਆ ਹੈ। ਐਫਡੀਏ ਇੱਥੋਂ ਦੇ ਵਿਕਰੇਤਾਵਾਂ ਨਾਲ ਗੱਲ ਕਰਕੇ ਉਨ੍ਹਾਂ ਦੁਆਰਾ ਵੇਚੇ ਜਾ ਰਹੇ ਤਰਬੂਜਾਂ ਦੀ ਜਾਂਚ ਕਰਨਾ ਚਾਹੁੰਦਾ ਸੀ, ਪਰ ਕਿਉਂਕਿ ਉੱਥੇ ਕੋਈ ਵੀ ਵਿਕਰੇਤਾ ਮੌਜੂਦ ਨਹੀਂ ਸੀ, ਇਸ ਲਈ ਅਜੇ ਤੱਕ ਟੀਮ ਦੇ ਹੱਥ ਕੁਝ ਵੀ ਨਹੀਂ ਲੱਗਿਆ। ਐਫਡੀਏ ਦਾ ਇਹ ਵੀ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਤਰਬੂਜ ਨਾਲ ਜ਼ਹਿਰ ਫੈਲਣ ਦਾ ਇੱਕ ਵੀ ਮਾਮਲਾ ਸਾਹਮਣੇ ਨਹੀਂ ਆਇਆ ਹੈ। ਦੂਜੇ ਪਾਸੇ, ਜੇਜੇ ਹਸਪਤਾਲ ਵੱਲੋਂ ਇਸ ਸੰਬੰਧ ਵਿੱਚ ਕੋਈ ਅਧਿਕਾਰਕ ਜਾਣਕਾਰੀ ਨਹੀਂ ਦਿੱਤੀ ਗਈ ਹੈ। ਇੱਕ ਸੀਨੀਅਰ ਡਾਕਟਰ ਦੇ ਅਨੁਸਾਰ, ਖਾਦ ਨਮੂਨਿਆਂ ਦੀ ਰਸਾਇਣਿਕ ਜਾਂਚ ਰਿਪੋਰਟ ਅਤੇ ਟਿਸ਼ੂ ਪੈਥੋਲੋਜੀ ਰਿਪੋਰਟ ਅਜੇ ਤੱਕ ਪ੍ਰਾਪਤ ਨਹੀਂ ਹੋਈ ਹੈ।

**ਕੀ ਹੈ ਮਾਮਲਾ ?**

25 ਅਪ੍ਰੈਲ ਨੂੰ ਇੱਕ ਹੈਰਾਨ ਕਰ ਦੇਣ ਵਾਲੀ ਘਟਨਾ ਸਾਹਮਣੇ ਆਈ ਸੀ। ਮੁੰਬਈ ਦੇ ਪਾਇਧੁਨੀ ਵਿੱਚ ਰਹਿਣ ਵਾਲੇ ਇੱਕ ਹੀ ਪਰਿਵਾਰ ਦੇ ਚਾਰਾਂ ਮੈਂਬਰਾਂ ਦੀ ਦਸਤ ਅਤੇ ਉਲਟੀਆਂ ਨਾਲ ਪੀੜਤ ਹੋਣ ਤੋਂ ਬਾਅਦ ਮੌਤ ਹੋ ਗਈ। ਜਾਣਕਾਰੀ ਮੁਤਾਬਕ, ਪੂਰੇ ਪਰਿਵਾਰ ਨੇ ਰਾਤ ਦੇ ਖਾਣੇ ਤੋਂ ਬਾਅਦ ਦੇਰ ਰਾਤ ਤਰਬੂਜ ਖਾਧਾ ਸੀ। ਸਥਾਨਕ ਡਾਕਟਰਾਂ ਨੂੰ ਸ਼ੱਕ ਸੀ ਕਿ ਉਨ੍ਹਾਂ ਦੀ ਮੌਤ ਫੂਡ ਪੁਆਇਜ਼ਨਿੰਗ ਕਾਰਨ ਹੋਈ ਹੈ। ਪੋਸਟਮਾਰਟਮ ਰਿਪੋਰਟ ਅਜੇ ਤੱਕ ਨਹੀਂ ਆਈ ਹੈ। ਇਸ ਲਈ ਮੌਤ ਦਾ ਸਹੀ ਕਾਰਨ ਸਪਸ਼ਟ ਨਹੀਂ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਜਾਂਚ ਲਈ ਖਾਣੇ ਅਤੇ ਤਰਬੂਜ਼ ਦੇ ਨਮੂਨੇ ਲਏ ਗਏ ਹਨ। ਐਫਡੀਏ ਨੇ ਇਸ ਦੀ ਰਿਪੋਰਟ ਦਿੱਤੀ ਹੈ। ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਮਿਲਾਵਟ ਨਹੀਂ ਪਾਈ ਗਈ। ਪਰਿਵਾਰ ਨੇ 25 ਅਪ੍ਰੈਲ ਨੂੰ ਰਾਤ ਕਰੀਬ 10 ਤੋਂ 10:30 ਵਜੇ ਦੇ ਵਿਚਕਾਰ ਕੁਝ ਰਿਸ਼ਤੇਦਾਰਾਂ ਨਾਲ ਭੋਜਨ ਕੀਤਾ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਰਿਸ਼ਤੇਦਾਰਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਨੇ ਦੇਰ ਰਾਤ ਕਰੀਬ 1:30 ਵਜੇ ਤਰਬੂਜ ਖਾਧਾ ਸੀ। ਆਓ ਜਾਣਦੇ ਹਾਂ ਕਿ ਇਸ ਮਾਮਲੇ ਵਿੱਚ ਅਸਲ ਵਿੱਚ ਕੀ ਹੋਇਆ ਸੀ।

**ਉਸ ਦਿਨ ਕੀ ਹੋਇਆ ਸੀ ?**



ਇਹ ਪਰਿਵਾਰ ਪਾਇਧੁਨੀ ਇਲਾਕੇ ਵਿੱਚ ਇੱਕ ਪੁਰਾਣੀ ਮੁਗਲਕਾਲੀਨ ਇਮਾਰਤ ਦੀ ਪਹਿਲੀ ਮੰਜ਼ਿਲ ’ਤੇ ਰਹਿੰਦਾ ਸੀ। ਪਰਿਵਾਰ ਵਿੱਚ ਅਬਦੁੱਲਾ ਡੋਕਾਡੀਆ (40 ਸਾਲ), ਉਨ੍ਹਾਂ ਦੇ ਪਤਨੀ ਨਸਰੀਨ ਡੋਕਾਡੀਆ (35 ਸਾਲ) ਅਤੇ ਦੋ ਛੋਟੀਆਂ ਧੀਆਂ ਸਨ, ਜਿਨ੍ਹਾਂ ਦੀ ਉਮਰ 16 ਅਤੇ 13 ਸਾਲ ਸੀ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਵਿੱਚੋਂ ਤਿੰਨ ਦੀ ਮੌਤ ਜੇਜੇ ਹਸਪਤਾਲ ਵਿੱਚ ਇਲਾਜ ਦੌਰਾਨ ਹੋ ਗਈ। ਸਥਾਨਕ ਡਾਕਟਰ ਜੈਦ ਕੁਰੈਸ਼ੀ ਨੇ ਦੱਸਿਆ ਕਿ ਇੱਕ ਬੱਚੀ ਦੀ ਮੌਤ ਉਸ ਨੂੰ ਘਰ ਨੇੜਲੇ ਹਸਪਤਾਲ ਲੈਕੇ ਜਾਂਦੇ ਸਮੇਂ ਰਸਤੇ ਵਿੱਚ ਹੀ ਹੋ ਗਈ ਸੀ। ਰਿਸ਼ਤੇਦਾਰਾਂ ਸਮੇਤ ਸਾਰਿਆਂ ਨੇ 25 ਅਪ੍ਰੈਲ ਨੂੰ ਰਾਤ ਦਾ ਖਾਣਾ ਖਾਧਾ। ਪੁਲਿਸ ਨੇ ਦੱਸਿਆ ਹੈ ਕਿ ਰਿਸ਼ਤੇਦਾਰਾਂ ਦੇ ਜਾਣ ਤੋਂ ਬਾਅਦ ਰਾਤ ਕਰੀਬ 1:30 ਵਜੇ ਸਭ ਨੇ ਤਰਬੂਜ ਖਾਧਾ। ਇਸ ਤੋਂ ਬਾਅਦ ਸਵੇਰੇ ਪੂਰੇ ਪਰਿਵਾਰ ਨੂੰ ਉਲਟੀਆਂ ਅਤੇ ਦਸਤ ਲੱਗ ਗਏ। ਇਸ ਸਮੇਂ ਇਮਾਰਤ ਵਿੱਚ ਮੌਜੂਦ ਲੋਕਾਂ ਨੇ ਉਨ੍ਹਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਉਸੇ ਇਮਾਰਤ ਦੀ ਚੌਥੀ ਮੰਜ਼ਿਲ ’ਤੇ ਰਹਿਣ ਵਾਲੇ ਡਾਕਟਰ ਜੈਦ ਕੁਰੈਸ਼ੀ ਨੇ ਤੁਰੰਤ ਉਨ੍ਹਾਂ ਦੀ ਸਿਹਤ ਦੀ ਜਾਂਚ ਕੀਤੀ। ਡਾਕਟਰ ਕੁਰੈਸ਼ੀ ਨੇ ਬੀਬੀਸੀ ਮਰਾਠੀ ਨੂੰ ਦੱਸਿਆ ਕਿ ਜਦੋਂ ਉਹ ਮੌਕੇ ’ਤੇ ਪਹੁੰਚੇ, ਤਾਂ ਕਮਰੇ ਵਿੱਚ ਮੌਜੂਦ ਚਾਰਾਂ ਲੋਕਾਂ ਦੀ ਹਾਲਤ ਗੰਭੀਰ ਸੀ। ਉਨ੍ਹਾਂ ਮੁਤਾਬਕ, ਮੈਂ ਦੇਖਿਆ ਕਿ ਚਾਰਾਂ ਵਿੱਚੋਂ ਸਭ ਤੋਂ ਛੋਟੀ ਕੁੜੀ ਨੂੰ ਸਾਹ ਲੈਣ ਵਿੱਚ ਦਿੱਕਤ ਹੋ ਰਹੀ ਸੀ। ਮੈਂ ਤੁਰੰਤ ਉਸ ਨੂੰ ਸੀਪੀਆਰ ਦਿੱਤਾ। ਪਰ ਜਦੋਂ ਉਸਦੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਆਇਆ, ਤਾਂ ਮੈਂ ਉਸ ਨੂੰ ਨੇੜਲੇ ਹਸਪਤਾਲ ਲੈ ਗਿਆ। ਉੱਥੇ ਹੀ ਉਸ ਦੀ ਮੌਤ ਹੋ ਗਈ। ਡਾਕਟਰ ਕੁਰੈਸ਼ੀ ਨੇ ਦੱਸਿਆ, ÷ਬਾਕੀ ਤਿੰਨ ਜਣਿਆਂ ਨੂੰ ਬਾਅਦ ਵਿੱਚ ਸਥਾਨਕ ਹਸਪਤਾਲ ਤੋਂ ਜੇਜੇ ਹਸਪਤਾਲ ਲਿਜਾਇਆ ਗਿਆ। ਉੱਥੇ ਕੁਝ ਘੰਟਿਆਂ ਤੱਕ ਉਨ੍ਹਾਂ ਦਾ ਇਲਾਜ ਚੱਲਿਆ। ਬਾਅਦ ਵਿੱਚ ਉਨ੍ਹਾਂ ਦੀ ਵੀ ਮੌਤ ਹੋ ਗਈ। ਅਜੇ ਤੱਕ ਪੋਸਟਮਾਰਟਮ ਰਿਪੋਰਟ ਨਹੀਂ ਆਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਰਿਪੋਰਟ ਆਉਣ ਤੋਂ ਬਾਅਦ ਹੀ ਇਹ ਸਪਸ਼ਟ ਹੋ ਸਕੇਗਾ ਕਿ ਜ਼ਹਿਰ ਦਿੱਤਾ ਗਿਆ ਸੀ ਜਾਂ ਨਹੀਂ ਅਤੇ ਇਸ ਦਾ ਸਹੀ ਕਾਰਨ ਕੀ ਸੀ। ਇਸ ਦੌਰਾਨ, ਸਥਾਨਕ ਐਮਆਈਐਮ ਆਗੂ ਅਤੇ ਸਾਬਕਾ ਵਿਧਾਇਕ ਵਾਰਿਸ ਪਠਾਨ ਨੇ ਸੋਸ਼ਲ ਮੀਡੀਆ ’ਤੇ ਇੱਕ ਪੋਸਟ ਵਿੱਚ ਕਿਹਾ ਹੈ ਕਿ ਸੂਬਾ ਸਰਕਾਰ ਅਤੇ ਪੁਲਿਸ ਕਮਿਸ਼ਨਰ ਨੂੰ ਇਸ ਮਾਮਲੇ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ ਇਸ ਦੀ ਜਾਂਚ ਕਰਨੀ ਚਾਹੀਦੀ ਹੈ।



## ਐਫਡੀਏ ਦੀ ਰਿਪੋਰਟ ਵਿੱਚ ਕੀ ਪਾਇਆ ਗਿਆ ?

ਪਾਇਧੁਨੀ ਵਿੱਚ ਡੋਕਾਡੀਆ ਪਰਿਵਾਰ ਦੇ ਚਾਰਾਂ ਮੈਂਬਰਾਂ ਦੀ ਮੌਤ ਤੋਂ ਬਾਅਦ, ਤਰਬੂਜ ਦੇ ਛਿਲਕਿਆਂ ਦੇ ਨਮੂਨੇ ਜਾਂਚ ਲਈ ਐਫਡੀਏ ਨੂੰ ਭੇਜੇ ਗਏ ਸਨ। ਐਫਡੀਏ ਦੇ ਇੱਕ ਸੀਨੀਅਰ ਅਧਿਕਾਰੀ ਨੇ ਬੀਬੀਸੀ ਮਰਾਠੀ ਨੂੰ ਦੱਸਿਆ ਕਿ ਇਸ ਸੰਬੰਧ ਵਿੱਚ ਲਏ ਗਏ ਨਮੂਨਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਮਿਲਾਵਟ ਨਹੀਂ ਪਾਈ ਗਈ, ਇਹ ਸਪਸ਼ਟ ਹੈ। ਇਸ ਦੌਰਾਨ, ਉਨ੍ਹਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਇਹ ਜਾਂਚ ਕਿਸੇ ਵੀ ਤਰ੍ਹਾਂ ਦੇ ਜ਼ਹਿਰ ਜਾਂ ਵਿਸ਼ੈਲੇ ਤੱਤਾਂ ਦੀ ਜਾਂਚ ਨਾਲ ਸੰਬੰਧਿਤ ਨਹੀਂ ਸੀ। ਉਨ੍ਹਾਂ ਇਹ ਵੀ ਕਿਹਾ ਕਿ ਇਸ ਬਾਰੇ ਸਪਸ਼ਟ ਜਾਣਕਾਰੀ ਸਿਰਫ਼ ਫੋਰੈਂਸਿਕ ਰਿਪੋਰਟ ਤੋਂ ਹੀ ਮਿਲ ਸਕਦੀ ਹੈ।

## ਪੁਲਿਸ ਨੇ ਕੀ ਜਾਣਕਾਰੀ ਦਿੱਤੀ ?

ਇਸ ਘਟਨਾ ਦੇ ਸਬੰਧ ਵਿੱਚ ਜੇਜੇ ਪੁਲਿਸ ਸਟੇਸ਼ਨ ਵਿੱਚ ਗੈਰ-ਕੁਦਰਤੀ ਮੌਤ ਦਾ ਮਾਮਲਾ ਦਰਜ ਕੀਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਪੁਲਿਸ ਦੇ ਡਿਪਟੀ ਕਮਿਸ਼ਨਰ ਪ੍ਰਵੀਨ ਮੁੰਡੇ ਨੇ ਕਿਹਾ, ਇੱਕੋ ਪਰਿਵਾਰ ਦੇ ਚਾਰਾਂ ਮੈਂਬਰਾਂ ਦੀ ਮੌਤ ਹੋ ਗਈ ਹੈ। ਉਨ੍ਹਾਂ ਨੇ 25 ਅਪ੍ਰੈਲ ਦੀ ਰਾਤ ਨੂੰ ਕੁਝ ਹੋਰ ਰਿਸ਼ਤੇਦਾਰਾਂ ਨਾਲ ਖਾਣਾ ਖਾਧਾ ਸੀ। ਖ਼ਬਰਾਂ ਦੇ ਮੁਤਾਬਕ, ਰਿਸ਼ਤੇਦਾਰਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਨੇ ਰਾਤ ਕਰੀਬ 1:00 ਤੋਂ 1:30 ਵਜੇ ਦੇ ਵਿਚਕਾਰ ਤਰਬੂਜ ਖਾਧਾ। ਇਸ ਤੋਂ ਬਾਅਦ ਸਵੇਰੇ ਤੋਂ ਹੀ ਉਨ੍ਹਾਂ ਨੂੰ ਉਲਟੀਆਂ ਅਤੇ ਦਸਤ ਹੋਣ ਲੱਗੇ। ਉਨ੍ਹਾਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ। ਉੱਥੋਂ ਉਨ੍ਹਾਂ ਨੂੰ ਜੇਜੇ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ। ਪਰ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਚਾਰਾਂ ਦੀ ਮੌਤ ਹੋ ਗਈ। ਪੋਸਟਮਾਰਟਮ ਕੀਤਾ ਜਾ ਚੁੱਕਾ ਹੈ। ਪੁਲਿਸ ਨੇ ਉਨ੍ਹਾਂ ਵੱਲੋਂ ਖਾਧੇ ਗਏ ਭੋਜਨ ਦੇ ਨਮੂਨੇ ਲੈ ਲਏ ਹਨ। ਤਰਬੂਜ ਦੇ ਨਮੂਨੇ ਵੀ ਲਏ ਗਏ ਹਨ ਅਤੇ ਉਨ੍ਹਾਂ ਦੇ ਸਰੀਰ ਤੋਂ ਵੀ ਨਮੂਨੇ ਲਏ ਗਏ ਹਨ। ਮੌਤ ਦੇ ਕਾਰਨਾਂ ਸਬੰਧੀ ਜਾਂਚ ਜਾਰੀ ਹੈ।”

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 352
Website: www.preetnama.com Email preetnamausa@gmail.com
08 MAY TO 14 MAY, 2026

# ਕਿਮ ਜੌਂਗ ਉਨ ਦੀ ਧੀ ਦੀ 'ਡਰੈਸਿੰਗ ਸੈਂਸ' ਦੀ ਚਰਚਾ ਕਿਉਂ ਹੋ ਰਹੀ ਹੈ, ਕੀ ਉਨ੍ਹਾਂ ਨੂੰ ਉਤਰਾਧਿਕਾਰੀ ਬਣਾਉਣ ਦੀ ਤਿਆਰੀ ਹੋ ਰਹੀ ਹੈ



ਕਿਮ ਜੌਂਗ ਉਨ ਦੀ ਧੀ ਨੂੰ ਅਕਸਰ ਉਨ੍ਹਾਂ ਲਗਜ਼ਰੀ ਪੱਛਮੀ ਬਰਾਂਡਾਂ ਦੇ ਪਹਿਰਾਵਿਆਂ ਵਿੱਚ ਦੇਖਿਆ ਜਾ ਰਿਹਾ ਹੈ ਜੋ ਉੱਤਰੀ ਕੋਰੀਆ ਵਿੱਚ 'ਤਰੱਕੀ ਖ਼ ?ਲਾਫ਼' ਅਤੇ 'ਸਮਾਜਵਾਦ ਵਿਰੋਧੀ' ਮੰਨਦਿਆਂ ਬੈਨ ਕੀਤਾ ਗਿਆ ਹੈ। ਪਰ ਕਿਮ ਜੂ ਏ ਦੀ ਫੈਸ਼ਨ ਚੋਣ ਜਿਵੇਂ ਕਿ ਚਮੜੇ, ਇੱਕ 'ਰੂਸਟਰ ' ਹੇਅਰਸਟਾਈਲ ਅਤੇ ਪਾਰਦਰਸ਼ੀ ਬਲਾਊਜ਼ ਉਸ ਦੀ ਅੱਲ੍ਹੜਪੁਣੇ ਦੀ ਬ.ਗਾਵਤ ਦੀ ਬਜਾਏ ਇਹ ਸੰਕੇਤ ਕਰਦੇ ਹਨ ਕਿ ਉਸ ਨੂੰ ਸਰਬਉੱਚ ਨੇਤਾ ਦੇ ਉੱਤਰਾਧਿਕਾਰੀ ਵਜੋਂ ਤਿਆਰ ਕੀਤਾ ਜਾ ਰਿਹਾ ਹੈ।ਦੱਸਿਆ ਜਾ ਰਿਹਾ ਹੈ ਕਿ 2013 ਵਿੱਚ ਜਨਮੀ ਜੂ ਏ ਨੇ ਨਵੰਬਰ 2022 ਵਿੱਚ ਨੌਂ ਸਾਲ ਦੀ ਉਮਰ ਵਿੱਚ ਆਪਣਾ ਡੈਬਿਊ ਕੀਤਾ ਸੀ ਜਦੋਂ ਉਹ ਇੱਕ ਵਿਸ਼ਾਲ ਅੰਤਰ-ਮਹਾਂਦੀਪੀ ਬੈਲਿਸਟਿਕ ਮਿਜ਼ਾਈਲਾਂ ਦੇ ਸਾਹਮਣੇ ਆਪਣੇ ਪਿਤਾ ਨਾਲ ਘੁੰਮ ਰਹੀ ਸੀ। ਪਰ ਪਿੱਛੇ ਨੂੰ ਬੰਨ੍ਹੇ ਹੋਏ ਵਾਲਾਂ, ਕਾਲੀ ਪੈਂਟ ਅਤੇ ਚਿੱਟੀ ਪੈਡਿਡ ਜੈਕਿਟ ਨਾਲ ਉਸ ਦਾ ਪਹਿਰਾਵਾ ਪ੍ਰਭਾਵਸ਼ਾਲੀ ਲੱਗ ਰਿਹਾ ਸੀ।ਉਦੋਂ ਤੋਂ ਲੈ ਕੇ ਉਸ ਦਾ ਹੇਅਰ ਸਟਾਈਲ ਹੋਰ ਸ਼ਾਨਦਾਰ ਹੋ ਗਿਆ ਹੈ ਅਤੇ ਉਸ ਦਾ ਪਹਿਰਾਵਾ ਵਧੇਰੇ ਸਲੀਕੇਦਾਰ ਅਤੇ ਨ.ਫ਼ਾਸਤ ਵਾਲਾ ਹੋ ਗਿਆ ਹੈ। ਸਾਲ 2020 ਵਿੱਚ ਉੱਤਰ ਕੋਰੀਆ ਨੇ ਪੱਛੜੀ ਵਿਚਾਰਧਾਰਾ ਅਤੇ ਸੱਭਿਆਚਾਰ ਰੱਦ ਕਰਨ ਦਾ ਐਕਟ ਲਾਗੂ ਕੀਤਾ ਹੈ ਜਿਸ ਨਾਲ ਬਾਹਰੀ ਸੱਭਿਆਚਾਰ 'ਤੇ ਰੋਕ ਲਗਾ ਦਿੱਤੀ ਗਈ ਸੀ।ਪਰ 2023 ਵਿੱਚ, ਕੋਰੀਅਨ ਸੈਂਟਰਲ ਨਿਊਜ਼ ਏਜੰਸੀ ਨੇ ਇੱਕ ਵੀਡੀਓ ਜਾਰੀ ਕੀਤੀ ਜਿਸ ਵਿੱਚ ਜੂ ਏ ਇਕ ਵਾਰ ਫਿਰ ਇੱਕ ਅੰਤਰ- ਮਹਾਂਦੀਪੀ ਬੈਲਿਸਟਿਕ ਮਿਜ਼ਾਈਲ ਦੇ ਸਾਹਮਣੇ ਆਪਣੇ ਪਿਤਾ ਨਾਲ ਟਹਿਲ ਰਹੀ ਸੀ ਅਤੇ ਉਸ ਨੇ ਕਾਲੇ ਰੰਗ ਦੀ ਪੈਡਿਡ ਜੈਕਿਟ ਪਹਿਨੀ ਹੋਈ ਸੀ। ਬਾਅਦ ਵਿੱਚ ਪਛਾਣ ਹੋਈ ਕਿ ਉਹ ਜੈਕਟ 1900 ਡਾਲਰ ਵਿੱਚ ਫ ?ਰੈਂਚ ਫੈਸ਼ਨ ਹਾਊਸ 'ਕ੍ਰਿਸਚਿਅਨ ਡਿਓਰ' ਤੋਂ ਖਰੀਦੀ ਗਈ ਸੀ।

ਅਗਲੇ ਸਾਲ ਇੱਕ ਹੋਰ ਵੀਡੀਓ ਆਈ ਜਦੋਂ ਕਿਮ ਜੂ ਏ ਨੇ ਰਾਜਧਾਨੀ ਪਿਓਗਯਾਂਗ ਵਿੱਚ ਉੱਚੀਆਂ ਇਮਾਰਤਾਂ ਵਾਲੇ ਵੈਨਗਾਰਡ ਸਟਰੀਟ ਰਿਹਾਇਸ਼ੀ ਇਲਾਕੇ ਦੇ ਮੁਕੰਮਲ ਹੋਣ ਦੇ ਸਮਾਗਮ ਵਿੱਚ ਪਾਰਦਰਸ਼ੀ ਬਲਾਊਜ਼ ਪਹਿਨਿਆ। ਉੱਤਰ ਕੋਰੀਆ ਦੀ ਲੀਡਰਸ਼ਿਪ ਦੇ ਇੱਕ ਨਜ਼ਦੀਕੀ ਸੂਤਰ ਨੇ ਰੇਡੀਓ ਫ ?ਰੀ ਏਸ਼ੀਆ ਨੂੰ ਦੱਸਿਆ ਕਿ ਇਸ ਵੀਡੀਓ ਵਿੱਚ ਚੇਤਾਵਨੀ ਦਿੱਤੀ ਗਈ ਸੀ ਕਿ ਉਸ ਦਾ ਹੇਅਰ ਸਟਾਈਲ ਅਤੇ ਪਹਿਰਾਵਾ ਸਮਾਜਵਾਦ ਵਿਰੋਧੀ ਹੈ ਅਤੇ .ਗੈਰ-ਸਮਾਜਵਾਦੀ ਵਰਤਾਰਾ ਹੈ। ਇਹ ਸਮਾਜਵਾਦੀ ਪ੍ਰਣਾਲੀ ਦੇ ਅਕਸ ਨੂੰ ਢਾਹ ਲਾਉਂਦੇ ਹਨ ਅਤੇ ਸ਼ਾਸਨ ਨੂੰ ਖ਼ਤਮ ਕਰ ਦਿੰਦਾ ਹੈ। ਇਨ੍ਹਾਂ ਨੂੰ ਮਿਟਾਇਆ ਜਾਣਾ ਚਾਹੀਦਾ ਹੈ।

ਪਰ ਹੁਣ, ਕਿਹਾ ਜਾ ਰਿਹਾ ਹੈ ਕਿ ਕੁਝ ਲੋਕ ਜੂ ਏ ਦੇ ਸਲੀਕੇਦਾਰ ਸਟਾਈਲ ਦੀ ਨਕਲ ਕਰਨਾ ਚਾਹੁੰਦੇ ਹਨ। ਕੋਰੀਆ ਇੰਸਟੀਚਿਊਟ ਫਾਰ ਨੈਸ਼ਨਲ ਯੂਨੀਫਿਕੇਸ਼ਨ ਦੇ ਉੱਤਰੀ ਕੋਰੀਆ ਖੋਜ ਵਿਭਾਗ ਦੇ ਮੁਖੀ ਜੋਂਗ ਯੂਨਲੀ ਨੇ ਬੀਬੀਸੀ ਨਿਊਜ਼ ਕੋਰੀਅਨ ਨੂੰ ਦੱਸਿਆ, ਸਮਾਂ ਬਦਲ ਗਿਆ ਹੈ ਅਤੇ ਪੀੜ੍ਹੀ ਵਿੱਚ ਇੱਕ ਵੱਡਾ ਬਦਲਾਅ ਆਇਆ ਹੈ। ਉਨ੍ਹਾਂ ਮੁਤਾਬਕ, 2010 ਤੋਂ ਬਾਅਦ ਵਿਦੇਸ਼ੀ ਕਰੰਸੀ ਕਮਾਉਣ ਲਈ ਬਾਹਰ ਜਾਣ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਉਨ੍ਹਾਂ ਕਿਹਾ, ਕੋਵਿਡ 19 ਦੌਰਾਨ ਤਕਰੀਬਨ 2000 ਉੱਤਰੀ ਕੋਰੀਅਨ ਕਾਮੇ ਚੀਨ ਵਿੱਚ ਰਹੇ ਸਨ ਅਤੇ ਜਦੋਂ ਉਹ ਵਾਪਸ ਪਿਓਂਗਯਾਂਗ ਆਏ ਤਾਂ ਆਪਣੇ ਨਾਲ ਉੱਥੋਂ ਦਾ ਸੱਭਿਆਚਾਰ ਵੀ ਲੈ ਕੇ ਆਏ। ਪੁਰਾਣੇ ਸਮਿਆਂ ਵਿੱਚ ਲਗਜ਼ਰੀ ਸਮਾਨ ਸਿਰ.ਫ ਜਪਾਨ ਦੇ ਮਾਰਕਿਆਂ ਤੱਕ ਹੀ ਸੀਮਤ ਸੀ ਜੋ ਕਿ ਜ਼ੋਨੀਚੀ ਕੋਰੀਅਨਜ਼ ਵੱਲੋਂ ਲਿਆਂਦਾ ਜਾਂਦਾ ਸੀ। ਇਹ ਉਹ ਲੋਕ ਸਨ ਜਿਨ੍ਹਾਂ ਦੇ ਮਾਪੇ 1910-1945 ਦੇ ਜਪਾਨੀ ਸ਼ਾਸਨ ਦੌਰਾਨ, ਕਈ ਵਾਰ ਧੱਕੇ ਨਾਲ ਮਜ਼ਦੂਰੀ ਕਰਨ ਜਪਾਨ ਚਲੇ ਗਏ ਸਨ ਅਤੇ ਫਿਰ 1960-70 ਦੇ ਦਹਾਕੇ ਵਿੱਚ ਉਨ੍ਹਾਂ ਨੂੰ ਅਕਸਰ ਝੂਠੇ ਵਾਅਦਿਆਂ ਨਾਲ ਅਖੌਤੀ 'ਦੇਸ਼ ਵਾਪਸੀ ਦੇ ਜਹਾਜ਼ਾਂ' ਰਾਹੀਂ ਉੱਤਰੀ ਕੋਰੀਆ ਪਰਤਣ ਲਈ ਮਨਾ ਲਿਆ ਗਿਆ ਸੀ।

ਪਰ ਹੁਣ ਇਹ ਜਾਪਦਾ ਹੈ ਕਿ ਉੱਤਰੀ ਕੋਰੀਆ ਦੇ ਬਹੁਤ ਸਾਰੇ ਨਿਵਾਸੀ ਕਈ ਵਿਦੇਸ਼ੀ ਮਾਰਕਿਆਂ ਬਾਰੇ ਜਾਣਦੇ ਹਨ ਕਿਉਂਕਿ (ਉੱਤਰ ਕੋਰੀਆ ਵਿੱਚ ਤਸਕਰੀ ਕੀਤੇ ਜਾਣ ਦੇ ਬਾਵਜੂਦ) ਬੈ.ਗ ਅਤੇ ਕੱਪੜੇ ਬਹੁਤ ਮਹਿੰਗੇ ਹਨ। ਇਸ ਲਈ ਅਜਿਹਾ ਲੱਗਦਾ ਹੈ ਕਿ ਉਹ ਪਰਫਿਊਮ ਦੇ ਇਸਤੇਮਾਲ ਨਾਲ ਇਨ੍ਹਾਂ ਦਾ ਅਨੁਭਵ ਕਰਨਾ ਸ਼ੁਰੂ ਕਰ ਦਿੰਦੇ ਹਨ। ਪਰ ਜੂ ਏ ਆਪਣੇ ਪਰਿਵਾਰ ਵਿੱਚ ਪਹਿਲੀ ਫੈਸ਼ਨ ਆਈਕਨ ਨਹੀਂ ਹੈ। ਸੇਜੋਂਗ ਇੰਸਟੀਚਿਊਟ ਦੇ ਡਿਪਟੀ ਡਾਇਰੈਕਟਰ ਚੇਓਂਗ ਸੋਂਗ-ਚਾਂਗ ਨੇ ਬੀਬੀਸੀ ਨਿਊਜ਼ ਕੋਰੀਅਨ ਨੂੰ ਦੱਸਿਆ, ਲੱਗਦਾ ਹੈ ਕਿ ਜੂ ਏ ਨੂੰ ਉਸ ਦੀ ਮਾਂ ਰੀ ਸੋਲ ਜੂ ਦੇ ਸਟਾਈਲ ਵਾਲੇ ਹੀ ਕੱਪੜੇ ਪਹਿਨਾਏ ਜਾ ਰਹੇ ਹਨ, ਤਾਂ ਜੋ ਉਸ ਦੀ ਉਮਰ ਨੂੰ ਲੁਕੋਇਆ ਜਾ ਸਕੇ। ਇੱਕ ਨੌਜਵਾਨ ਔਰਤ ਦਾ ਸਲੀਕੇਦਾਰ ਪੱਛਮੀ ਸ਼ੈਲੀ ਦੇ ਪਹਿਰਾਵੇ ਨਾਲ ਫੈਸ਼ਨ ਦੀ ਅਗਵਾਈ ਕਰਨਾ? ਉੱਤਰੀ ਕੋਰੀਆ ਵਿੱਚ ਅਜਿਹਾ ਹੋਣਾ ਲਗਭਗ ਅਸੰਭਵ ਹੈ। ਉਨ੍ਹਾਂ ਕਿਹਾ, ਪੱਛਮੀ ਸਟਾਈਲ ਦੇ ਕੱਪੜੇ ਪਹਿਨ ਕੇ ਜੂ ਏ ਅਤੇ ਰੀ ਸੋਲ ਇੱਕ ਵੱਖਰੇਪਣ ਦੀ ਰਣਨੀਤੀ ਜ਼ਾਹਿਰ ਕਰ ਰਹੀਆਂ ਹਨ ਕਿ ਉਨ੍ਹਾਂ ਦਾ ਸਮਾਜਿਕ ਰੁਤਬਾ ਆਮ ਨਿਵਾਸੀਆਂ ਨਾਲੋਂ ਬਿਲਕੁਲ ਵੱਖਰਾ ਹੈ ਜੂ ਏ ਅਤੇ ਰੀ ਸੋਲ ਬਿਨ੍ਹਾਂ ਕਿਸੇ ਚਿੰਤਾ ਦੇ ਅਜਿਹਾ ਕੁਝ ਇਸ ਲਈ ਕਰ ਸਕਦੀਆਂ ਹਨ ਕਿਉਂਕਿ ਉਹ ਜਾਣਦੀਆਂ ਹਨ ਕਿ ਉਨ੍ਹਾਂ ਨੂੰ ਵਿਸ਼ੇਸ਼ ਅਧਿਕਾਰ ਮਿਲੇ ਹੋਏ ਹਨ। ਪਰ ਜੂ ਏ ਦਾ 'ਫੈਸ਼ਨ ਸੈਂਸ' ਸਿਰਫ਼ ਉਸ ਦੀ ਮਾਂ ਵਾਲੇ ਪਾਸਿਓਂ ਨਹੀਂ ਆਇਆ ਹੈ।

ਯੂਨੀਵਰਸਿਟੀ ਆਫ ਨੌਰਥ ਕੋਰੀਅਨ ਸਟੱਡੀਜ਼ ਦੇ ਪ੍ਰੋਫੈਸਰ ਲੀ ਵੂ-ਯੰਗ ਕਹਿੰਦੇ ਹਨ, ਹਾਲਾਂਕਿ ਉੱਤਰੀ ਕੋਰੀਆ ਵਿੱਚ ਜੀਨਸ ਨੂੰ ਪੱਛਮੀ ਫੈਸ਼ਨ ਮੰਨਦਿਆਂ ਪਾਬੰਦੀ ਲਗਾਈ ਹੈ ਪਰ ਕਿਮ ਜੌਂਗ ਖੁਦ ਜੀਨਸ ਪਹਿਨੇ ਨਜ਼ਰ ਆ ਚੁੱਕੇ ਹਨ। _ਹ ਭਾਵੇਂ ਬਾਹਰੀ ਸੱਭਿਆਚਾਰ 'ਤੇ ਕਿੰਨੀ ਵੀ ਪਾਬੰਦੀ ਲਗਾ ਦੇਣ ਜਾਂ ਕਾਨੂੰਨ ਬਣਾ ਦੇਣ, ਉੱਤਰੀ ਕੋਰੀਆ ਇੱਕ ਅਜਿਹੀ ਥਾਂ ਹੈ ਜਿੱਥੇ ਜਿਹਾ ਕੁਝ ਵੀ ਨਹੀਂ ਜੋ ਸਰਬਉੱਚ ਨੇਤਾ ਨਾ ਕਰ ਸਕਦਾ ਹੋਵੇ। ਚੇਓਂਗ ਮੁਤਾਬਕ ਜੂ ਏ ਨੇ ਵੀ ਕਈ ਮੌਕਿਆਂ 'ਤੇ ਚਮੜੇ ਦੀਆਂ ਜੈਕਟਾਂ ਪਹਿਨੀਆਂ ਹਨ ਜੋ ਕਿ ਇਸ ਗੱਲ ਦਾ ਸੰਕੇਤ ਹਨ ਕਿ 'ਵਰਕਰਜ਼ ਪਾਰਟੀ ਆਫ ਕੋਰੀਆ' ਦਾ ਪ੍ਰਚਾਰ ਅਤੇ ਅੰਦੋਲਨ ਵਿਭਾਗ ਆਪਣਾ ਕੰਮ ਕਰ ਰਿਹਾ ਹੈ ਭਾਵ ਕਿ ਉਸ ਨੂੰ ਆਮ ਨਾਗਰਿਕਾਂ ਤੋਂ ਵੱਖ ਦਿਖਾ ਰਿਹਾ ਹੈ। ਉਨ੍ਹਾਂ ਕਿਹਾ, ਉੱਚ ਗੁਣਵੱਤਾ ਵਾਲੇ ਚਮੜੇ ਤੋਂ ਬਣੇ ਕੱਪੜੇ ਪਹਿਨਣ ਦਾ ਮਤਲਬ ਆਪਣਾ ਵਿਸ਼ੇਸ਼ ਰੁਤਬਾ ਦਿਖਾਉਣਾ ਹੈ। ਉੱਤਰੀ ਕੋਰੀਆ ਦੇ ਆਮ ਲੋਕਾਂ ਵਿੱਚ ਚਮੜੇ ਦੇ ਕੱਪੜੇ ਪਹਿਨਣਾ ਆਮ ਨਹੀਂ ਹੈ। ਲਗਜ਼ਰੀ ਬਰਾਂਡ, ਚਮੜੇ ਦੀਆਂ ਜੈਕਟਾਂ ਅਤੇ ਫ਼ਰ ਵਾਲੇ ਕੋਟ ਕੀਮਤੀ ਕੱਪੜੇ ਹਨ ਜੋ ਉੱਤਰ ਕੋਰੀਆ ਦੇ ਆਮ ਲੋਕ ਨਹੀਂ ਪਹਿਨ ਸਕਦੇ।





Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 352
Website: www.preetnama.com Email preetnamausa@gmail.com
08 MAY TO 14 MAY, 2026

# ਅਕਾਲ ਤਖ਼ਤ ਸਾਹਿਬ ਦੀ ਪੰਥਕ ਇਕੱਤਰਤਾ 'ਚ ਬੇਅਦਬੀ ਕਾਨੂੰਨ ਨਾਮਨਜ਼ੂਰ, ਸਪੀਕਰ ਕੁਲਤਾਰ ਸੰਧਵਾਂ ਨੂੰ ਕਿਹੜੇ ਜਵਾਬ ਦੇਣ ਲਈ ਬੁਲਾਇਆ





ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਪੰਥਕ ਇਕੱਤਰਤਾ ਵਿੱਚ ਪੰਜਾਬ ਸਰਕਾਰ ਦੇ ਬੇਅਦਬੀ ਕਾਨੂੰਨ ਨੂੰ ਨਾਮਨਜ਼ੂਰ ਦੱਸਿਆ। ਇਸ ਫੈਸਲੇ ਦੌਰਾਨ ਜਥੇਦਾਰ ਨੇ ਸਾਫ਼ ਕਿਹਾ ਕਿ ਸਿੱਖ ਪੰਥ ਦੀ ਪ੍ਰਵਾਨਗੀ ਬਿਨ੍ਹਾਂ ਬਣਾਇਆ ਗਿਆ ਕੋਈ ਵੀ ਕਾਨੂੰਨ ਮਨਜ਼ੂਰ ਨਹੀਂ ਹੋ ਸਕਦਾ ਅਤੇ ਗੁਰੂ ਸਾਹਿਬ ਦੇ ਅਦਬ-ਸਤਿਕਾਰ ਨਾਲ ਜੁੜੇ ਮਾਮਲੇ ਸਿਰਫ਼ ਪੰਥਕ ਅਧਾਰ 'ਤੇ ਹੀ ਤੈਅ ਕੀਤੇ ਜਾਣੇ ਚਾਹੀਦੇ ਹਨ। ਇਹ ਪੰਥਕ ਇਕੱਤਰਤਾ ਅੰਮ੍ਰਿਤਸਰ ਵਿਖੇ ਭਾਈ ਗੁਰਦਾਸ ਹਾਲ ਵਿੱਚ ਸੱਦੀ ਗਈ ਸੀ, ਜਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਬੁਲਾਇਆ ਗਿਆ ਸੀ। ਇਸ ਇਕੱਠ ਵਿੱਚ ਵੱਖ-ਵੱਖ ਸਿੱਖ ਜਥੇਬੰਦੀਆਂ, ਵਿਦਵਾਨਾਂ ਅਤੇ ਕਾਨੂੰਨੀ ਮਾਹਰਾਂ ਨੇ ਹਿੱਸਾ ਲਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਸਣੇ ਹੋਰ ਆਗੂ ਵੀ ਇਕੱਤਰਤਾ ਵਿੱਚ ਸ਼ਾਮਲ ਹੋਏ।

**ਧਾਮੀ ਨੇ ਇਕੱਤਰਤਾ ਵਿੱਚ ਕੀ ਕਿਹਾ**

ਇੱਥੇ ਮੌਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਿੱਥੋ ਤੱਕ ਇਸ ਐਕਟ ਦਾ ਸਵਾਲ ਉਸ ਦੇ ਦੋ ਪੱਖ ਹਨ। ਧਾਮੀ ਨੇ ਅੱਗੇ ਕਿਹਾ, ਤੁਹਾਨੂੰ ਸਪੱਸ਼ਟ ਕਰ ਦਿੰਦਾ ਹਾਂ ਕਿ ਮੈਂ ਸ਼ੁਰੂ ਤੋਂ ਹੀ ਕਹਿੰਦਾ ਰਿਹਾ ਹਾਂ ਕਿ ਬੇਅਦਬੀ ਦੇ ਉੱਤੇ, ਬੇਅਦਬੀ ਖ਼ ?ਲਾਫ਼ ਅਤੇ ਬੇਅਦਬੀ ਕਰਨ ਵਾਲੇ 'ਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਭਾਵੇਂ ਉਸ ਨੂੰ ਕੈਪੀਟਲ (ਫਾਂਸੀ) ਸਜ਼ਾ ਹੀ ਦਿਓ ਤਾਂ ਜੋ ਥੋੜ੍ਹਾ ਡਰ ਪਵੇ। ਮੈਂ ਵਕੀਲ ਵੀ ਹਾਂ। ਕਾਨੂੰਨ ਸਖ਼ਤ ਘੱਟ ਰੱਖੇ ਜਾਂਦੇ ਹਨ ਪਰ ਸਖ਼ਤ ਕਾਨੂੰਨਾਂ ਦੇ ਨਾਲ ਬਿਮਾਰੀ ਲਾ-ਇਲਾਜ ਨਹੀਂ ਰਹਿੰਦੀ।

**ਜਦੋਂ ਧਾਮੀ ਨੇ ਕਾਨੂੰਨ ਨੂੰ ਪ੍ਰਵਾਨਗੀ ਦਾ ਕੀਤਾ ਸੀ ਸਵਾਗਤ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਬਿੱਲ ਨੂੰ ਰਾਜਪਾਲ ਵੱਲੋਂ ਮਿਲੀ ਪ੍ਰਵਾਨਗੀ ਦਾ ਸਵਾਗਤ ਕੀਤਾ ਸੀ। ਉਸ ਵੇਲੇ ਧਾਮੀ ਨੇ ਕਿਹਾ ਸੀ, ਕਾਨੂੰਨ ਆਪਣੀ ਥਾਂ ਠੀਕ ਹੈ ਪਰ ਇਸ ਤੋਂ ਵੀ ਵੱਧ ਜ਼ਰੂਰੀ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕੰਮ ਕਰਨ ਵਾਲੀਆਂ ਤਾਕਤਾਂ ਨੂੰ ਬੇਪਰਦਾ ਕਰਕੇ ਇਸ ਮੰਦਭਾਗੇ ਵਰਤਾਰੇ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਕੋਈ ਵੀ ਕਾਨੂੰਨ ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ ਨਾਲ ਹੀ ਅਮਲ ਵਿਚ ਲਿਆ ਕੇ ਸਿੱਟਾਮੁੱਖੀ ਬਣ ਸਕਦਾ ਹੈ, ਕਿਉਂਕਿ ਕਾਨੂੰਨ ਪਹਿਲਾਂ ਵੀ ਮੌਜੂਦ ਹਨ ਪਰ ਫਿਰ ਵੀ ਬੇਅਦਬੀਆਂ ਦੇ ਦੋਸ਼ੀ ਬਚ ਨਿਕਲਦੇ ਰਹੇ ਹਨ। 20 ਅਪ੍ਰੈਲ ਨੂੰ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਾਅਦ ਹੁਣ ਸੂਬੇ ਵਿੱਚ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਲਾਗੂ ਕਰ ਦਿੱਤਾ ਗਿਆ ਹੈ। ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਵਿਸਾਖੀ ਵਾਲੇ ਦਿਨ ਭਾਵ 13 ਅਪ੍ਰੈਲ 2026 ਨੂੰ ਪੰਜਾਬ ਵਿਧਾਨ ਸਭਾ ਵਿੱਚ ਸਰਬ-ਸੰਮਤੀ ਨਾਲ ਪਾਸ ਹੋਇਆ ਅਤੇ 17 ਅਪ੍ਰੈਲ ਨੂੰ ਗਵਰਨਰ ਗੁਲਾਬ ਚੰਦ ਕਟਾਰੀਆ ਵੱਲੋਂ ਮਨਜ਼ੂਰੀ ਮਿਲਣ ਬਾਅਦ ਇਸ ਬਾਰੇ ਨੋਟੀਫ਼ ?ਕੇਸ਼ਨ ਜਾਰੀ ਹੋ ਗਿਆ।

ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਪੰਜ ਸਾਲ ਤੋਂ ਲੈਕੇ ਉਮਰ ਕੈਦ ਤੱਕ ਦੀ ਸਜ਼ਾ ਦੀ ਤਜਵੀਜ਼ ਕੀਤੀ ਗਈ ਹੈ।

ਸਰੂਪਾਂ ਦੀ ਬੇਅਦਬੀ ਦਾ ਦੋਸ਼ੀ ਪਾਏ ਜਾਣ 'ਤੇ ਘੱਟੋ-ਘੱਟ 7 ਸਾਲ ਦੀ ਸਜ਼ਾ ਅਤੇ ਵੱਧ ਤੋਂ ਵੱਧ 20 ਸਾਲ ਤੱਕ ਦੀ ਸਜ਼ਾ ਹੋਵੇਗੀ। ਘੱਟੋ-ਘੱਟ ਜੁਰਮਾਨਾ 2 ਲੱਖ ਹੋਵੇਗਾ ਜਿਸਨੂੰ 10 ਲੱਖ ਤੱਕ ਵਧਾਇਆ ਵੀ ਜਾ ਸਕਦਾ ਹੈ। ਭਾਈਚਾਰਕ ਸਾਂਝ ਜਾਂ ਅਸ਼ਾਂਤੀ ਫੈਲਾਉਣ ਦੇ ਮਕਸਦ ਨਾਲ ਬੇਅਦਬੀ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਪਾਏ ਜਾਣ 'ਤੇ ਘੱਟੋ-ਘੱਟ 10 ਸਾਲ ਅਤੇ ਵੱਧ ਤੋਂ ਵੱਧ ਉਮਰਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। 5 ਲੱਖ ਤੋਂ 25 ਲੱਖ ਤੱਕ ਦਾ ਜੁਰਮਾਨਾ ਲੱਗ ਸਕਦਾ ਹੈ। ਬੇਅਦਬੀ ਲਈ ਉਕਸਾਉਣ ਜਾਂ ਮਦਦ ਕਰਨ ਵਾਲੇ ਨੂੰ ਵੀ ਬੇਅਦਬੀ ਦੇ ਦੋਸ਼ੀ ਲਈ ਨਿਰਧਾਰਤ ਸਜ਼ਾ ਅਨੁਸਾਰ ਹੀ ਸਜ਼ਾ ਮਿਲੇਗੀ। ਬੇਅਦਬੀ ਤੋਂ ਇਲਾਵਾ ਬਾਕੀ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਨੂੰ ਵੱਧ ਤੋਂ ਵੱਧ ਪੰਜ ਸਾਲ ਸਜ਼ਾ ਅਤੇ ਵੱਧ ਤੋਂ ਵੱਧ 10 ਲੱਖ ਤੱਕ ਦਾ ਜੁਰਮਾਨਾ ਲਾਇਆ ਜਾ ਸਕਦਾ ਹੈ। ਜੇ ਕੋਈ ਵਿਅਕਤੀ ਇਸ ਐਕਟ ਅਧੀਨ ਕਿਸੇ ਅਪਰਾਧ ਨੂੰ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸਨੂੰ ਘੱਟੋ-ਘੱਟ ਤਿੰਨ ਸਾਲ ਅਤੇ ਵੱਧ ਤੋਂ ਵੱਧ ਪੰਜ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਇੱਕ ਲੱਖ ਤੋਂ ਤਿੰਨ ਲੱਖ ਤੱਕ ਦਾ ਜੁਰਮਾਨਾ ਵੀ ਲਾਇਆ ਜਾ ਸਕਦਾ ਹੈ।

## ਬੇਅਦਬੀ ਕਾਨੂੰਨ 'ਤੇ ਚਰਚਾ

ਇਕੱਤਰਤਾ ਦੌਰਾਨ ਪੰਜਾਬ ਸਰਕਾਰ ਵੱਲੋਂ ਬਣਾਏ ਗਏ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਾਨੂੰਨ 2026' 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਸਰਬਸੰਮਤੀ ਨਾਲ ਇਸ ਕਾਨੂੰਨ ਨੂੰ ਨਾ-ਮਨਜ਼ੂਰ ਕਰਦੇ ਹੋਏ ਕਿਹਾ ਗਿਆ ਕਿ ਇਸ ਵਿੱਚ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਗ੍ਰੰਥੀ ਸਿੰਘਾਂ ਦੀ ਜ਼ਿੰਮੇਵਾਰੀ ਸਪੱਸ਼ਟ ਨਹੀਂ ਕੀਤੀ ਗਈ, ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ। ਜਥੇਦਾਰ ਗੜਗੱਜ ਨੇ ਕਿਹਾ, ÷ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਸਿੱਖਾਂ ਹੀ ਨਹੀਂ ਸਾਰੀ ਮਨੁੱਖਤਾ ਦੇ ਗੁਰੂ ਹਨ ਅਤੇ ਹਰ ਸਿੱਖ ਦਾ ਫਰਜ਼ ਹੈ ਕਿ ਉਹ ਗੁਰੂ ਸਾਹਿਬ ਦੇ ਸਤਿਕਾਰ ਨੂੰ ਆਪਣੇ ਜੀਵਨ ਵਿੱਚ ਲਾਗੂ ਕਰੇ। ਪੰਜਾਬ ਸਰਕਾਰ ਵੱਲੋਂ ਲਿਆਂਦੇ ਗਏ ਬੇਅਦਬੀ ਕਾਨੂੰਨ 'ਤੇ ਬੋਲਦਿਆਂ ਜਥੇਦਾਰ ਨੇ ਕਿਹਾ, ÷ਸਾਰੇ ਹੀ ਲੋਕ ਚਾਹੁੰਦੇ ਹਨ ਕਿ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲੇ, ਪਰ ਇਸ ਕਾਨੂੰਨ ਵਿੱਚ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਗ੍ਰੰਥੀ ਸਿੰਘਾਂ ਦੀ ਜ਼ਿੰਮੇਵਾਰੀ ਸਪੱਸ਼ਟ ਨਹੀਂ ਕੀਤੀ ਗਈ। ਇਹ ਮਸਲਾ ਪੰਥ ਨਾਲ ਜੁੜਿਆ ਹੋਇਆ ਹੈ ਅਤੇ ਇਸ ਬਾਰੇ ਫ਼ੈਸਲੇ ਪੰਥਕ ਅਧਾਰ 'ਤੇ ਹੀ ਹੋਣੇ ਚਾਹੀਦੇ ਹਨ, ਨਾ ਕਿ ਸਰਕਾਰਾਂ ਵੱਲੋਂ ਇਕੱਲੇ ਤੌਰ 'ਤੇ ਲਏ ਜਾਣੇ ਚਾਹੀਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿੱਖ ਪੰਥ ਦੀ ਪ੍ਰਵਾਨਗੀ ਬਿਨ੍ਹਾਂ ਇਹ ਕਾਨੂੰਨ ਕਿਉਂ ਬਣਾਇਆ ਗਿਆ। ਸਿੱਖ ਪੰਥ ਨੂੰ ਖ਼ੁਦ ਪਤਾ ਹੈ ਕਿ ਗੁਰੂ ਸਾਹਿਬ ਦਾ ਅਦਬ-ਸਤਿਕਾਰ ਕਿਵੇਂ ਕਰਨਾ ਹੈ ਅਤੇ ਕੁਝ ਵਿਅਕਤੀ ਇਕੱਠੇ ਹੋ ਕੇ ਇਸ ਤਰ੍ਹਾਂ ਦੇ ਫ਼ੈਸਲੇ ਨਹੀਂ ਲੈ ਸਕਦੇ। ਇਕੱਤਰਤਾ ਦੌਰਾਨ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ 8 ਮਈ ਸਵੇਰੇ 11 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਬੀਬੀਸੀ ਪੰਜਾਬੀ ਨਾਲ ਗੱਲ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ, ÷ਜਦੋਂ ਵੀ ਅਧਿਕਾਰਤ ਤੌਰ ਉੱਤੇ ਮੈਨੂੰ ਸੱਦਿਆ ਜਾਵੇਗਾ ਤਾਂ ਮੈਂ ਹਾਜ਼ਰ ਹੋਵਾਗਾਂ।





ਹ.ਫਤਾਵਾਰੀ ਪ੍ਰੀਤਨਾਮਾ
Weekly Preetnama
www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD

Joga Singh
*******************************
Jaswinder Singh New Jersey
**********************************
Mindi Manak
NewYork
**********************************
Jagjit Singh Dasuya
*******************************
Gurmeet Singh Dhalwan
Chicago
*******************************
G. S Singh Punjab
*******************************
Sujan Nag, USA
*******************************
Dr. Jagdeep Dhimaan, India
******************
Sarabjit Kaur Punjab
**********************
Sukhmandar Brar
(Bhagata Bhaika) Vancouver,

*******************************
Sunil Kumar Gund
(Journalist) India
***********************************
Raj Rani
Video editor
***************************************
Jagmeet Kaur
97817-41631
*******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**

# ਸਿੱਖ ਕਿਉਂ ਰੁਲਦੇ ਜਾਂਦੇ ਨੀ

**ਪ੍ਰੋ. ਬਲਵਿੰਦਰਪਾਲ ਸਿੰਘ**

ਜਿਹੜੀਆਂ ਕੌਮਾਂ ਰੂਹ ਦੇ ਜ਼ੋਰ ਨਾਲ ਜਿਉਂਦੀਆਂ ਹਨ, ਉਨ੍ਹਾਂ ਦੇ ਦੁੱਖ ਡੂੰਘਿਆਈ ਤੱਕ ਵੀ ਮਾਪੇ ਨਹੀਂ ਜਾ ਸਕਦੇ। ਇਹੋ ਜਿਹੀਆਂ ਕੌਮਾਂ ਦੀ ਦਾਸਤਾਨ ਬੜੀ ਅਨੋਖੀ ਹੋਇਆ ਕਰਦੀ ਹੈ। ਜਦੋਂ ਉਨ੍ਹਾਂ ਦੇ ਆਗੂ ਪਦਾਰਥਵਾਦੀ ਸੋਚ ਤੇ ਨਿੱਜਤਾ ਨਾਲ ਜੁੜ ਜਾਂਦੇ ਹਨ ਤੇ ਉਨ੍ਹਾਂ ਦੀ ਸੋਚ ਵਿਕਾਊ ਹੋ ਜਾਂਦੀ ਹੈ ਤਾਂ ਇਹੋ ਜਿਹੇ ਸਮੇਂ ਦੌਰਾਨ ਰੂਹ ਦੇ ਜ਼ੋਰ ਨਾਲ ਜਿਉਣ ਵਾਲੀਆਂ ਕੌਮਾਂ ਅੰਦਰ ਵੱਲ ਪਰਤ ਜਾਂਦੀਆਂ ਹਨ ਅਤੇ ਗੰਭੀਰ ਖਤਰਿਆਂ ਵਿੱਚ ਘਿਰ ਜਾਂਦੀਆਂ ਹਨ। ਇਸੇ ਨੂੰ ਢਹਿੰਦੀ ਕਲਾ ਦਾ ਨਾਮ ਦਿੱਤਾ ਜਾ ਸਕਦਾ ਹੈ। ਜਾਪਦਾ ਹੈ ਕਿ ਸਿੱਖ ਕੌਮ ਦੀ ਦਰਦਨਾਕ ਦਾਸਤਾਂ ਵੀ ਅਜਿਹੀ ਹੈ, ਜਿਸ ਦਾ ਦਰਦ ਖਮੋਸ਼ੀ ਨਾਲ ਜੁੜ ਗਿਆ। ਇਹ ਦੌਰ ਬਹੁਤ ਲੰਮਾ ਜਾਪਦਾ ਹੈ। ਸਿੱਖ ਕੌਮ ਜਿਸ ਦੌਰ ਵਿਚੋਂ ਗੁਜ਼ਰ ਰਹੀ ਹੈ, ਉਹ ਦੌਰ ਕਦੇ ਵੀ ਇਤਿਹਾਸ ਵਿਚ ਅੱਜ ਤੱਕ ਨਹੀਂ ਵਾਪਰਿਆ। ਅੱਜ ਡੂੰਘਾ ਸਵਾਲ ਇਹੀ ਹੈ ਕਿ ਸਿੱਖ ਕਿਉਂ ਰੁਲਦੇ ਜਾਂਦੇ ਹਨ ?

20ਵੀਂ ਸਦੀ ਦੇ ਪ੍ਰਸਿੱਧ ਪੰਜਾਬੀ ਸ਼ਾਇਰ ਪ੍ਰੋ. ਪੂਰਨ ਸਿੰਘ ਨੇ ਵੀ ਅਜਿਹਾ ਤੌਖਲਾ ਪ੍ਰਗਟਾਇਆ ਸੀ। ਉਸ ਨੇ ਆਪਣੀ ਇਕ ਕਵਿਤਾ ਵਿਚ ਲਿਖਿਆ ਸੀ–

ਇਹ ਗਲੀ !
ਮਾਹੀ ਯਾਰ ਦੀ ਹਾਂ
ਇਹ ਰਾਹ !
ਸੱਚੀ ਸਰਕਾਰ ਦੀ ਹਾਂ
ਓਏ !
ਸਿੱਖ ਕਿਉਂ ਰੁਲਦੇ ਜਾਂਦੇ ਨੀ ?

ਪੂਰਨ ਸਿੰਘ ਨੇ ਆਪਣੀ ਇਸ ਕਵਿਤਾ ਵਿਚ ਸਿੱਖਾਂ ਦੇ ਰੁਲ ਜਾਣ ਦੀ ਗੱਲ ਕੀਤੀ ਹੈ। ਸਾਨੂੰ ਹੁਣ ਇਨ੍ਹਾਂ ਕਾਰਨਾਂ ਦਾ ਲੇਖਾ–ਜੋਖਾ ਕਰਨਾ ਪਵੇਗਾ ਕਿ ਸਿੱਖਾਂ ਵਿਚ ਢਹਿੰਦੀ ਕਲਾ ਕਿਉਂ ਆ ਰਹੀ ਹੈ ਤੇ ਉਹ ਰੁਲ ਕਿਉਂ ਰਹੇ ਨੇ ?

ਸਿੱਖਾਂ ਦਾ ਇਤਿਹਾਸ ਗਵਾਹ ਹੈ ਕਿ ਸਿੱਖ ਹਮੇਸ਼ਾ ਖਤਰਿਆਂ ਦੇ ਨਾਲ ਖੇਡਦੇ ਰਹੇ ਹਨ। ਸ਼ਹਾਦਤਾਂ ਦਿੰਦੇ ਰਹੇ ਹਨ। ਬੜੀਆਂ ਮੁਸੀਬਤਾਂ ਵਿਚੋਂ ਵੀ ਗੁਜ਼ਰੇ ਹਨ ਪਰ ਅਜਿਹਾ ਦੌਰ ਕਦੇ ਵੀ ਨਹੀਂ ਆਇਆ ਕਿ ਉਹ ਬਿਲਕੁਲ ਹੀ ਖਾਮੋਸ਼ ਹੋ ਗਏ ਹੋਣ ਜਿਵੇਂ ਕਿ ਅੱਜ ਹਨ। ਸਿੱਖਾਂ ਦੇ ਬੀਤ ਚੁੱਕੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ–ਪੀਰੀ ਦੇ ਸੰਕਲਪ ਤਹਿਤ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਸੰਸਾਰਕ ਰਾਜਨੀਤੀ ਤੋਂ ਵੀ ਉੱਪਰ ਸੱਚੇ ਪਾਤਸ਼ਾਹ (ਅਕਾਲ ਪੁਰਖ) ਤਖ਼ਤ ਐਲਾਨ ਕਰ ਦਿੱਤਾ, ਜਿੱਥੇ ਧਰਮ ਤੇ ਰਾਜਨੀਤੀ ਸਾਂਝੀ ਸੀ ਤੇ ਇਨਸਾਫ ਤੇ ਸੱਚ ਦਾ ਬੋਲਬਾਲਾ ਸੀ।

ਕਹਿਣ ਤੋਂ ਭਾਵ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖ ਕੌਮ ਵਿਚ ਚੜ੍ਹਦੀ ਕਲਾ ਦਾ ਦੌਰ ਸਿਰਜਿਆ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਮਨੁੱਖੀ ਅਧਿਕਾਰਾਂ ਦੇ ਹਿੱਤ ਵਿੱਚ ਸ਼ਹਾਦਤ ਹੋਈ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰ ਚੁੱਕ ਲਏ। ਇਸ ਕਰਕੇ ਕਿ ਇਨ੍ਹਾਂ ਤੋਂ ਬਿਨਾਂ ਸਿੱਖ ਕੌਮ ਦੀ ਵੱਖਰੀ ਹੋਂਦ ਕਾਇਮ ਨਹੀਂ ਰੱਖੀ ਜਾ ਸਕਦੀ ਸੀ ਤੇ ਨਾ ਹੀ ਜ਼ੁਲਮ ਨਾਲ ਟੱਕਰ ਲਈ ਜਾ ਸਕਦੀ ਸੀ। ਗੁਰੂ ਦਾ ਨਿਸ਼ਾਨਾ ਇਹ ਸੀ ਕਿ ਸ਼ਬਦ ਗੁਰੂ ਲਹਿਰ ਅਧੀਨ ਸਿੱਖਾਂ ਨੂੰ ਗਿਆਨਵਾਨ, ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ ਬਣਾਉਣਾ ਤੇ ਸੁਚੱਜੇ ਆਦਰਸ਼ਵਾਦੀ ਸਮਾਜ ਦੀ ਸਿਰਜਣਾ ਕਰਨਾ। ਇਸੇ ਸੰਕਲਪ ਅਧੀਨ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ, ਜਿਸ ਦਾ ਨਿਸ਼ਾਨਾ ਸੀ ਹਲੇਮੀ ਰਾਜ ਤੇ ਬੇਗਮਪੁਰੇ ਦੀ ਸਿਰਜਣਾ, ਜਿੱਥੇ ਸਮੂਹ ਲੋਕ ਸੁਖੀ ਰਹਿਣ ਭਾਵੇਂ ਉਹ ਕਿਸੇ ਜਾਤ ਦੇ ਹੋਣ, ਕਿਸੇ ਧਰਮ ਦੇ ਹੋਣ। ਰਾਜਾ ਨਿਆਂਕਾਰੀ ਹੋਵੇ ਤੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਹੋਵੇ। ਗੁਰੂ ਦੀ ਬਖਸ਼ਿਸ਼ ਸਦਕਾ ਉਹ ਦੌਰ ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਵੇਲੇ ਆਇਆ, ਜਿਥੇ ਦਬੇ–ਕੁਚਲਿਆਂ, ਲੁੱਟੇ–ਕੁੱਟੇ ਕਿਸਾਨਾਂ ਨੂੰ ਰਾਜੇ ਬਣਾਇਆ ਗਿਆ। ਜੰਗ ਦੇ ਮੈਦਾਨ ਵਿਚ ਜੂਝਣ ਦਾ ਉਨ੍ਹਾਂ ਨੇ ਵੱਲ ਸਿੱਖਿਆ। ਇਹ ਦੱਬੇ–ਕੁਚਲੇ ਲੋਕ ਉਨ੍ਹਾਂ ਸਵਰਨ ਜਾਤਾਂ ਦੀ ਕਿਸਮਤ ਦੇ ਘਾੜੇ ਬਣੇ ਜੋ ਉਨ੍ਹਾਂ ਨੂੰ ਗੁਲਾਮਾਂ ਦੀ ਤਰ੍ਹਾਂ ਲਿਤਾੜਦੇ ਸਨ ਅਤੇ ਉੱਚ ਜਾਤ ਦਾ ਗੁਮਾਨ ਰੱਖ ਕੇ ਦਬੇ–ਕੁਚਲੇ ਲੋਕਾਂ ਅਤੇ ਕਿਸਾਨਾਂ ਨਾਲ ਪਸ਼ੂਆਂ ਤੋਂ ਵੀ ਭੈੜਾ ਸਲੂਕ ਕਰਦੇ ਸਨ।

ਸਿੱਖਾਂ ਦੀ ਫੁੱਟ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਗਿਆ, ਸ਼ਹਾਦਤਾਂ ਹੋਈਆਂ, ਸਿੱਖਾਂ ਦੇ ਬੰਦ–ਬੰਦ ਕੱਟੇ ਗਏ, ਮਾਵਾਂ ਨੇ ਸਿੱਖੀ ਸਿਦਕ ਨਾ ਹਾਰਦਿਆਂ ਆਪਣੇ ਬੱਚਿਆਂ ਦੇ ਟੋਟੇ ਕਰਵਾ ਕੇ ਆਪਣੀਆਂ ਝੋਲੀਆਂ 'ਚ ਪੁਆ ਲਏ। ਕਿੰਨਾ ਭਿਆਨਕ ਦੌਰ ਸੀ ਜਦੋਂ ਮੁਗਲ ਹਕੂਮਤ ਦੌਰਾਨ ਮਨੁੱਖੀ ਅਧਿਕਾਰਾਂ ਦੀ ਕੋਈ ਕਦਰ ਨਹੀਂ ਸੀ, ਪਰ ਸਿੱਖ ਫਿਰ ਵੀ ਨਹੀਂ ਹਾਰੇ, ਫਿਰ ਵੀ ਨਹੀਂ ਰੁਲੇ। ਗੁਰੂ ਨੂੰ ਅੰਗ–ਸੰਗ ਸਮਝ ਕੇ ਚੜ੍ਹਦੀ ਕਲਾ ਵਿੱਚ ਰਹੇ।

ਮਿਸਲਾਂ ਦਾ ਯੁਗ ਆਇਆ, ਮੁਗਲ ਹਕੂਮਤ ਤਬਾਹ ਹੋ ਕੇ ਰਹਿ ਗਈ। ਸਿੱਖ ਕੌਮ ਦੀ ਅਹਿਮਦ ਸ਼ਾਹ ਅਬਦਾਲੀ, ਨਾਦਰ ਸ਼ਾਹ ਨਾਲ ਟੱਕਰ ਹੋਈ, ਦੋ ਘੱਲੂਘਾਰੇ ਹੋਏ ਪਰ ਸਿੱਖ ਚੜ੍ਹਦੀ ਕਲਾ ਵਿੱਚ ਰਹੇ। 18ਵੀਂ ਸਦੀ ਦੌਰਾਨ ਬਾਬਾ ਬਘੇਲ ਸਿੰਘ ਦੀ ਅਗਵਾਈ ਵਿੱਚ ਸਿੱਖ ਦਿੱਲੀ 'ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਪੂਰੇ ਭਾਰਤ ਦੇ ਸਰਦਾਰ ਬਣ ਗਏ। ਇਸੇ ਲਈ ਸਿੱਖਾਂ ਦੇ ਸੀਨੇ–ਬਸੀਨੇ ਇਹ ਸ਼ਬਦ ਘਰ ਕੀਤਾ ਹੋਇਆ ਹੈ 'ਦਿੱਲੀ ਤਖ਼ਤ ਪਰ ਬਹੇਗੀ ਆਪ ਗੁਰੂ ਕੀ ਫੌਜ, ਛਤਰ ਝੁਲੇਂਗੇ ਸੀਸ ਪਰ ਬੜੀ ਕਰੇਗੀ ਮੌਜ'।

ਮਹਾਰਾਜਾ ਰਣਜੀਤ ਸਿੰਘ ਦੇ ਦੌਰ ਦੌਰਾਨ ਸਿੱਖਾਂ ਨੇ ਪੰਜਾਬ ਉੱਪਰ ਰਾਜ ਕੀਤਾ। ਅਫਗਾਨੀਆਂ ਅਤੇ ਅੰਗਰੇਜ਼ਾਂ ਨੂੰ ਡੱਕ ਕੇ ਰੱਖੀ ਰੱਖਿਆ। ਮਰਹੱਟੇ ਅਤੇ ਰਾਜਪੂਤ ਵੀ ਸਿੱਖਾਂ ਤੋਂ ਖੌਫ ਖਾਂਦੇ ਸਨ। ਅੰਗਰੇਜ਼ਾਂ ਦੇ ਸਮੇਂ ਸਿੱਖਾਂ ਨੇ ਭਾਰਤ ਨੂੰ ਗੁਲਾਮੀ ਤੋਂ ਛੁਟਕਾਰਾ ਦੁਆਉਣ ਲਈ 80 ਪ੍ਰਤੀਸ਼ਤ ਕੁਰਬਾਨੀਆਂ ਕੀਤੀਆਂ, ਜੇਲ੍ਹਾਂ ਕੱਟੀਆਂ ਪਰ ਫਿਰ ਵੀ ਸਿੱਖ ਚੜ੍ਹਦੀ ਕਲਾ ਵਿੱਚ ਰਹੇ।

ਬੀਤੇ ਤਿੰਨ ਦਹਾਕਿਆਂ ਦੌਰਾਨ ਸਿੱਖਾਂ ਨੇ ਗੰਭੀਰ ਸੰਤਾਪ ਝੱਲਿਆ। ਜੂਨ 84 ਅਤੇ ਨਵੰਬਰ–84 ਦੇ ਦੋ ਘੱਲੂਘਾਰਿਆਂ ਨੂੰ ਹੰਢਾਇਆ ਹੈ। ਇਨ੍ਹਾਂ ਘੱਲੂਘਾਰਿਆਂ ਦੌਰਾਨ ਸਿੱਖਾਂ ਦਾ ਵੱਡਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਹਰਿਮੰਦਰ ਸਾਹਿਬ ਦੀ ਬੇਅਦਬੀ ਹੋਈ, ਅਕਾਲ ਤਖ਼ਤ ਸਾਹਿਬ ਫੌਜੀ ਹਮਲੇ ਕਾਰਣ ਢਹਿ–ਢੇਰੀ ਹੋਇਆ ਤੇ ਨਵੰਬਰ 84 ਦੌਰਾਨ ਸਿੱਖਾਂ ਦਾ ਵੱਡੀ ਪੱਧਰ 'ਤੇ ਕਤਲੇਆਮ ਕੀਤਾ ਹੋਇਆ। ਸਿੱਖਾਂ ਦੀਆਂ ਧੀਆਂ–ਭੈਣਾਂ ਦੀ ਸ਼ਰੇਆਮ ਇੱਜ਼ਤ ਲੁੱਟੀ ਗਈ। ਪੰਜਾਬ ਵਿੱਚ ਸ਼ਾਂਤੀ ਕਾਇਮ ਕਰਨ ਦੇ ਨਾਂ 'ਤੇ ਸਿੱਖਾਂ ਨੂੰ ਲਾਵਾਰਿਸ ਲਾਸ਼ਾਂ ਬਣਾਇਆ ਗਿਆ। ਇਸ ਦੌਰ ਤੋਂ ਬਾਅਦ ਰਵਾਇਤੀ ਸਿੱਖ ਲੀਡਰਸ਼ਿਪ ਨੇ ਸਿੱਖ ਕੌਮ ਨਾਲ ਸੱਤਾ ਦੇ ਲਾਲਚ 'ਚ ਧੋਖਾ ਕੀਤਾ। ਇਹ ਦੁਖਾਂਤ 18ਵੀਂ ਸਦੀ ਦੇ ਸਿੱਖ ਘੱਲੂਘਾਰਿਆਂ ਤੇ ਚਮਕੌਰ ਦੀ ਗੜ੍ਹੀ ਦੇ ਦ੍ਰਿਸ਼ ਤੋਂ ਵੱਖਰਾ ਨਹੀਂ ਸੀ। ਜੇਕਰ ਸਿੱਖ ਉਸ ਸਮੇਂ ਚੜ੍ਹਦੀ ਕਲਾ 'ਚ ਰਹਿ ਸਕਦੇ ਹਨ, ਤਾਂ ਹੁਣ ਅਜਿਹਾ ਕੀ ਬੀਤਿਆ ਹੈ ਕਿ ਦੋ ਘੱਲੂਘਾਰਿਆਂ ਤੋਂ ਬਾਅਦ ਸਿੱਖਾਂ ਵਿੱਚੋਂ ਗੁਰੂ ਦਾ ਸੁਹਜ ਹੀ ਗਾਇਬ ਹੋ ਗਿਆ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਸਿੱਖ ਲੀਡਰਸ਼ਿਪ ਨੇ ਗੁਰੂਆਂ ਦੀ ਵਿਚਾਰਧਾਰਾ 'ਚ ਮਿਲਾਵਟੀ ਰੰਗ ਭਰ ਕੇ ਮਾਇਆਵਾਦੀ, ਕਰਮ–ਕਾਂਡੀ ਤੇ ਸੱਤਾ ਦੀ ਦੌੜ ਵਿੱਚ ਆਪਣੇ–ਆਪ ਨੂੰ ਜਜ਼ਬ ਕਰ ਲਿਆ। ਪੰਥ ਦੀਆਂ ਮੰਗਾਂ ਤੇ ਮਸਲਿਆਂ ਨਾਲੋਂ ਨਾਤਾ ਤੋੜ ਲਿਆ ਤੇ ਸਮੁੱਚੀ ਕੌਮ ਨੂੰ ਦਿਸ਼ਾਹੀਣ ਕਰ ਦਿੱਤਾ।

ਅਸੀਂ ਇਕ ਅਜਿਹੇ ਪੜਾਅ 'ਤੇ ਆ ਪਹੁੰਚੇ ਹਾਂ ਜਿੱਥੇ ਸਾਨੂੰ ਆਪਣੇ ਅੰਦਰ ਇਕ ਡੂੰਘੀ ਝਾਤ ਮਾਰਨੀ ਪੈਣੀ ਹੈ। ਜਦੋਂ ਕੌਮ ਆਪਣੇ ਪੈਗੰਬਰਾਂ ਦੀ ਪਹਿਲ ਤਾਜ਼ਗੀ ਨਾਲੋਂ ਟੁੱਟਣ ਲੱਗਦੀ ਹੈ ਤਾਂ ਕੌਮਾਂ ਵਿਚ ਖੜੋਤ ਆ ਜਾਂਦੀ ਹੈ। ਇਹ ਸਭ ਹੁਣ ਸਾਡੇ ਨਾਲ ਬੀਤ ਰਿਹਾ ਹੈ। ਇਹ ਵੇਲਾ ਹੈ ਕਿ ਅਸੀਂ ਆਪਣੀ ਅੰਤਰ–ਦ੍ਰਿਸ਼ਟੀ ਨਾਲ ਇਸ ਸਭ ਕੁਝ ਦਾ ਲੇਖਾ–ਜੋਖਾ ਕਰੀਏ। ਇਹ ਨੁਕਤਾ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਸਾਰਾ ਖ਼ਤਰਾ ਸਾਡੀ ਵੱਖਰੀ ਪਛਾਣ ਗੁਆਚਣ ਦਾ ਹੈ। ਆਰ. ਐਸ. ਐਸ., ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ, ਪਖੰਡੀ ਸਾਧ ਅਤੇ ਸਿੱਖ ਵਿਰੋਧੀ ਜਥੇਬੰਦੀਆਂ ਸਾਡੀ ਵੱਖਰੀ ਪਛਾਣ ਨੂੰ ਖੋਰਨ 'ਤੇ ਤੁਲੀਆਂ ਹੋਈਆਂ ਹਨ। ਸੁਆਲ ਤਾਂ ਇਹ ਹੈ ਕਿ ਅਸੀਂ ਰਹਿਤ, ਇਖਲਾਕੀ ਸੁੱਚਤਾ, ਸੂਰਮਗਤੀ ਤੇ ਮੀਰੀ ਦਾ ਨਿਆਰਾ ਤੇ ਪਿਆਰਾ ਸਿਧਾਂਤ, ਸ਼ਬਦ ਗੁਰੂ ਪਹਿਰੇ ਦੇ ਅਧੀਨ ਦੁਨੀਆਂ ਦੇ ਸਭਨਾਂ ਸੁਆਰਥਾਂ ਤੋਂ ਅਛੋਹ ਅਤੇ ਉਚੇਰਾ ਕਿਵੇਂ ਰੱਖੀਏ ?

ਅਜੋਕੇ ਸਮੇਂ ਸਿੱਖ ਅਮੀਰ ਹੁੰਦੇ ਜਾ ਰਹੇ ਹਨ, ਗੁਰਦੁਆਰੇ ਵੀ ਸੋਹਣੇ ਬਣ ਰਹੇ ਹਨ ਪਰ ਸਿੱਖੀ ਗਾਇਬ ਹੁੰਦੀ ਜਾ ਰਹੀ ਹੈ। ਸਿੱਖੀ ਸਿਦਕ ਹੁਣ ਦਿਖਾਈ ਨਹੀਂ ਦਿੰਦਾ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਜਾਵੇ, ਸਿੱਖਾਂ ਦਾ ਕੋਈ ਮਜ਼ਾਕ ਉਡਾ ਲਵੇ ਜਾਂ ਕਿਸੇ ਪ੍ਰਾਂਤ ਵਿੱਚ ਸਿੱਖਾਂ 'ਤੇ ਫਿਰਕੂ ਹਮਲਾ ਹੋ ਜਾਵੇ, ਜਿਵੇਂ ਕਿ ਹੁਣ ਗੁਜਰਾਤ ਵਿੱਚ ਸਿੱਖ ਕਿਸਾਨਾਂ ਨਾਲ ਵਾਪਰਿਆ ਹੈ, ਪਰ ਸਿੱਖਾਂ 'ਤੇ ਇਸ ਦਾ ਕੋਈ ਅਸਰ ਨਹੀਂ ਹੁੰਦਾ। ਸਿੱਖ ਜੱਥੇਬੰਦੀਆਂ, ਸ਼੍ਰੋਮਣੀ ਕਮੇਟੀ ਤੇ ਪੰਥਕ ਲੀਡਰਾਂ ਦਾ ਪ੍ਰਤੀਕਰਮ ਸਿਰਫ਼ ਅਖਬਾਰਾਂ ਵਿੱਚ ਬਿਆਨਬਾਜ਼ੀ ਤੱਕ ਹੀ ਸੀਮਤ ਰਹਿੰਦਾ ਹੈ। ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਸਿੱਖ ਸਮੱਸਿਆਵਾਂ ਨਾਲ ਨਾਤਾ ਤੋੜ ਚੁੱਕਿਆ ਹੈ। ਇਸ ਲਈ ਉਸ ਤੋਂ ਕਿਸੇ ਵੀ ਤਰ੍ਹਾਂ ਦੀ ਪੰਥਕ ਹਿੱਤਾਂ ਵਿੱਚ ਆਸ ਰੱਖਣੀ ਫ਼ਜ਼ੂਲ ਹੈ।

ਇਨ੍ਹਾਂ ਗੰਭੀਰ ਸਥਿਤੀਆਂ ਨੂੰ ਦੇਖਦੇ ਹੋਏ ਕਈ ਸਿੱਖ ਵਿਦਵਾਨ ਸੋਚਦੇ ਹਨ ਕਿ ਸਿੱਖਾਂ ਦਾ ਹੁਣ ਅੰਤਿਮ ਦੌਰ ਆ ਗਿਆ ਹੈ। ਹਰ ਕੋਈ ਪੁੱਛਦਾ ਹੈ ਕਿ ਕੀ ਬਣੇਗਾ ਸਿੱਖ ਕੌਮ ਦਾ ? ਇਸ ਦਾ ਭਵਿੱਖ ਕੀ ਹੈ ? ਕੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਲਗਾਇਆ ਹੋਇਆ ਸਿੱਖੀ ਦਾ ਬੂਟਾ ਹੁਣ ਆਖਰੀ ਸਾਹਾਂ 'ਤੇ ਹੈ ? ਕਿਤੇ ਇਸ ਦਾ ਹਾਲ ਮਹਾਰਾਣਾ ਪ੍ਰਤਾਪ ਦੀ ਔਲਾਦ ਵਰਗਾ ਤਾਂ ਨਹੀਂ ਹੋਵੇਗਾ ਜਿਹੜੇ ਪੰਜਾਬ ਦੀਆਂ ਗਲੀਆਂ ਦੇ ਵਿਚ ਬਾਲਟੀਆਂ ਨੂੰ ਥੱਲੇ ਲਾਉਣ ਦਾ ਹੋਕਾ ਦੇ ਕੇ ਜੁਝਾਰੂ ਕੌਮਾਂ ਤੋਂ ਘਸਿਆਰੇ ਬਣੇ ਹੋਏ ਸਿਰਫ ਆਪਣੀ ਰੋਜ਼ੀ–ਰੋਟੀ ਤੱਕ ਸੀਮਿਤ ਹਨ। ਥਾਂ ਟਿਕਾਣਾ ਵੀ ਕੋਈ ਨਹੀਂ, ਸਿਰਫ ਟੱਪਰੀਵਾਸੀ ਬਣੇ ਹੋਏ ਹਨ। ਪੁੱਛੀਏ ਤਾਂ ਬੜੇ ਦਾਅਵੇ ਨਾਲ ਕਹਿੰਦੇ ਹਨ ਕਿ ਅਸੀਂ ਮਹਾਰਾਣਾ ਪ੍ਰਤਾਪ ਦੀ ਔਲਾਦ ਹਾਂ। ਕਿਤੇ ਸਿੱਖਾਂ 'ਤੇ ਇਹੋ ਜਿਹਾ ਦੌਰ ਤਾਂ ਨਹੀਂ ਆ ਜਾਵੇਗਾ ਕਿ ਉਨ੍ਹਾਂ ਵਿਚ ਮਹਾਰਾਣਾ ਪ੍ਰਤਾਪ ਦੀ ਔਲਾਦ ਵਾਂਗ ਚੜ੍ਹਦੀ ਕਲਾ ਦਾ ਅੰਸ਼ ਹੀ ਮੁੱਕ ਜਾਵੇ।



Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 352
Website: www.preetnama.com Email preetnamausa@gmail.com
08 MAY TO 14 MAY, 2026

# पुराने दोस्त द्रमुक का हाथ दिया झटक, सत्ता के लिए पाला बदलने में कांग्रेस को कभी नहीं होती हिचक






तमिलनाडु की राजनीति में आज एक बड़ा और चौंकाने वाला मोड़ देखने को मिला, जब कांग्रेस ने विजय की तमिलगा वेत्री कड़गम यानि टीवीके को सरकार गठन के लिए समर्थन देने की घोषणा कर दी। इस फैसले के साथ ही द्रविड़ मुनेत्र कषगम यानि द्रमुक और कांग्रेस के बीच दो दशक से अधिक पुराने राजनीतिक रिश्ते पर लगभग विराम लग गया है। कांग्रेस ने साफ किया है कि उसका यह गठबंधन केवल सरकार गठन तक सीमित नहीं रहेगा, बल्कि स्थानीय निकाय, लोकसभा और राज्यसभा चुनावों तक जारी रहेगा।हम आपको बता दें कि तमिलनाडु विधानसभा चुनाव में विजय की पार्टी टीवीके 234 सदस्यीय सदन में 108 सीटों के साथ सबसे बड़ी पार्टी बनकर उभरी है। बहुमत के लिए 118 सीटों की जरूरत है। कांग्रेस के पांच विधायकों के समर्थन के बाद यह संख्या 113 तक पहुंच गई है और अब सरकार गठन के लिए केवल पांच और विधायकों की आवश्यकता रह गई है। विजय ने राज्यपाल राजेंद्र आर्लेकर से मुलाकात कर सरकार बनाने का दावा भी पेश कर दिया है।

कांग्रेस ने अपने समर्थन के साथ एक महत्वपूर्ण शर्त भी रखी है। पार्टी ने कहा है कि टीवीके किसी भी परिस्थिति में भाजपा या उसके सहयोगी दलों को सरकार या गठबंधन का हिस्सा नहीं बनाएगी। तमिलनाडु प्रभारी गिरीश चोडानकर ने कहा कि कांग्रेस धर्मनिरपेक्ष, प्रगतिशील और संवैधानिक मूल्यों वाली राजनीति के साथ खड़ी है और जनता के जनादेश का सम्मान करना उसका कर्तव्य है। उधर, कांग्रेस के इस फैसले ने द्रमुक को गहरा राजनीतिक झटका दिया है। द्रमुक नेताओं ने इसे ''पीठ में छूरा घोंपना'' बताया है। यह नाराजगी इसलिए भी अधिक है क्योंकि द्रमुक और कांग्रेस का रिश्ता केवल चुनावी समझौता नहीं बल्कि लंबे समय की राजनीतिक साझेदारी माना जाता रहा है। दोनों दल पहली बार 1971 में साथ आए थे और बाद में 2004 से 2013 तक द्रमुक केंद्र में संयुक्त प्रगतिशील गठबंधन सरकार का अहम हिस्सा रही थी। 2016 के बाद दोनों ने फिर मिलकर चुनाव लड़े और राष्ट्रीय स्तर पर भाजपा विरोधी राजनीति की मजबूत धुरी बने।

राजनीतिक विश्लेषकों का मानना है कि कांग्रेस का यह कदम केवल तमिलनाडु तक सीमित नहीं रहेगा, बल्कि इसका असर राष्ट्रीय राजनीति और विपक्षी गठबंधन इंडिया पर भी पड़ेगा। अब सबसे बड़ा सवाल यह है कि जब कांग्रेस और द्रमुक तमिलनाडु में आमने सामने होंगे, तब क्या वह राष्ट्रीय स्तर पर एक मंच पर बने रह पाएंगे। कांग्रेस यह तर्क दे रही है कि वाम दलों और तृणमूल कांग्रेस की तरह अलग अलग राज्यों में राजनीतिक प्रतिस्पर्धा के बावजूद इंडिया गठबंधन जारी रह सकता है। लेकिन द्रमुक की नाराजगी और कांग्रेस के नए रुख ने विपक्षी एकता पर गंभीर सवाल खड़े कर दिए हैं।

इस घटनाक्रम का सबसे बड़ा राजनीतिक लाभ विजय और उनकी पार्टी टीवीके को मिलता दिखाई दे रहा है। पहली बार चुनाव लड़कर सबसे बड़ी पार्टी बनना और उसके तुरंत बाद कांग्रेस जैसे राष्ट्रीय दल का समर्थन हासिल करना विजय को राज्य की राजनीति में एक मजबूत विकल्प के रूप में स्थापित करता है। यही कारण है कि कांग्रेस कार्यकर्ताओं ने चेन्नई स्थित सत्यमूर्ति भवन में जश्न मनाया और इसे नई राजनीतिक शुरुआत बताया। विजय ने कांग्रेस अध्यक्ष मल्लिकार्जुन खरगे और राहुल गांधी से बात कर उन्हें शपथ ग्रहण समारोह में आमंत्रित भी किया है। इससे यह संकेत मिलता है कि दोनों दल भविष्य में स्थायी राजनीतिक साझेदारी की दिशा में आगे बढ़ सकते हैं। कांग्रेस नेता प्रवीण चक्रवर्ती ने बताया कि विजय ने राहुल गांधी और खरगे को फोन कर समर्थन के लिए धन्यवाद दिया। हालांकि सरकार गठन का रास्ता अभी पूरी तरह साफ नहीं है। कांग्रेस के समर्थन के बाद भी टीवीके बहुमत से पांच सीट दूर है। ऐसे में नजर अब अन्नाद्रमुक पर टिकी है, जिसके पास 47 विधायक हैं। यदि अन्नाद्रमुक किसी रूप में समर्थन देती है, तो विजय आसानी से बहुमत हासिल कर सकते हैं। लेकिन यही वह स्थिति है जिसने कांग्रेस को असहज कर रखा है, क्योंकि उसने स्पष्ट कहा है कि भाजपा या उसके सहयोगियों की भागीदारी स्वीकार नहीं होगी। ऐसे में देखना होगा कि क्या अन्नाद्रमुक में विभाजन होता है या फिर अन्नाद्रमुक भाजपा का साथ छोड़कर विजय के साथ आ जाती है।

In Puducherry, the mandate for continuity is clear as day. We are proudly forming the government for the second consecutive term, proving that the stability provided by the NDA resonates deeply with the public. The journey towards a developed territory continues uninterrupted. In Tamil Nadu, while we humbly accept the mandate and recognise that we must work harder on the ground, there is a massive silver lining. The DMK's crushing defeat in Tamil Nadu sends a thunderous message: "Insult to Sanatan will NOT be tolerated by India." The rejection of Chief Minister MK Stalin and Udhayanidhi Stalin makes it crystal clear: the people of Tamil Nadu have completely cast aside those who abuse Sanatan, those who obstruct the path of Deepam, and those who try to divide the nation in the name of region and language. While we celebrate this beautiful festival of democracy, the state of the principal opposition is truly pathetic. At a time when election results are unfolding and their defeated leaders desperately need moral support, Rahul Gandhi is completely missing from the battlefield. Instead of standing with his cadre, he is away on a foreign visit, as always. A leader who does not stand beside his workers in the hour of crisis, who abandons his party's leaders and ground-level workers on this decisive moment to travel abroad-how can such a person aspire to lead the people of India? Another feather in his crown is his completion of a century of defeats. This glaring absence proves why the nation has decisively chosen our relentless dedication over the irresponsible leadership of the Congress party. This mandate carries one clear message: whether it is Bengal, Assam, Kerala, Puducherry, or Tamil Nadu, wherever the BJP and NDA have earned the people's trust, the people have responded with overwhelming support. Across these five states, only the BJP and NDA retained their governments, returning with even greater support. This is not merely an electoral victory. It is the people of India placing their seal of approval on 'Modi's Guarantee.' We salute the people of Bengal, Assam, Kerala, Puducherry, and Tamil Nadu. We offer our heartfelt congratulations to every BJP and NDA worker who toiled tirelessly to make this victory possible. We now take the pledge to serve with even greater responsibility and dedication, to live up to every expectation the people have placed in us. 'Sabka Saath, Sabka Vikas, Sabka Vishwas' — this is our mantra, and this is our path forward.

# ਅਲਵਿਦਾ ਬਾਪੂ !



ਮੈਂ ਅਕਸਰ ਸੋਚਦਾ ਹੁੰਦਾ ਕਿ ਯਾਰ ਬਾਪੂ ਕਿਹੜੀ ਮਿੱਟੀ ਦਾ ਬਣਿਆ ਹੋਇਆ ਸੀ। ਨਾ ਮੈਂ ਕਦੇ ਉਹਨੂੰ ਅੱਜ ਤੱਕ ਰੋਂਦਾ ਦੇਖਿਆ ਤੇ ਨਾ ਕਦੇ ਜਜ਼ਬਾਤੀ ਹੋਇਆ। ਉਹ ਪੂਰੀ ਜ਼ਿੰਦਗੀ ਗੜਕ ਨਾਲ ਜੀਵਿਆ ਤੇ ਮੜਕ ਨਾਲ ਇੰਸਪੈਕਟਰੀ ਕੀਤੀ। ਕਿਤਾਬਾਂ ਦਾ ਸ਼ੁਦਾਈ ਸੀ ਪਰ ਸਿਰੇ ਦਾ ਸ਼ਰਾਬੀ ਵੀ। ਸੈਂਕੜੇ ਨਹੀਂ, ਹਜ਼ਾਰਾਂ ਦੀ ਗਿਣਤੀ 'ਚ ਨਾਵਲ ਕਈ-ਕਈ ਵਾਰੀ ਪੜ੍ਹ ਸੁੱਟੇ ਸੀ ਉਹਨਾਂ ਨੇ। ਸ਼ਰਾਬ ਬਿਨ ਵੀ ਕਈ ਕਈ ਵਾਰ ਮਹੀਨਾ ਵੀ ਲੰਘ ਜਾਂਦਾ ਸੀ। ਪਰ ਜਦੋਂ ਪੀਣੀ ਤਾਂ ਦਿਨ ਰਾਤ ਦਾ ਪਤਾ ਨਹੀਂ ਸੀ ਰਹਿੰਦਾ। ਮਾਰਕਫ਼ੈਡ ਦੇ ਸਾਰੇ ਸੰਗੇ ਸਾਥੀ ਹੀ ਖਾਣ ਪੀਣ ਵਾਲੇ ਜੋ ਸਨ। ਦੂਜੇ ਪਾਸੇ ਨਿੱਤਨੇਮ ਦਾ ਵੀ ਪੱਕਾ ਸੀ, ਰੋਜਾਨਾ ਸਵੇਰੇ ਸ਼ਾਮ ਮੂੰਹ-ਜਬਾਨੀ ਪਾਠ ਕਰਦੇ ਸਨ।

ਜਵਾਨੀ ਵੇਲੇ ਬਾਪੂ ਦੇ ਲਲਕਾਰੇ ਤੋਂ ਸਾਰਾ ਪਿੰਡ ਭੈ ਖਾਂਦਾ ਸੀ। ਪਰ ਉਹਨੇ ਕਦੇ ਕਿਸੇ ਨਾਲ ਜ਼ਿੰਦਗੀ 'ਚ ਨਾਜਾਇਜ਼ ਨਹੀਂ ਕੀਤੀ, ਨਾਜਾਇਜ਼ ਚੱਲਣੀ ਤਾਂ ਕਿੱਥੋਂ ਸੀ। ਤਪਾ, ਬਠਿੰਡਾ, ਬਰੇਟਾ, ਬੁਢਲਾਡਾ, ਬਰਨਾਲਾ, ਮੋਗਾ, ਹੁਸ਼ਿਆਰਪੁਰ, ਢਿੱਲਵਾਂ ਤੇ ਹੋਰ ਪਤਾ ਨਹੀਂ ਕਿਹੜੇ-ਕਿਹੜੇ ਸ਼ਹਿਰਾਂ ਤੇ ਜ਼ਿਲ੍ਹਿਆਂ 'ਚ ਸਕੂਟਰ ਜਾਂ ਮੋਟਰਸਾਈਕਲ 'ਤੇ ਹੀ ਸਫ਼ਰ ਕਰਦੇ ਸੀ। ਕੁੱਲੂ ਮਨਾਲੀ ਵਗੈਰਾ ਤੇ ਯੂਪੀ ਤੱਕ ਸਕੂਟਰ 'ਤੇ ਹੀ ਗਾਹ ਮਾਰਿਆ ਸੀ। ਜੁਬਾਨ ਦਾ ਕੁਰੱਖਤ ਪਰ ਦਿਲ ਦਾ ਸੱਚਾ ਸੀ। ਕਦੇ ਕਿਸੇ ਨਾਲ ਕੋਈ ਧੋਖੇਬਾਜੀ ਨਹੀਂ ਕੀਤੀ, ਜੁਬਾਨ ਦਾ ਪੱਕਾ ਸੀ।

ਇੱਕ ਉਹ ਵੀ ਸਮਾਂ ਸੀ ਜਦੋਂ ਸਰਪੰਚ ਹਰ ਗੱਲ 'ਚ ਬਾਪੂ ਦੀ ਸਲਾਹ ਲੈਂਦੇ ਸੀ। ਉਦੋਂ ਸਰਪੰਚ ਹੋਣੀ ਪੰਜ ਭਰਾ ਤੇ ਛੇਵਾਂ ਮੇਰਾ ਬਾਪੂ, ਪਰ ਸਿਰਫ ਕਹਿਣ ਨੂੰ ਨਹੀਂ, ਉਹ ਪੰਜੇ ਵੀ ਤੇ ਬਾਪੂ ਵੀ, ਆਖਰੀ ਦਮ ਤੀਕਰ ਉਹਨਾਂ ਨਾਲ ਨਿਭਿਆ। ਸੱਚੀ, ਯਾਰਾਂ ਦਾ ਯਾਰ ਸੀ ਬਾਪੂ। ਉਹਦਾ ਕੋਈ ਬਦਲ ਹੋ ਹੀ ਨਹੀਂ ਸਕਦਾ।

ਇੱਕ ਵਾਰੀ ਕਿਸੇ ਗੱਲੋਂ ਰੁੱਸ ਕੇ ਸਵੇਰ ਦੀ ਟ ?ਰੇਨ ਚੜ੍ਹ ਕੇ ਮਣੀਕਰਨ ਚਲਾ ਗਿਆ। ਅਸੀਂ ਉਹਨਾਂ ਦੇ ਦਫ਼ਤਰੀ ਸਾਥੀਆਂ ਤੇ ਇਧਰੋਂ ਉਧਰੋਂ ਪੁੱਛ ਪੜਤਾਲ ਕਰਦੇ ਰਹੇ। ਦੁਪਹਿਰੇ ਜਾ ਕੇ ਇੱਕ ਪੁਰਾਣੇ ਦਫ਼ਤਰੀ ਸਾਥੀ ਨੇ ਫੋਨ ਉੱਤੇ ਦੱਸਿਆ ਕਿ ਚੀਮਾ ਤਾਂ ਮੰਡੀ ਬੈਠਾ। ਮੈਂ ਉਹਨਾਂ ਨੂੰ ਕਿਹਾ ਕਿ ਸਰਹਿੰਦ ਮੰਡੀ ਕਿੱਥੇ ਕੁ ਬੈਠੇ ਨੇ, ਤਾਂ ਕਿ ਅਸੀਂ ਉਹਨਾਂ ਨੂੰ ਘਰ ਲੈ ਆਈਏ, ਕਿਉਂਕਿ ਸਰਹਿੰਦ ਸ਼ਹਿਰ ਵੀ ਹੈ ਤੇ ਸਰਹਿੰਦ ਮੰਡੀ ਵੀ। ਉਹ ਭੱਦਰਪੁਰਸ਼ ਕਹਿੰਦੇ ਕਿ ਇਹ ਮੰਡੀ ਨਹੀਂ, ਹਿਮਾਚਲ ਦੀ ਮੰਡੀ ਵਾਲੇ ਗੁਰਦੁਆਰੇ ਬੈਠਾ ਚੀਮਾ। ਫਿਰ ਜਦੋਂ ਉਹਨਾਂ ਨੇ ਫੋਨ ਸਵਿੱਚ ਆਨ ਕੀਤਾ ਤਾਂ ਕਿਤੇ ਜਾ ਕੇ ਗੱਲ ਹੋਈ ਤੇ ਦੂਜੇ ਦਿਨ ਉਹ ਘਰ ਵਾਪਸ ਆਏ।

ਇੱਕ ਲੋਕਲ ਡਾਕਟਰ ਭਾਪਾ ਜੀ ਦੇ ਤਾਕਤ ਦੇ ਟੀਕੇ ਲਾਉਣ ਆਉਂਦਾ ਹੁੰਦਾ ਸੀ। ਇੱਕ ਦਿਨ ਟੀਕਾ ਲਾਉਣ ਲੱਗਾ ਉਹ ਸਤਿਕਾਰ ਵਜੋਂ ਕਹਿੰਦਾ ਬਾਪੂ ਜੀ ਕਰਿਓ ਪਾਸਾ, ਉਹਨੂੰ ਕਹਿੰਦੇ ਕਿ ਮੈਂ ਤੇਰਾ ਬਾਪੂ ਆਂ, ਜੋ ਤੂੰ ਮੈਨੂੰ ਬਾਪੂ ਕਹਿੰਦਾ। ਹਾਲੇ ਮੈਂ ਇੰਨਾ ਵੀ ਨਹੀਂ ਬੁੱਢਾ ਹੋਇਆ।

ਜ਼ਿੰਦਗੀ ਦੇ ਸਫ਼ਰ 'ਚ ਸ਼ਰਾਬ ਪੀ ਕੇ ਬਹੁਤ ਸੱਟਾਂ ਖਾਦੀਆਂ। ਕਦੇ ਲੱਤ ਟੁੱਟ ਜਾਣੀ, ਵਾਰੋ ਵਾਰੀ ਦੋਵੇਂ ਹੰਸ ਵੀ ਟੁੱਟੇ, ਇੱਕ ਵਾਰੀ ਸਿਰ 'ਤੇ ਵੀ ਸੱਟ ਲੱਗੀ, ਜਬਾੜੇ ਦੀ ਵੀ ਪਲਾਸਟਿਕ ਸਰਜਰੀ ਹੋਈ। ਐਡੀ ਕੈੜੀ ਹੱਡੀ ਸੀ ਬਾਪੂ ਦੀ। ਮੇਰੇ ਕਈ ਦੋਸਤ ਵੀ ਉਹਨਾਂ ਨਾਲ ਪੈੱਗ ਲਾ ਲੈਂਦੇ ਸਨ। ਇੱਕ ਵਾਰ ਉਹੀ ਦੋਸਤ ਘਰੇ ਪਤਾ ਲੈਣ ਆਏ, ਜਦੋਂ ਬਾਪੂ ਦਾ ਸਕੂਟਰ ਇੱਕ ਖੰਬੇ 'ਚ ਜਾ ਵੱਜਿਆ ਸੀ। ਹੱਸਦਿਆਂ ਕਹਿਣ ਲੱਗੇ, ਅੰਕਲ ਜੀ, ਬਿਜਲੀ ਬੋਰਡ 'ਤੇ ਕੇਸ ਕਰਨਾ ਆਪਾਂ, ਕਿ ਉਹਨਾਂ ਨੂੰ ਪਤਾ ਨਹੀਂ ਕਿ ਇੱਥੋਂ ਚੀਮਾ ਸਾਹਿਬ ਨੇ ਲੰਘਣਾ ਹੁੰਦਾ, ਇਸਲਈ ਖੰਬਾ ਸਾਈਡ 'ਤੇ ਲਾਉਣਾ ਚਾਹੀਦਾ।

ਸੱਟਾਂ ਤੋਂ ਇਲਾਵਾ ਸ਼ੂਗਰ ਦੀ ਬਿਮਾਰੀ ਵੀ ਆ ਪਈ ਤੇ ਉਪਰੋਂ ਕਰੋਨਾ ਦੇ ਦਿਨਾਂ ਵਿੱਚ ਹਾਰਟ ਅਟੈਕ ਆਉਣ 'ਤੇ ਸਟੰਟ ਵੀ ਪਵਾਉਣੇ ਪਏ। ਇਨਾ ਕੁਝ ਝੱਲ ਗਿਆ, ਪਰ ਆਹ ਇਕ ਪੌੜੀ ਦੇ ਸਟੈਪ ਤੋਂ ਡਿੱਗ ਕੇ ਸੱਟ ਲੱਗਣ 'ਤੇ ਅਜਿਹਾ ਮੰਜੇ ▼ਤੇ ਪਏ ਕਿ ਮੁੜ ਉੱਠ ਨਾ ਸਕੇ। ਇਹ ਪੂਰੇ ਪੰਜ ਮਹੀਨੇ ਸਾਡੇ ਪਰਿਵਾਰ ਲਈ ਇੱਕ ਇਮਤਿਹਾਨ ਸੀ। ਉਹਨਾਂ ਦਾ ਸਭ ਤੋਂ ਛੋਟਾ ਦੋਸਤ ਤੇ ਲਾਡਲਾ ਪੋਤਾ ਦੀਪਕੰਵਲ ਅਤੇ ਮੈਂ ਤੇ ਮੇਰਾ ਭਰਾ ਰਾਜਦੀਪ ਸਾਰਾ ਦਿਨ ਉਦਾਸ ਰਹਿੰਦੇ। ਐਮਆਰਆਈ ਕਰਵਾਈ ਤਾਂ ਦੋ ਮਣਕੇ ਡੈਮੇਜ ਸੀ, ਲੱਤਾਂ 'ਤੇ ਭਾਰ ਆਉਣੋਂ ਹਟ ਗਿਆ। ਫਰਵਰੀ ਮਹੀਨੇ ਦੀ ਇੱਕ ਸ਼ਾਮ ਨੂੰ ਡਾਕਟਰ ਨੇ ਵੀ ਘੰਟਾ ਦੋ ਘੰਟੇ ਦੀ ਖੇਡ ਕਹਿ ਕੇ ਘਰੇ ਸੇਵਾ ਕਰਨ ਲਈ ਡਿਸਚਾਰਜ ਕਰ ਦਿੱਤਾ ਸੀ। ਪਰ ਉਹੀ ਇਲਾਜ਼ ਘਰੇ ਕਰਵਾਉਂਦੇ ਰਹੇ। ਸਪੇਨ ਤੋਂ ਭੈਣ ਤੇ ਆਸਟ ?ਰੇਲੀਆ ਤੋਂ ਆਪਣੀ ਭੂਆ ਨੂੰ ਵੀ ਬੁਲਾ ਲਿਆ। ਭੈਣ ਕਿਰਨਦੀਪ 20- 25 ਦਿਨ ਉਹਨਾਂ ਕੋਲ ਰਹੀ, ਪਰ ਉਨੇ ਹੀ ਦਿਨ ਉਹਨਾਂ ਦੇ ਸਰਾਣੇ ਹੀ ਬੈਠੀ ਰਹੀ। ਫਿਰ ਹੌਲੀ-ਹੌਲੀ 10-12 ਦਿਨਾਂ ਦੇ ਇਲਾਜ਼ ਤੋਂ ਬਾਅਦ ਸਾਰਿਆਂ ਨੂੰ ਪਛਾਨਣ ਲੱਗ ਗਏ, ਭਾਵ ਰਿਕਵਰੀ ਹੋਣ ਲੱਗ ਪਈ। ਖ਼ੁਰਾਕ ਵੀ ਖਾਣ ਲੱਗ ਗਏ ਤੇ ਗੱਲਬਾਤ ਵੀ, ਪਰ ਤੁਰਨ ਤੋਂ ਅਸਮਰਥ ਸਨ। ਉਹਨਾਂ ਦੇ ਠੀਕ ਹੋਣ ਦੀ ਉਮੀਦ ਕਰਦਿਆਂ ਭੈਣ ਵਾਪਸ ਸਪੇਨ ਪਰਤ ਗਈ। ਉਸ ਤੋਂ ਬਾਅਦ ਸਾਡਾ ਪ੍ਰਹੁਣਾ ਸਤਬੀਰ ਵੀ ਉਹਨਾਂ ਨੂੰ ਮਿਲ ਗਿਆ। ਪਰ ਸਾਡੀ ਬੇਟੀ ਰਸ਼ਮੀਤ ਕਾਗਜੀ ਕਾਰਵਾਈ ਕਾਰਨ ਕਨੇਡਾ ਤੋਂ ਅਤੇ ਭਾਣਜੀ ਜਪਮਨ ਪੜ੍ਹਾਈ ਕਾਰਨ ਸਪੇਨ ਤੋਂ ਉਹਨਾਂ ਨੂੰ ਮਿਲਣ ਨਾ ਆ ਸਕੀਆਂ।

ਠੰਢ ਦੇ ਚਲਦਿਆਂ ਬਾਪੂ ਨੂੰ ਥੱਲੇ ਤੋਂ ਉੱਪਰਲੀ ਮੰਜ਼ਿਲ 'ਤੇ ਲੈ ਆਂਦਾ, ਕਿ ਧੁੱਪ 'ਚ ਹੱਡ ਪੈਰ ਖੁੱਲਣਗੇ ਤੇ ਬਲੋਕੇਜ ਘੱਟ ਜਾਵੇਗੀ। ਸਾਡੀ ਮਾਂ ਪਰਮਿੰਦਰ ਕੌਰ ਰੋਜ਼ ਦੋ-ਤਿੰਨ ਵਾਰੀ ਡੈਪਰ ਬਦਲਦੀ ਰਹੀ। ਦੋਹਾਂ ਨੂੰਹਾਂ ਹਰਜੀਤ ਕੌਰ ਤੇ ਕੁਲਦੀਪ ਕੌਰ ਨੇ ਦਿਲੋਂ ਸੇਵਾ ਕੀਤੀ। ਪਰ ਫੇਰ ਇਕਦਮ ਪਹਿਲਾਂ ਵਾਲੀ ਸਟੇਜ 'ਤੇ ਪਹੁੰਚ ਗਏ। ਉਹੀ ਇਲਾਜ ਦੁਬਾਰਾ ਸ਼ੁਰੂ ਕਰਵਾਇਆ, ਪਰ ਰਿਸਪਾਂਸ ਨਾ ਮਾਤਰ ਰਹਿ ਗਿਆ। ਅਖੀਰਲੇ ਦਿਨ 25 ਅਪ੍ਰੈਲ ਨੂੰ ਮੇਰੀ ਪਤਨੀ ਕਹਿੰਦੀ ਤੁਸੀਂ ਵੀ ਡੈਡੀ ਦੇ ਮੂੰਹ 'ਚ ਪਾਣੀ ਦੇ ਚਮਚ ਪਾ ਦਿਓ। ਮੈਂ ਰੂਟੀਨ 'ਚ ਕਿਹਾ ਕਿ ਤੁਸੀਂ ਪਾ ਤਾਂ ਰਹੀਆਂ ਓ ਦੋਵੇਂ ਜਣੀਆਂ। ਪਰ ਉਹਨੇ ਫਿਰ ਟੋਕ ਕੇ ਕਿਹਾ ਕਿ ਚਲੋ ਤੁਸੀਂ ਵੀ ਪਾ ਦੋ। ਮੈਂ ਦੋ ਤਿੰਨ ਚਮਚ ਪਾਣੀ ਦੇ ਉਹਨਾਂ ਦੇ ਮੂੰਹ 'ਚ ਪਾਏ ਤੇ ਬਾਹਰੋਂ ਡੋਰਬੈਲ ਵੱਜੀ। ਮੈਂ ਬਾਹਰ ਦਰਵਾਜ਼ੇ 'ਤੇ ਵੇਖਣ ਚਲੇ ਗਿਆ ਤੇ ਮਿੰਟਾਂ ਸੈਕਿੰਡਾਂ 'ਚ ਹੀ ਉਹ ਸਾਹ ਛੱਡ ਗਏ। ਮਤਲਬ ਐਡੀਆਂ ਵੱਡੀਆਂ-ਵੱਡੀਆਂ ਸੱਟਾਂ ਤਾਂ ਝੱਲ ਗਿਆ ਬਾਪੂ, ਪਰ ਇਹ ਛੋਟੀ ਜਿਹੀ ਸੱਟ ਅਖੀਰਲੀ ਸੱਟ ਹੋ ਨਿਬੜੀ ਤੇ ਉਹ ਸਾਨੂੰ ਸਾਰਿਆਂ ਨੂੰ ਛੱਡ ਕੇ ਕਦੇ ਵੀ ਮੁੜ ਕੇ ਨਾ ਆਉਣ ਵਾਲੀ ਥਾਂ 'ਤੇ ਚਲਾ ਗਿਆ। ਅਲਵਿਦਾ ਬਾਪੂ, ਬਸ ਇਨੀ ਕੁ ਕਹਾਣੀ ਐ।

# ਏਕੇ ਦੀ ਮਿਸਾਲ ਧੁੰਦਲੀ ਪੈ ਗਈ

ਸੋਹਣ ਸਿੰਘ ਦਾ ਪਰਿਵਾਰ ਬਹੁਤ ਵੱਡਾ ਸੀ। ਉਸ ਦੇ ਚਾਰ ਪੁੱਤਰ ਸਨ। ਚਾਰੇ ਵਿਆਹੇ ਹੋਏ ਸਨ । ਉਹਨਾਂ ਦੇ ਵੀ ਅਗਾਂਹ ਸੁੱਖ ਨਾਲ ਦੋ-ਦੋ ਨਿਆਣੇ ਸਨ। ਪਿੰਡ ਅੰਦਰ ਉਹ ਆਪਣੇ ਪੁਰਖਿਆਂ ਦੇ ਘਰ ਵਿੱਚ ਹੀ ਰਹਿੰਦੇ ਸਨ ਜੋ ਹੁਣ ਐਨੇ ਵੱਡੇ ਪਰਿਵਾਰ ਲਈ ਕਾਫ਼ੀ ਨਹੀਂ ਸੀ। ਉਹਨਾਂ ਦੀ ਜ਼ਮੀਨ ਬਿਲਕੁਲ ਸ਼ਹਿਰ ਦੇ ਨਾਲ ? ਲੱਗਦੀ ਸੀ। ਇਸ ਲਈ ਸੋਹਣ ਸਿੰਘ ਨੇ ਨਵਾਂ ਘਰ ਸ਼ਹਿਰ ਵਾਲ ? ਪਾਸੇ ਹੀ ਬਣਾਉਣਾ ਚਾਹਿਆ। ਉਸ ਨੇ ਜਮ ?ਹਾਂ ਸ਼ਹਿਰ ਦੇ ਨਾਲ ? ਲੱਗਦੀ ਜ਼ਮੀਨ ਵਿੱਚ ਆਪਣੇ ਪਰਿਵਾਰ ਦੇ ਜੀਆਂ ਦੇ ਹਿਸਾਬ ਨਾਲ ਬਹੁਤ ਵੱਡਾ ਘਰ ਬਣਾਇਆ। ਇਸ ਕਰਕੇ ਉਸ ਨੇ ਇਹ ਘਰ ਸਾਰਿਆਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਹੀ ਬਣਾਇਆ ਸੀ। ਉਸ ਦੇ ਪੁੱਤਰਾਂ ਦਾ ਆਪਸ ਵਿੱਚ ਬਹੁਤ ਪਿਆਰ ਸੀ । ਸਾਰੇ ਰਲ ? ਮਿਲ ? ਕੇ ਰਹਿੰਦੇ ਸਨ। ਉਹਨਾਂ ਵਿੱਚੋਂ ਕਿਸੇ ਨੇ ਵੀ ਕਦੇ ਅੱਡ ਹੋਣ ਦੀ ਗੱਲ ਨਹੀਂ ਕੀਤੀ ਸੀ ਇਸੇ ਕਰਕੇ ਸੋਹਣ ਸਿੰਘ ਆਪਣੇ ਘਰ ਦੇ ਏਕੇ ਦੀ ਮਿਸਾਲ ਕਾਇਮ ਕਰਨਾ ਚਾਹੁੰਦਾ ਸੀ।ਉਸ ਨੇ ਘਰ ਇਸ ਤਰੀਕੇ ਨਾਲ ਬਣਵਾਇਆ ਕਿ ਘਰ ਨੂੰ ਕਿਸੇ ਤਰੀਕੇ ਨਾਲ ? ਵੀ ਵੰਡਿਆ ਨਾ ਜਾ ਸਕੇ ਅਤੇ ਘਰ ਦਾ ਇੱਕ ਹੀ ਗੇਟ ਰਖਵਾਇਆ।

ਜਿੰਨਾਂ ਚਿਰ ਸੋਹਣ ਸਿੰਘ ਜਿਉਂਦਾ ਸੀ ਓਨਾਂ ਚਿਰ ਤਾਂ ਕਿਸੇ ਨੇ ਅੱਡ ਹੋਣ ਦਾ ਨਾਂ ਨਹੀਂ ਲਿਆ ਪਰ ਉਸ ਦੇ ਅੱਖਾਂ ਮੀਟਦੇ ਹੀ ਸਭ ਨੇ ਅੱਡ ਹੋਣ ਦੀ ਗੱਲ ਸ਼ੁਰੂ ਕੀਤੀ। ਅਕਸਰ ਨੂੰ ਅੱਡ ਤਾਂ ਹੋਣਾ ਹੀ ਪੈਣਾ ਸੀ ਕਿਉਂਕਿ ਵੱਡੇ ਦੋਵਾਂ ਮੁੰਡਿਆਂ ਦੇ ਨਿਆਣੇ ਤਾਂ ਵਿਆਹੁਣ ਵਾਲ ? ਵੀ ਹੋ ਗਏ ਸਨ। ਜਦ ਉਹਨਾਂ ਨੇ ਉਹ ਘਰ ਵੇਚਣਾ ਚਾਹਿਆ ਤਾਂ ਘਰ ਦੀ ਕੀਮਤ ਬਹੁਤ ਜ਼ਿਆਦਾ ਹੋਣ ਕਰਕੇ ਕੋਈ ਖਰੀਦਦਾਰ ਨਹੀਂ ਮਿਲ ਰਿਹਾ ਸੀ। ਫਿਰ ਆਪਸੀ ਸਹਿਮਤੀ ਨਾਲ ਸੋਹਣ ਸਿੰਘ ਦੇ ਦੋਵੇਂ ਵੱਡੇ ਮੁੰਡਿਆਂ ਜੀਤੇ ਅਤੇ ਮੀਤੇ ਨੇ ਇਹ ਘਰ ਖਰੀਦ ਲਿਆ ਤੇ ਛੋਟੇ ਭਰਾਵਾਂ ਨੂੰ ਬਣਦੀ ਕੀਮਤ ਦੇ ਦਿੱਤੀ। ਉਨ੍ਹਾਂ ਪੈਸਿਆਂ ਨਾਲ ਉਹਨਾਂ ਦੋਹਾਂ ਨੇ ਆਪਣੇ ਵੱਖਰੇ ਵੱਖਰੇ ਘਰ ਖ਼ਰੀਦ ਲਏ। ਸੋਹਣ ਸਿੰਘ ਦੇ ਦੋਨਾਂ ਵੱਡੇ ਮੁੰਡਿਆਂ ਨੇ ਸੁੱਖ ਨਾਲ ਹੁਣ ਆਪਣੇ ਆਪਣੇ ਬੱਚੇ ਵਿਆਹ ਲਏ ਸਨ। ਉਂਝ ਚਾਹੇ ਜੀਤੇ ਤੇ ਮੀਤੇ ਦਾ ਸਾਰਾ ਪਰਿਵਾਰ ਉਸ ਘਰ ਵਿੱਚ ਇਕੱਠਾ ਹੀ ਰਹਿੰਦਾ ਸੀ ਪਰ ਉਹਨਾਂ ਦਾ ਰੋਟੀ ਪਾਣੀ ਵੱਖਰਾ ਹੀ ਸੀ। ਹੁਣ ਦੋਹਾਂ ਭਰਾਵਾਂ ਦੇ ਘਰ ਦੋ ਦੋ ਨੂੰਹਾਂ ਆ ਗਈਆਂ ਸਨ ਤੇ ਉਨ੍ਹਾਂ ਦੇ ਵੀ ਅਗਾਂਹ ਬੱਚੇ ਹੋ ਗਏ ਸਨ। ਜਿੰਨਾਂ ਆਪਣਾ ਪਰਿਵਾਰ ਸੋਹਣ ਸਿੰਘ ਨੇ ਨਵਾਂ ਘਰ ਬਣਾ ਕੇ ਇਸ ਵਿੱਚ ਵਸਾਇਆ ਸੀ,ਓਡਾ ਹੀ ਪਰਿਵਾਰ ਹੁਣ ਜੀਤੇ ਤੇ ਮੀਤੇ ਦਾ ਬਣ ਗਿਆ ਸੀ। ਹੁਣ ਉਹਨਾਂ ਨੂੰ ਵੀ ਆਪਣਾ ਵੱਖਰਾ ਵੱਖਰਾ ਘਰ ਬਣਾਉਣ ਦੀ ਲੋੜ ਮਹਿਸੂਸ ਹੋਣ ਲੱਗੀ ਸੀ ਕਿਉਂਕਿ ਸਮੇਂ ਦੇ ਨਾਲ ਨਾਲ ਘਰ ਦੀ ਕੀਮਤ ਵੀ ਵਧ ਰਹੀ ਸੀ। ਉਸ ਨੂੰ ਵੇਚਣਾ ਔਖਾ ਹੋ ਰਿਹਾ ਸੀ ਤਾਂ ਸੋਹਣ ਸਿੰਘ ਦੇ ਸਭ ਤੋਂ ਵੱਡੇ ਮੁੰਡੇ ਜੀਤੇ ਨੇ ਆਪਣੇ ਦੋਹਾਂ ਮੁੰਡਿਆਂ ਨਾਲ ਸਲਾਹ ਕਰਕੇ ਆਪ ਹੀ ਖ਼ਰੀਦ ਲਿਆ ਸੀ ਅਤੇ ਮੀਤੇ ਨੂੰ ਬਣਦੀ ਰਕਮ ਦੇ ਦਿੱਤੀ ਸੀ। ਹੁਣ ਉਸ ਘਰ ਵਿੱਚ ਸੋਹਣ ਸਿੰਘ ਦਾ ਵੱਡਾ ਪੁੱਤਰ ਜੀਤਾ ਆਪਣੇ ਦੋ ਪੁੱਤਰਾਂ ਦੇ ਪਰਿਵਾਰਾਂ ਸਮੇਤ ਰਹਿ ਰਹੇ ਸਨ। ਅੱਗੋਂ ਜੀਤੇ ਦੇ ਪੋਤੇ ਪੋਤੀਆਂ ਵੀ ਵੱਡੇ ਹੋ ਰਹੇ ਸਨ। ਜੀਤਾ ਵੀ ਹੁਣ ਓਨੀ ਉਮਰ ਦਾ ਹੀ ਹੋ ਗਿਆ ਸੀ ਜਿੰਨੀ ਉਮਰ ਵਿੱਚ ਸੋਹਣ ਸਿੰਘ ਨੇ ਇਹ ਵੱਡਾ ਸਾਰਾ ਘਰ ਏਕੇ ਦੀ ਮਿਸਾਲ ਬਣਾਇਆ ਸੀ। ਜੀਤੇ ਦੇ ਦੋਹਾਂ ਮੁੰਡਿਆਂ ਚੋਂ ਇੱਕ ਦੇ ਦੋ ਮੁੰਡੇ ਹੀ ਸਨ ਤੇ ਦੂਜੇ ਦੇ ਇੱਕ ਮੁੰਡਾ ਤੇ ਇੱਕ ਕੁੜੀ ਸੀ। ਜਿਵੇਂ ਹੀ ਜੀਤੇ ਦੇ ਪੋਤੇ ਪੋਤੀਆਂ ਪੜ੍ਹਾਈ ਕਰੀ ਗਏ ਉਹ ਵਿਦੇਸ਼ਾਂ ਵਿੱਚ ਅੱਗੋਂ ਪੜ੍ਹਾਈ ਕਰਨ ਲਈ ਚਲੇ ਗਏ ਤੇ ਹੌਲ ?ੀ ਹੌਲ ?ੀ ਉੱਥੇ ਦੇ ਹੀ ਨਾਗਰਿਕ ਬਣ ਕੇ ਰਹਿ ਗਏ। ਜੀਤੇ ਦੇ ਬਾਕੀ ਭਰਾਵਾਂ ਦੇ ਬੱਚੇ ਵੀ ਵਿਦੇਸ਼ਾਂ ਵਿੱਚ ਜਾ ਵਸੇ ਸਨ। ਜੀਤੇ ਦਾ ਵੱਡਾ ਪੁੱਤਰ ਬੜਾ ਖੁਸ਼ੀ ਖੁਸ਼ੀ ਬਜ਼ੁਰਗ ਜੀਤੇ ਨੂੰ ਆ ਕੇ ਆਖਣ ਲੱਗਿਆ,÷ ਬਾਪੂ ਜੀ..... ਜਹਾਜ਼ ਵਿੱਚ ਬੈਠਣ ਦੀ ਤਿਆਰੀ ਖਿੱਚ ਲਓ...... ਆਪਣੇ ਸਾਰੇ ਟੱਬਰ ਦਾ ਵੀਜ਼ਾ ਲੱਗ ਕੇ ਆ ਗਿਆ..... ਚਲੋ ਆਪਾਂ ਵੀ ਆਪਣੇ ਬਾਕੀ ਪਰਿਵਾਰ ਕੋਲ ਚੱਲੀਏ.....!÷

ਜੀਤਾ ਇਹ ਸੁਣ ਕੇ ਸੁੰਨ ਜਿਹਾ ਹੋ ਗਿਆ....ਤੇ ਬਹੁਤ ਕੁਝ ਕਹਿਣਾ ਚਾਹੁੰਦਾ ਹੋਇਆ ਵੀ ਕੁਝ ਨਾ ਕਹਿ ਸਕਿਆ..... ਬਜ਼ੁਰਗ ਜੀਤੇ ਨੂੰ ਤਾਂ ਇਹ ਘਰ ਛੱਡ ਕੇ ਪਰਿਵਾਰ ਕੋਲ ਜਾਣਾ ਹੀ ਪੈਣਾ ਸੀ। ਜੀਤਾ ਜਦ ਆਪਣੇ ਪਰਿਵਾਰ ਨਾਲ ? ਆਪਣੀਆਂ ਪੈੜਾਂ ਛੱਡਦਾ ਹੋਇਆ ਗੇਟ ਤੋਂ ਬਾਹਰ ਪੈਰ ਪੁੱਟਦਾ ਹੈ ...... ਮੁੜ ਮੁੜ ਹਵੇਲੀ ਵੱਲ ਨੂੰ ਤੱਕਦਾ ਹੈ ਤਾਂ ਉਸ ਦਾ ਪੁੱਤਰ ਆਖਦਾ ਹੈ,÷ਬਾਪੂ ਜੀ...... ਜਲਦੀ ਜਲਦੀ ਚੱਲੋ..... ਕਿਤੇ ਲੇਟ ਨਾ ਹੋ ਜਾਈਏ...... ਹੋਰ ਫਲਾਈਟ ਹੀ ਮਿਸ ਹੋ ਜਾਏ.....!÷ ਜੀਤੇ ਨੂੰ ਕੁਝ ਸੁਣਾਈ ਨਾ ਦਿੱਤਾ...... ਉਹ ਗੱਡੀ ਵਿੱਚ ਬੈਠ ਕੇ ਵੀ ਪਿੱਛੇ ਨੂੰ ਮੁੜ ਕੇ ÷ਏਕੇ ਦੀ ਮਿਸਾਲ÷ ਹਵੇਲੀ ਨੂੰ ਉਦੋਂ ਤੱਕ ਤੱਕੀ ਗਿਆ ਜਦ ਤੱਕ ਉਡਦੀ ਧੂੜ ਵਿੱਚ ਧੁੰਦਲੀ ਹੁੰਦੀ ਹੁੰਦੀ ਦਿਸਣੋਂ ਅਲੋਪ ਨਾ ਹੋ ਗਈ।

ਬਰਜਿੰਦਰ ਕੌਰ ਬਿਸਰਾਓ...
9988901324

# ਮਾਨਸਿਕ ਸ਼ਾਂਤੀ ਅਤੇ ਦਿਖਾਵੇ ਦੀ ਜੰਗ

ਰਾਮੇਸ਼ ਆਪਣੇ ਜੀਵਨ ਤੋਂ ਬਹੁਤ ਸੰਤੁਸ਼ਟ ਸੀ। ਉਹ ਰੋਜ਼ਾਨਾ ਆਪਣੇ ਪੁਰਾਣੇ ਸਕੂਟਰ 'ਤੇ ਦਫ਼ਤਰ ਜਾਂਦਾ ਅਤੇ ਕੁਦਰਤ ਦੇ ਨਜ਼ਾਰਿਆਂ ਦਾ ਅਨੰਦ ਲੈਂਦਾ। ਉਸ ਨੂੰ ਕਦੇ ਮਹਿਸੂਸ ਨਹੀਂ ਹੋਇਆ ਸੀ ਕਿ ਉਸ ਕੋਲ ਕਿਸੇ ਚੀਜ਼ ਦੀ ਕਮੀ ਹੈ। ਪਰ ਇਹ ਸਭ ਉਦੋਂ ਬਦਲ ਗਿਆ ਜਦੋਂ ਉਸ ਦੇ ਗੁਆਂਢੀ, ਸ਼ਰਮਾ ਜੀ ਨੇ ਇੱਕ ਚਮਕਦੀ ਹੋਈ ਨਵੀਂ ਸੇਡਾਨ ਕਾਰ ਖਰੀਦ ਲਈ।



ਅਚਾਨਕ, ਰਾਮੇਸ਼ ਨੂੰ ਆਪਣਾ ਸਕੂਟਰ ਛੋਟਾ ਅਤੇ ਆਪਣੀ ਹੋਂਦ ਨੀਵੀਂ ਲੱਗਣ ਲੱਗ ਪਈ। ਕੱਲ੍ਹ ਤੱਕ ਜਿਸ ਕਾਰ ਦੀ ਉਸ ਨੂੰ ਕੋਈ ਚਾਹਤ ਨਹੀਂ ਸੀ, ਅੱਜ ਉਹ ਉਸ ਦੀ ਸਭ ਤੋਂ ਵੱਡੀ ਜ਼ਰੂਰਤ ਬਣ ਗਈ। ਇਹ ਹੁਣ ਸਿਰਫ਼ ਸਫ਼ਰ ਦੀ ਸਹੂਲਤ ਨਹੀਂ ਸੀ, ਸਗੋਂ ਹਮੇਸ਼ਾ ਵਾਸਤੇ ਆਪਣੀ ਇੱਜ਼ਤ ਬਣਾਈ ਰੱਖਣ ਅਤੇ ਗੁਆਂਢੀ ਤੋਂ ਅੱਗੇ ਨਿਕਲਣ ਦੀ ਇੱਕ ਹਉਮੈ ਵਾਲੀ ਲੜਾਈ ਬਣ ਚੁੱਕੀ ਸੀ।

ਰਾਮੇਸ਼ ਨੇ ਬਿਨਾਂ ਸੋਚੇ-ਸਮਝੇ ਬੈਂਕ ਤੋਂ ਵੱਡਾ ਕਰਜ਼ਾ ਲੈ ਲਿਆ ਅਤੇ ਇੱਕ ਮਹਿੰਗੀ ਕਾਰ ਖਰੀਦ ਲਈ। ਕੁਝ ਦਿਨ ਤਾਂ ਉਸ ਨੂੰ ਬਹੁਤ ਮਾਣ ਮਹਿਸੂਸ ਹੋਇਆ, ਪਰ ਜਲਦੀ ਹੀ ਅਸਲੀਅਤ ਸਾਹਮਣੇ ਆਉਣ ਲੱਗੀ। ਹਰ ਮਹੀਨੇ ਦੀਆਂ ਮੋਟੀਆਂ ਕਿਸ਼ਤਾਂ, ਤੇਲ ਦਾ ਖਰਚਾ ਅਤੇ ਰੱਖ-ਰਖਾਅ ਨੇ ਉਸ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ। ਉਹ ਕਾਰ ਵਿੱਚ ਬੈਠਾ ਹੁੰਦਾ ਸੀ, ਪਰ ਉਸ ਦਾ ਮਨ ਚਿੰਤਾਵਾਂ ਦੇ ਬੋਝ ਹੇਠ ਦਬਿਆ ਰਹਿੰਦਾ। ਇੱਕ ਦਿਨ ਉਸ ਨੇ ਮਹਿਸੂਸ ਕੀਤਾ ਕਿ ਸ਼ਰਮਾ ਜੀ ਨਾਲ ਮੁਕਾਬਲਾ ਕਰਨ ਦੀ ਈਰਖਾ ਨੇ ਉਸ ਤੋਂ ਉਸ ਦੀ ਮਾਨਸਿਕ ਸ਼ਾਂਤੀ ਖੋਹ ਲਈ ਹੈ। ਕਿਸੇ ਨੂੰ ਨੀਵਾਂ ਦਿਖਾਉਣ ਦੀ ਚਾਹਤ ਵਿੱਚ ਉਹ ਖੁਦ ਹੀ ਕਰਜ਼ੇ ਦੀ ਦਲਦਲ ਵਿੱਚ ਫਸ ਗਿਆ ਸੀ। ਉਸ ਨੂੰ ਸਮਝ ਆ ਗਿਆ ਕਿ ਜੇਕਰ ਉਹ ਖੁਸ਼ ਰਹਿਣਾ ਚਾਹੁੰਦਾ ਹੈ, ਤਾਂ ਉਸ ਨੂੰ ਇਸ ਫਾਲਤੂ ਦੇ ਦਿਖਾਵੇ ਦੇ ਝਮੇਲੇ ਵਿੱਚੋਂ ਨਿਕਲਣਾ ਪਵੇਗਾ। ਜਿੰਦਗੀ ਦੀ ਖੂਬਸੂਰਤੀ ਸਾਦਗੀ ਅਤੇ ਅੰਦਰੂਨੀ ਸੰਤੁਸ਼ਟੀ ਵਿੱਚ ਹੈ। ਜੇਕਰ ਅਸੀਂ ਹਮੇਸ਼ਾ ਵਾਸਤੇ ਖੁਸ਼ ਰਹਿਣਾ ਚਾਹੁੰਦੇ ਹਾਂ, ਤਾਂ ਸਾਨੂੰ ਦੂਜਿਆਂ ਨਾਲ ਤੁਲਨਾ ਕਰਨ ਦੀ ਬਜਾਏ ਆਪਣੀ ਜਿੰਦਗੀ ਨੂੰ ਮਾਣਨਾ ਸਿੱਖਣਾ ਚਾਹੀਦਾ ਹੈ। ਦਿਖਾਵਾ ਸਿਰਫ਼ ਬਾਹਰੀ ਚਮਕ ਹੈ, ਜਦਕਿ ਅਸਲੀ ਅਮੀਰੀ ਮਨ ਦੀ ਸ਼ਾਂਤੀ ਹੁੰਦੀ ਹੈ।

ਲੇਖਕ - ਹਰਿੰਦਰ ਸਲੇਮਪੁਰੀਆ
9855202040

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

**On our English language New Website**
**WWW.PREETNEWS.COM**

Chief Editor
Pritpal Kaur
+1 201-312-4180

Vol 4, Issue 352 | Website: www.preetnama.com Email preetnamausa@gmail.com | 08 MAY TO 14 MAY, 2026




# Preetnama

## ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 352 | Website: www.preetnama.com Email preetnamausa@gmail.com | 08 MAY TO 14 MAY, 2026




# ਡਿਗਰੀਆਂ ਦੇ ਢੇਰ ਪਰ 'ਹੱਥ ਖਾਲੀ' ਪੰਜਾਬ ਦੇ ਨੌਜਵਾਨਾਂ ਦੀ ਤਰਾਸਤੀ




ਜਗਰੂਪ ਕੌਰ ਫਰੀਦਕੋਟ
7009529882

?ਕਿਸੇ ਵੀ ਰਾਜ ਦੀ ਅਸਲੀ ਤਰੱਕੀ ਦਾ ਅੰਦਾਜ਼ਾ ਉਸ ਦੀਆਂ ਉੱਚੀਆਂ ਇਮਾਰਤਾਂ ਜਾਂ ਡਿਗਰੀਆਂ ਦੇ ਢੇਰਾਂ ਨਾਲ ਨਹੀਂ, ਸਗੋਂ ਉੱਥੋਂ ਦੇ ਨੌਜਵਾਨਾਂ ਦੇ ਹੱਥਾਂ ਵਿੱਚ ਮੌਜੂਦ ਰੁਜ਼ਗਾਰ ਅਤੇ ਉਹਨਾਂ ਦੇ ਚਿਹਰਿਆਂ 'ਤੇ ਨਜ਼ਰ ਆਉਂਦੇ ਆਤਮ-ਵਿਸ਼ਵਾਸ ਨਾਲ ਲਗਾਇਆ ਜਾਂਦਾ ਹੈ। ਪੰਜਾਬ, ਜੋ ਕਦੇ ਦੇਸ਼ ਦਾ ਅੰਨਦਾਤਾ ਕਹਾਇਆ ਜਾਂਦਾ ਸੀ, ਅੱਜ ਇੱਕ ਅਜਿਹੇ ਹਾਲਾਤ ਦਾ ਸਾਹਮਣਾ ਕਰ ਰਿਹਾ ਹੈ ਜਿੱਥੇ ਡਿਗਰੀਆਂ ਤਾਂ ਵੱਧ ਰਹੀਆਂ ਹਨ ਪਰ ਰੁਜ਼ਗਾਰ ਦੇ ਮੌਕੇ ਲਗਾਤਾਰ ਘਟ ਰਹੇ ਹਨ। ਸਾਲ 2025-26 ਦੇ ਤਾਜ਼ਾ ਅੰਕੜੇ ਇਸ ਕੌੜੀ ਸੱਚਾਈ ਨੂੰ ਸਾਫ਼ ਕਰਦੇ ਹਨ ਕਿ ਨੌਜਵਾਨ ਬੇਰੁਜ਼ਗਾਰੀ ਦੀ ਦਰ 17 ਤੋਂ 18.8 ਫ਼ੀਸਦੀ ਤੱਕ ਪਹੁੰਚ ਚੁੱਕੀ ਹੈ, ਜੋ ਕਿ ਇੱਕ ਗੰਭੀਰ ਸਮਾਜਿਕ ਅਤੇ ਆਰਥਿਕ ਚੇਤਾਵਨੀ ਹੈ। ਇਹ ਸਥਿਤੀ ਸਿਰਫ਼ ਅੰਕੜਿਆਂ ਤੱਕ ਸੀਮਤ ਨਹੀਂ ਹੈ, ਸਗੋਂ ਇਹ ਸਾਡੀ ਜਵਾਨੀ ਦੇ ਟੁੱਟ ਰਹੇ ਸੁਪਨਿਆਂ ਦੀ ਕਹਾਣੀ ਬਿਆਨ ਕਰਦੀ ਹੈ। ਨਿੱਜੀ ਖੇਤਰ, ਜਿਸਨੂੰ ਅਕਸਰ ਰੁਜ਼ਗਾਰ ਦਾ ਵੱਡਾ ਸਰੋਤ ਮੰਨਿਆ ਜਾਂਦਾ ਹੈ, ਅੱਜ ਕਈ ਥਾਵਾਂ 'ਤੇ ਨੌਜਵਾਨਾਂ ਲਈ ਸ਼ੋਸ਼ਣ ਦਾ ਕੇਂਦਰ ਬਣਦਾ ਜਾ ਰਿਹਾ ਹੈ। 8 ਤੋਂ 10 ਹਜ਼ਾਰ ਰੁਪਏ ਮਹੀਨਾ ਕਮਾਉਣ ਵਾਲਾ ਇੱਕ ਪੜ੍ਹਿ ਆ-ਲਿਖਿਆ ਨੌਜਵਾਨ ਨਾ ਤਾਂ ਆਪਣੀਆਂ ਮੁਢਲੀਆਂ ਲੋੜਾਂ ਪੂਰੀਆਂ ਕਰ ਸਕਦਾ ਹੈ ਅਤੇ ਨਾ ਹੀ ਆਪਣੇ ਭਵਿੱਖ ਲਈ ਕੁਝ ਸੰਭਾਲ ਸਕਦਾ ਹੈ। ਜਦੋਂ ਇੱਕ ਨੌਜਵਾਨ ਤੋਂ 10 ਤੋਂ 12 ਘੰਟੇ ਕੰਮ ਲੈ ਕੇ ਵੀ ਉਸਨੂੰ ਢੰਗ ਦੀ ਤਨਖਾਹ ਨਹੀਂ ਦਿੱਤੀ ਜਾਂਦੀ, ਤਾਂ ਉਹ ਇੱਕ ਅਜਿਹੀ ਮਾਨਸਿਕ ਸਥਿਤੀ ਵਿੱਚ ਪਹੁੰਚ ਜਾਂਦਾ ਹੈ ਜਿੱਥੇ ਉਹ ਆਪਣੇ ਆਪ ਨੂੰ ਇੱਕ ਬੰਧੂਆ ਮਜ਼ਦੂਰ ਵਾਂਗ ਮਹਿਸੂਸ ਕਰਨ ਲੱਗਦਾ ਹੈ।

?ਇਸ ਹਾਲਤ ਨੂੰ ਹੋਰ ਗੰਭੀਰ ਬਣਾਉਂਦੀਆਂ ਉਹ ਕੋਸ਼ਿਸ਼ਾਂ ਹਨ, ਜਿਨ੍ਹਾਂ ਰਾਹੀਂ ਕੰਮ ਦੇ ਘੰਟਿਆਂ ਨੂੰ ਵਧਾਉਣ ਲਈ ਨਵੇਂ ਮਜ਼ਦੂਰ ਕਾਨੂੰਨਾਂ ਦੀ ਗੱਲ ਕੀਤੀ ਜਾ ਰਹੀ ਹੈ। ਇੱਥੇ ਇਤਿਹਾਸ ਸਾਨੂੰ ਇੱਕ ਬਹੁਤ ਹੀ ਸਪੱਸ਼ਟ ਸਬਕ ਦਿੰਦਾ ਹੈ। ਸਾਨੂੰ ਯਾਦ ਕਰਨਾ ਚਾਹੀਦਾ ਹੈ ਕਿ 1886 ਵਿੱਚ ਸ਼ਿਕਾਗੋ (Chicago) ਵਿਖੇ 'ਹੇਮਾਰਕੀਟ ਘਟਨਾ' (Haymarket Affair) ਦੌਰਾਨ ਮਜ਼ਦੂਰਾਂ ਨੇ ਕਿਉਂ ਸੰਘਰਸ਼ ਕੀਤਾ ਸੀ। ਉਹਨਾਂ ਦੀ ਮੰਗ ਸੀ—"ਅੱਠ ਘੰਟੇ ਕੰਮ, ਅੱਠ ਘੰਟੇ ਆਰਾਮ ਅਤੇ ਅੱਠ ਘੰਟੇ ਆਪਣੇ ਲਈ।" ਉਸ ਇਤਿਹਾਸਕ ਸੰਘਰਸ਼ ਵਿੱਚ ਕਈਆਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ, ਜਿਸ ਤੋਂ ਬਾਅਦ ਹੀ ਦੁਨੀਆ ਭਰ ਵਿੱਚ ਕੰਮ ਦੇ ਘੰਟਿਆਂ ਨੂੰ ਨਿਯਮਿਤ ਕਰਨ ਦੀ ਪ੍ਰਥਾ ਬਣੀ। ਪਰ ਅੱਜ ਜਦੋਂ ਅਸੀਂ ਮੁੜ 12 ਘੰਟਿਆਂ ਦੀਆਂ ਡਿਊਟੀਆਂ ਵੱਲ ਵਧ ਰਹੇ ਹਾਂ, ਤਾਂ ਇਹ ਉਸ ਮਹਾਨ ਸੰਘਰਸ਼ ਨੂੰ ਨਜ਼ਰਅੰਦਾਜ਼ ਕਰਨ ਦੇ ਬਰਾਬਰ ਹੈ। ਇਹ ਸਥਿਤੀ ਪੰਜਾਬ ਵਰਗੇ ਸੂਬੇ ਲਈ ਹੋਰ ਵੀ ਖਤਰਨਾਕ ਹੈ ਜਿੱਥੇ ਪਹਿਲਾਂ ਹੀ ਰੁਜ਼ਗਾਰ ਦਾ ਸੰਕਟ ਡੂੰਘਾ ਹੈ। ਇਸ ਸਥਿਤੀ ਵਿੱਚ ਸਰਕਾਰ ਦੀ ਭੂਮਿਕਾ ਵੀ ਸਵਾਲਾਂ ਦੇ ਘੇਰੇ ਵਿੱਚ ਆਉਂਦੀ ਹੈ। ਘੱਟੋ-ਘੱਟ ਤਨਖਾਹ ਦੇ ਕਾਨੂੰਨਾਂ ਦੀ ਕਮਜ਼ੋਰ ਲਾਗੂਅਤ, ਸਰਕਾਰੀ ਵਿਭਾਗਾਂ ਵਿੱਚ ਖਾਲੀ ਅਸਾਮੀਆਂ ਦਾ ਲੰਬੇ ਸਮੇਂ ਤੱਕ ਨਾ ਭਰਿਆ ਜਾਣਾ ਅਤੇ ਨਵੇਂ ਉਦਯੋਗਾਂ ਲਈ ਢੁੱਕਵਾਂ ਮਾਹੌਲ ਤਿਆਰ ਨਾ ਕਰਨਾ—ਇਹ ਸਾਰੇ ਅਜਿਹੇ ਕਾਰਨ ਹਨ ਜੋ ਨੌਜਵਾਨਾਂ ਦੀਆਂ ਮੁਸ਼ਕਲਾਂ ਨੂੰ ਕਈ ਗੁਣਾ ਵਧਾ ਰਹੇ ਹਨ। ਸਿਰਫ਼ ਸਰਕਾਰ ਹੀ ਨਹੀਂ, ਸਗੋਂ ਨਿੱਜੀ ਖੇਤਰ ਦੀ ਸਿਰਫ਼ ਮੁਨਾਫ਼ੇ 'ਤੇ ਟਿਕੀ ਸੋਚ ਵੀ ਇਸ ਹਾਲਤ ਨੂੰ ਖ਼ਰਾਬ ਕਰ ਰਹੀ ਹੈ।

?ਅੱਜ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਇਸ ਹੱਦ ਤੱਕ ਵਧ ਚੁੱਕੀ ਹੈ ਕਿ ਉੱਚ ਪੜ੍ਹਾਈ ਕਰ ਚੁੱਕੇ ਨੌਜਵਾਨ ਆਪਣੀ ਯੋਗਤਾ ਤੋਂ ਕਾਫ਼ੀ ਘੱਟ ਅਹੁਦਿਆਂ ਲਈ ਅਰਜ਼ੀਆਂ ਦੇਣ 'ਤੇ ਮਜਬੂਰ ਹਨ। ਇਹ ਅਕਸਰ ਵੇਖਿਆ ਜਾਂਦਾ ਹੈ ਕਿ ਪੀ.ਐੱਚ.ਡੀ. (♦✲.4) ਵਰਗੀਆਂ ਉੱਚ ਡਿਗਰੀਆਂ ਹਾਸਲ ਕਰ ਚੁੱਕੇ ਨੌਜਵਾਨ ਵੀ ਸਰਕਾਰੀ ਚਪੜਾਸੀ ਵਰਗੀਆਂ ਨੌਕਰੀਆਂ ਲਈ ਲੰਬੀਆਂ ਕਤਾਰਾਂ ਵਿੱਚ ਖੜ੍ਹੇ ਹੁੰਦੇ ਹਨ। ਇਹ ਤਸਵੀਰ ਸਿੱਖਿਆ ਅਤੇ ਰੁਜ਼ਗਾਰ ਵਿਚਕਾਰ ਪੈਦਾ ਹੋ ਚੁੱਕੀ ਉਸ ਡੂੰਘੀ ਖਾਈ ਨੂੰ ਸਪੱਸ਼ਟ ਕਰਦੀ ਹੈ, ਜਿਸ ਨੂੰ ਭਰਨ ਲਈ ਕੋਈ ਠੋਸ ਨੀਤੀ ਨਜ਼ਰ ਨਹੀਂ ਆਉਂਦੀ। ਜੇਕਰ ਅਸੀਂ ਪਿੰਡਾਂ ਦੀ ਹਕੀਕਤ ਵੱਲ ਝਾਤ ਮਾਰੀਏ ਤਾਂ ਇਹ ਤਸਵੀਰ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਖਾਸ ਕਰਕੇ ਮਾਲਵਾ ਖੇਤਰ—ਬਠਿੰਡਾ, ਮਾਨਸਾ ਅਤੇ ਮੁਕਤਸਰ—ਅਜੇ ਵੀ ਪੂਰੀ ਤਰ੍ਹਾਂ ਖੇਤੀਬਾੜੀ 'ਤੇ ਨਿਰਭਰ ਹਨ। ਪਰ ਫ਼ਸਲਾਂ ਦੇ ਲਗਾਤਾਰ ਹੁੰਦੇ ਨੁਕਸਾਨ ਅਤੇ ਘੱਟ ਰਹੀ ਆਮਦਨ ਨੇ ਪਰਿਵਾਰਾਂ ਦੀ ਆਰਥਿਕ ਹਾਲਤ ਕਮਜ਼ੋਰ ਕਰ ਦਿੱਤੀ ਹੈ। ਇਸ ਕਾਰਨ ਪੜ੍ਹੇ-ਲਿਖੇ ਨੌਜਵਾਨਾਂ ਕੋਲ ਪਿੰਡਾਂ ਵਿੱਚ ਬਦਲਵੇਂ ਰੁਜ਼ਗਾਰ ਦੇ ਮੌਕੇ ਬਹੁਤ ਹੀ ਸੀਮਤ ਰਹਿ ਗਏ ਹਨ। ਦੂਜੇ ਪਾਸੇ, ਮਸ਼ੀਨੀਕਰਨ ਦੇ ਇਸ ਯੁੱਗ ਵਿੱਚ ਬਹੁਤ ਸਾਰੇ ਹੱਥ, ਜੋ ਪਹਿਲਾਂ ਖੇਤਾਂ ਅਤੇ ਸਹਾਇਕ ਉਦਯੋਗਾਂ ਵਿੱਚ ਕੰਮ ਕਰਦੇ ਸਨ, ਅੱਜ ਵਿਹਲੇ ਹੋ ਗਏ ਹਨ। ਮਸ਼ੀਨਾਂ ਨੇ ਕੰਮ ਤਾਂ ਤੇਜ਼ ਕੀਤਾ ਹੈ, ਪਰ ਮਨੁੱਖੀ ਮਿਹਨਤ ਦੀ ਲੋੜ ਘਟਾ ਕੇ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੋਰ ਜਟਿਲ ਬਣਾ ਦਿੱਤਾ ਹੈ।

?ਪੰਜਾਬ ਇੱਕ ਖੇਤੀ-ਪ੍ਰਧਾਨ ਰਾਜ ਹੋਣ ਦੇ ਬਾਵਜੂਦ ਵੀ ਇੱਥੇ ਖੇਤੀਬਾੜੀ ਨਾਲ ਸੰਬੰਧਿਤ ਉੱਚ ਸਿੱਖਿਆ ਦੇ ਮੌਕੇ ਕਾਫ਼ੀ ਘੱਟ ਹਨ। ਖ਼ਾਸ ਕਰਕੇ ਬੀ.ਐੱਸ.ਸੀ. (ਖੇਤੀਬਾੜੀ) ਵਰਗੇ ਕੋਰਸ ਬਹੁਤ ਘੱਟ ਕਾਲਜਾਂ ਵਿਚ ਉਪਲਬਧ ਹਨ, ਜਿਸ ਕਾਰਨ ਬਹੁਤ ਸਾਰੇ ਚਾਹਵਾਨ ਵਿਦਿਆਰਥੀ ਇਸ ਖੇਤਰ ਵਿੱਚ ਆਪਣਾ ਭਵਿੱਖ ਨਹੀਂ ਬਣਾ ਪਾਉਂਦੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU) ਵਰਗੀਆਂ ਸੰਸਥਾਵਾਂ ਨੂੰ ਹੁਣ ਆਪਣੀ ਭੂਮਿਕਾ ਦਾ ਵਿਸਥਾਰ ਕਰਨਾ ਪਵੇਗਾ ਤਾਂ ਜੋ ਨੌਜਵਾਨਾਂ ਨੂੰ ਖੇਤੀ ਦੇ ਨਾਲ-ਨਾਲ ਉਸ ਨਾਲ ਜੁੜੇ ਨਵੇਂ ਕਾਰੋਬਾਰਾਂ ਲਈ ਤਿਆਰ ਕੀਤਾ ਜਾ ਸਕੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਹੀ ਇੱਕ ਰਿਪੋਰਟ ਮੁਤਾਬਕ ਲਗਭਗ 13.34 ਫ਼ੀਸਦੀ ਪੇਂਡੂ ਪਰਿਵਾਰਾਂ ਦਾ ਘੱਟੋ-ਘੱਟ ਇੱਕ ਮੈਂਬਰ ਵਿਦੇਸ਼ ਜਾ ਚੁੱਕਾ ਹੈ। ਇਹ ਸਿਰਫ਼ ਇੱਕ ਦੇਸ਼ ਤੋਂ ਦੂਜੇ ਦੇਸ਼ ਜਾਣ ਦਾ ਮਾਮਲਾ ਨਹੀਂ ਹੈ, ਸਗੋਂ ਇਹ ਸਾਡੇ ਸੂਬੇ ਤੋਂ 'ਦਿਮਾਗਾਂ ਦਾ ਨਿਕਾਸ' (Brain Drain) ਹੈ। ਸਾਡਾ ਸਭ ਤੋਂ ਵਧੀਆ ਮਨੁੱਖੀ ਸਰਮਾਇਆ ਬਾਹਰ ਜਾ ਰਿਹਾ ਹੈ ਕਿਉਂਕਿ ਉਸਨੂੰ ਆਪਣੀ ਧਰਤੀ 'ਤੇ ਕੋਈ ਭਵਿੱਖ ਨਜ਼ਰ ਨਹੀਂ ਆ ਰਿਹਾ। ਜੇਕਰ ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਿਹਾ, ਤਾਂ ਪੰਜਾਬ ਆਉਣ ਵਾਲੇ ਸਮੇਂ ਵਿੱਚ ਬਜ਼ੁਰਗਾਂ ਦਾ ਸੂਬਾ ਬਣ ਕੇ ਰਹਿ ਜਾਵੇਗਾ।

?ਸਮੱਸਿਆ ਦਾ ਹੱਲ ਸਿਰਫ਼ ਨਾਅਰਿਆਂ ਨਾਲ ਨਹੀਂ, ਸਗੋਂ ਵੱਡੇ ਪੱਧਰ 'ਤੇ ਠੋਸ ਨੀਤੀਆਂ ਬਣਾਉਣ ਨਾਲ ਹੀ ਸੰਭਵ ਹੈ। ਸਰਕਾਰ ਨੂੰ ਪ੍ਰਾਈਵੇਟ ਸੈਕਟਰ ਵਿੱਚ ਤਨਖਾਹਾਂ ਦੇ ਢਾਂਚੇ ਨੂੰ ਸੁਧਾਰਨ ਲਈ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਿਸੇ ਵੀ ਨੌਜਵਾਨ ਦਾ ਸ਼ੋਸ਼ਣ ਨਾ ਹੋਵੇ। ਨਿੱਜੀ ਖੇਤਰ ਨੂੰ ਵੀ ਇਹ ਸਮਝਣਾ ਪਵੇਗਾ ਕਿ ਖੁਸ਼ਹਾਲ ਮੁਲਾਜ਼ਮ ਹੀ ਲੰਬੇ ਸਮੇਂ ਤੱਕ ਕੰਪਨੀ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਦਾ ਹੈ। ਇਸ ਦੇ ਨਾਲ ਹੀ ਨੌਜਵਾਨਾਂ ਨੂੰ ਵੀ ਆਪਣੀ ਪੜ੍ਹਾਈ ਦੇ ਨਾਲ-ਨਾਲ ਨਵੇਂ ਹੁਨਰ (Skills) ਸਿੱਖਣ ਵੱਲ ਵਧਣਾ ਪਵੇਗਾ, ਜੋ ਅਜੋਕੇ ਤਕਨੀਕੀ ਯੁੱਗ ਦੀ ਮੰਗ ਹਨ। ਜੇਕਰ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਮੁੜ 'ਰੰਗਲਾ ਪੰਜਾਬ' ਬਣੇ, ਤਾਂ ਸਾਨੂੰ ਅਜਿਹਾ ਮਾਹੌਲ ਸਿਰਜਣਾ ਪਵੇਗਾ ਜਿੱਥੇ ਇੱਕ ਨੌਜਵਾਨ ਆਪਣੀ ਧਰਤੀ 'ਤੇ ਹੀ ਇੱਜ਼ਤ, ਅਣਖ ਅਤੇ ਆਰਥਿਕ ਸੁਰੱਖਿਆ ਨਾਲ ਜੀ ਸਕੇ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੀਆਂ ਅਲਮਾਰੀਆਂ ਡਿਗਰੀਆਂ ਨਾਲ ਤਾਂ ਭਰੀਆਂ ਹੋਣਗੀਆਂ, ਪਰ ਸਾਡੇ ਘਰਾਂ ਦੀਆਂ ਰਸੋਈਆਂ ਅਤੇ ਨੌਜਵਾਨਾਂ ਦੀਆਂ ਜੇਬਾਂ ਖਾਲੀ ਹੋਣਗੀਆਂ। ਇਹ ਸਿਰਫ਼ ਇੱਕ ਲੇਖ ਨਹੀਂ, ਸਗੋਂ ਪੰਜਾਬ ਦੀ ਜਵਾਨੀ ਦੀ ਇੱਕ ਚੀਖ ਹੈ ਜਿਸ ਨੂੰ ਸੁਣਨਾ ਅਤੇ ਸਮਝਣਾ ਅੱਜ ਦੇ ਵਕਤ ਦੀ ਸਭ ਤੋਂ ਵੱਡੀ ਲੋੜ ਹੈ।

# ਧਰਤੀ ਦਿਵਸ 2026-ਸਾਡੀ ਧਰਤੀ, ਸਾਡੀ ਸ਼ਕਤੀ

ਅਮਨਦੀਪ ਸਿੰਘ

ਹਰ ਸਾਲ 22 ਅਪਰੈਲ ਨੂੰ 'ਧਰਤੀ ਦਿਵਸ' ਮਨਾਇਆ ਜਾਂਦਾ ਹੈ। ਇਹ ਦਿਨ ਸਭ ਤੋਂ ਪਹਿਲਾਂ 1970 ਵਿੱਚ ਸ਼ੁਰੂ ਹੋਇਆ ਸੀ, ਜਦੋਂ ਅਮਰੀਕਾ ਵਿੱਚ 2 ਕਰੋੜ ਲੋਕ ਪ੍ਰਦੂਸ਼ਣ ਖ਼ ?ਲਾਫ਼ ਸੜਕਾਂ 'ਤੇ ਉਤਰੇ ਸਨ। ਉਨ੍ਹਾਂ ਨੇ ਮਨੁੱਖੀ ਸਿਹਤ ਉੱਤੇ ਮਾੜੇ ਪ੍ਰਭਾਵ ਪਾ ਰਹੇ ਵਾਤਾਵਰਨ ਦੇ ਮੁੱਦਿਆਂ ਬਾਰੇ ਜਾਗਰੂਕਤਾ ਫੈਲਾਈ ਸੀ। ਅੱਜ ਇਹ ਸਿਰਫ਼ ਅਮਰੀਕਾ ਦਾ ਨਹੀਂ, ਸਗੋਂ ਪੂਰੀ ਦੁਨੀਆ ਦਾ ਦਿਨ ਬਣ ਚੁੱਕਾ ਹੈ ਜਦੋਂ ਇੱਕ ਅਰਬ ਤੋਂ ਵੱਧ ਲੋਕ ਲਾਮਬੰਦ ਹੋ ਕੇ ਇਸ ਨੂੰ ਮਨਾਉਂਦੇ ਹਨ। ਇਹ ਸਾਡੀ ਧਰਤੀ ਨੂੰ ਬਚਾਉਣ ਦਾ ਇੱਕ ਮਹਾਨ ਉਪਰਾਲਾ ਹੈ। ਇਸ ਸਾਲ ਦਾ ਥੀਮ 'ਸਾਡੀ ਧਰਤੀ, ਸਾਡੀ ਸ਼ਕਤੀ' ਹੈ ਜੋ ਵਾਤਾਵਰਨ ਤਰੱਕੀ ਨੂੰ ਅੱਗੇ ਵਧਾਉਣ ਲਈ ਸਾਂਝੇ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ। ਇਸ ਦਿਨ ਵਾਤਾਵਰਨ ਨਾਲ ਜੁੜੀਆਂ ਸੰਸਥਾਵਾਂ ਧਰਤੀ ਨੂੰ ਸਾਫ਼-ਸੁਥਰਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਜਗ ?ਹਾ-ਜਗ ?ਹਾ ਬੂਟੇ ਤੇ ਫੁੱਲ ਲਗਾਏ ਜਾਂਦੇ ਹਨ। ਇਹ ਸਾਨੂੰ ਸਾਰਿਆਂ ਨੂੰ ਸਿੱਖਿਅਤ ਕਰਨ ਦਾ ਮੌਕਾ ਵੀ ਹੈ ਤਾਂ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੀ ਪਿਆਰੀ ਧਰਤੀ ਮਾਂ ਨੂੰ ਸਾਫ਼ ਤੇ ਸੁੰਦਰ ਬਣਾ ਕੇ ਰੱਖ ਸਕੀਏ।




ਇਸ ਸਬੰਧ ਵਿੱਚ ਬੋਸਟਨ ਦੇ ਨਜ਼ਦੀਕ ਸ਼ਹਿਰ ਵੈਸਟਬੋਰੋ ਵਿਖੇ 700 ਤੋਂ ਵੱਧ ਲੋਕਾਂ ਨੇ ਸ਼ਹਿਰ ਦੀ ਸਫ਼ਾਈ ਕਰਨ ਲਈ ਹੰਭਲਾ ਮਾਰਿਆ। ਉਨ੍ਹਾਂ ਨੇ ਆਪਣੇ ਸ਼ਹਿਰ ਵਿੱਚੋਂ 500 ਬੈਗ ਤੋਂ ਵੀ ਜ਼ਿਆਦਾ ਕੂੜੇ ਨੂੰ ਹਟਾਇਆ। ਵੈਸਟਬੋਰੋ ਲੈਂਡ ਟਰੱਸਟ ਜਿਸ ਨੇ ਇਹ ਉਪਰਾਲਾ ਕੀਤਾ, ਨੇ ਨਿਊ ਇੰਗਲੈਂਡ ਸਿੱਖ ਸਟੱਡੀ ਸਰਕਲ ਗੁਰਦੁਆਰਾ ਸਾਹਿਬ, ਚੈਪਲ ਆਫ਼ ਦਿ ਕਰਾਸ, ਪੁਲੀਸ ਕਲੱਬ, ਸਕੂਲ, ਬੋਆਏ ਤੇ ਗਰਲ ਸਕਾਊਟ ਅਤੇ ਅਨੇਕਾਂ ਹੋਰ ਸੰਸਥਾਵਾਂ ਤੇ ਨਾਗਰਿਕਾਂ ਦਾ ਉਨ੍ਹਾਂ ਦੀ ਭਾਗੀਦਾਰੀ ਲਈ ਧੰਨਵਾਦ ਕੀਤਾ।

ਧਰਤੀ ਸਾਡੇ ਕੋਲ ਜੀਵਨ ਦਾ ਸਭ ਤੋਂ ਮਹੱਤਵਪੂਰਨ ਸਰੋਤ ਹੈ। ਸਾਨੂੰ ਵਧ ਤੋਂ ਵੱਧ ਲੋਕਾਂ ਨੂੰ ਆਪਣੇ ਨਾਲ ਜੋੜ ਕੇ ਧਰਤੀ ਦੀ ਤੰਦਰੁਸਤੀ ਲਈ ਹੰਭਲੇ ਮਾਰਨੇ ਚਾਹੀਦੇ ਹਨ। ਉਦਾਹਰਨ ਵਜੋਂ, ਤੁਸੀਂ ਸਿੱਖ ਸਕਦੇ ਹੋ ਕਿ ਕੂੜਾ ਕਿਵੇਂ ਘਟਾਈਏ ਤੇ ਜੈਵਿਕ ਕੂੜੇ ਤੋਂ ਖਾਦ ਕਿਵੇਂ ਬਣਾਈਏ, ਚੀਜ਼ਾਂ ਨੂੰ ਮੁੜ ਕਿਵੇਂ ਵਰਤਿਆ ਜਾਵੇ ਤੇ ਮੁੜ-ਵਰਤੋਂਯੋਗ ਕਿਵੇ ਬਣਾਇਆ ਜਾਵੇ ਜਾਂ ਰੀਸਾਈਕਲ ਕਿਵੇਂ ਕਰੀਏ, ਆਪਣਾ ਛੋਟਾ ਜਿਹਾ ਪੌਦਾ ਕਿਵੇਂ ਉਗਾਇਆ ਜਾਵੇ ਜਾਂ ਪਾਣੀ ਨੂੰ ਕਿਵੇਂ ਬਚਾਇਆ ਜਾਵੇ। ਤੁਸੀਂ ਪਲਾਸਟਿਕ ਦਾ ਇੱਕ ਟੁਕੜਾ ਵੀ ਚੁੱਕ ਸਕਦੇ ਹੋ ਜੋ ਤੁਹਾਨੂੰ ਬਾਹਰ ਡਿੱਗਿਆ ਮਿਲਦਾ ਹੈ। ਤੁਸੀਂ ਇੱਕ ਘੰਟੇ ਜਾਂ ਇੱਕ ਦਿਨ ਲਈ ਗ਼ੈਰ-ਜ਼ਰੂਰੀ ਬਿਜਲੀ ਦੀ ਖਪਤ ਵੀ ਬੰਦ ਕਰ ਸਕਦੇ ਹੋ। ਇਹ ਸਭ ਛੋਟੇ-ਛੋਟੇ ਕੰਮ ਵੀ ਵੱਡਾ ਫ਼ਰਕ ਪਾ ਸਕਦੇ ਹਨ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 352 | Website: www.preetnama.com Email preetnamausa@gmail.com | 08 MAY TO 14 MAY, 2026




# ਸੁਖਦੇਵ ਸਿੰਘ ਸ਼ਾਂਤ ਦੀਆਂ ਗੁਰਬਾਣੀ ਬਾਰੇ ਤਿੰਨ ਪੁਸਤਕਾਂ







ਸੁਖਦੇਵ ਸਿੰਘ ਸ਼ਾਂਤ ਪਿਛਲੇ ਲੱਗਭੱਗ ਇੱਕ ਦਹਾਕੇ ਤੋਂ ਗੁਰਮਤਿ ਸਾਹਿਤ ਦੇ ਅਧਿਐਨ ਵਿੱਚ ਰੁੱਝੇ ਹੋਏ ਹਨ। ਉਂਜ ਉਨ੍ਹਾਂ ਦਾ ਸਾਹਿਤ ਪ੍ਰਤੀ ਲਗਾਓ ਚਿਰੋਕਣਾ ਹੈ। ਉਨ੍ਹਾਂ ਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿੱਚ ਮੁੱਲਵਾਨ ਕਾਰਜ ਕੀਤਾ ਹੈ, ਜਿਸ ਵਿੱਚ ਮਿੰਨੀ ਕਹਾਣੀ, ਕਹਾਣੀ, ਕਵਿਤਾ, ਬਾਲ ਸਾਹਿਤ ਤੇ ਗੁਰਮਤਿ ਸਾਹਿਤ ਸ਼ਾਮਲ ਹੈ। ਉਨ੍ਹਾਂ ਵੱਲੋਂ ਲਿਖੀਆਂ ਪੁਸਤਕਾਂ ਵਿੱਚ ਗੁਰਬਾਣੀ/ਗੁਰਮਤਿ ਦੀਆਂ 8, ਬਾਲ ਸਾਹਿਤ ਦੀਆਂ 10, ਮਿੰਨੀ ਕਹਾਣੀ/ਕਹਾਣੀ ਦੀਆਂ 3, ਕਵਿਤਾ ਦੀ ਇੱਕ ਅਤੇ 4 ਟ ?ੈਕਟ ਸ਼ਾਮਲ ਹਨ। ਪੰਜਾਬ ਸਰਕਾਰ ਦੇ ਸਹਿਕਾਰੀ ਸਭਾਵਾਂ ਵਿਭਾਗ ਤੋਂ ਸਹਾਇਕ ਰਜਿਸਟਰਾਰ ਵਜੋਂ ਸੇਵਾਮੁਕਤ ਸ. ਸਾਂਤ ਜੀਵਨ ਦੀਆਂ 74 ਬਹਾਰਾਂ ਮਾਣ ਚੁੱਕੇ ਹਨ। ਉਹ ਮੂਲ ਤੌਰ ਤੇ ਪਟਿਆਲਾ ਦੇ ਰਹਿਣ ਵਾਲੇ ਹਨ ਪਰ ਅਕਸਰ ਆਪਣੇ ਬੱਚਿਆਂ ਕੋਲ ਅਮਰੀਕਾ (ਇੰਡੀਆਨਾ) ਆਉਂਦੇ-ਜਾਂਦੇ ਰਹਿੰਦੇ ਹਨ।

ਧਾਰਮਿਕ ਅਧਿਐਨ ਤੇ ਅੰਗਰੇਜ਼ੀ ਵਿੱਚ ਐਮਏ, ਗਿਆਨੀ ਅਤੇ ਹਾਇਰ ਡਿਪਲੋਮਾ ਇਨ ਕੋਆਪ੍ਰੇਸ਼ਨ ਦੀ ਯੋਗਤਾ ਪ੍ਰਾਪਤ ਸ. ਸ਼ਾਂਤ ਨੂੰ ਭਾਸ਼ਾ ਵਿਭਾਗ ਪੰਜਾਬ, ਡਾ ਗੰਡਾ ਸਿੰਘ ਮੈਮੋਰੀਅਲ ਟਰੱਸਟ ਪਟਿਆਲਾ , ਪੰਜਾਬੀ ਸਾਹਿਤ ਸਭਾ ਪਟਿਆਲਾ, ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਪਟਿਆਲਾ ਆਦਿ ਸੰਸਥਾਵਾਂ ਵੱਲੋਂ ਸਨਮਾਨਿਤ ਅਤੇ ਪੁਰਸਕ੍ਰਿਤ ਕੀਤਾ ਜਾ ਚੁੱਕਾ ਹੈ। ਹੱਥਲੇ ਨਿਬੰਧ ਵਿੱਚ ਉਨ੍ਹਾਂ ਦੀਆਂ ਪਿਛਲੇ ਸਮੇਂ ਵਿੱਚ ਛਪੀਆਂ ਤਿੰਨ ਗੁਰਬਾਣੀ ਪੁਸਤਕਾਂ ਦਾ ਲੇਖਾ-ਜੋਖਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

(1)

2025 ਵਿੱਚ ਪ੍ਰਕਾਸ਼ਿਤ 'ਗਿਆਰਾਂ ਭੱਟ ਸਾਹਿਬਾਨ' ਸੁਖਦੇਵ ਸਿੰਘ ਸ਼ਾਂਤ ਦੀ ਗੁਰਬਾਣੀ ਨਾਲ ਸੰਬੰਧਿਤ ਛੇਵੀਂ ਪੁਸਤਕ ਹੈ, ਜਿਸਦਾ ਪ੍ਰਕਾਸ਼ਨ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਕੀਤਾ ਹੈ। 198 ਪੰਨਿਆਂ ਦੀ ਇਸ ਕਿਤਾਬ ਦਾ ਮੁੱਲ 350/- ਰੁਪਏ ਹੈ। (ਇਸਤੋਂ ਪਹਿਲਾਂ ਛਪੀਆਂ ਪੁਸਤਕਾਂ ਹਨ- ਪੰਦਰਾਂ ਭਗਤ ਸਾਹਿਬਾਨ, 2018; ਗੁਰਮਤਿ ਦ੍ਰਿਸ਼ਟੀ, 2021; ਗੁਰਬਾਣੀ: ਇੱਕ ਜੀਵਨ ਜਾਚ, 2022; ਭਗਤ ਬਾਣੀ ਵਿਚਾਰ, 2024; ਜਪੁਜੀ ਤੇ ਹੋਰ ਬਾਣੀਆਂ, 2025)। ਇਸ ਕਿਤਾਬ ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਉਸਤਤਿ ਵਿੱਚ ਸਵੱਈਏ ਲਿਖਣ ਵਾਲੇ 11 ਭੱਟ ਸਾਹਿਬਾਨ ਬਾਰੇ ਵਿਸਤ੍ਰਿਤ ਵੇਰਵਾ ਦਰਜ ਹੈ। ਇਹ ਸਵੱਈਏ ਗੁਰੂ ਗ੍ਰੰਥ ਸਾਹਿਬ ਦੇ ਅੰਗ 1389 ਤੋਂ 1409 ਤੱਕ ਦਰਜ ਹਨ, ਜਿਨ੍ਹਾਂ ਦੀ ਗਿਣਤੀ 123 ਹੈ। ਇਸ ਪੁਸਤਕ ਦੇ ਚਾਰ ਅਧਿਆਇ ਬਣਾਏ ਗਏ ਹਨ। ਪਹਿਲੇ ਅਧਿਆਇ ਵਿੱਚ ਭੱਟ ਸਾਹਿਬਾਨ ਦੀ ਗਿਣਤੀ, ਉਨ੍ਹਾਂ ਦੇ ਮੁਖੀ ਅਤੇ ਸਵੱਈਏ ਉਚਾਰਣ ਦੇ ਸਮੇਂ-ਸਥਾਨ ਬਾਰੇ ਦੱਸਿਆ ਗਿਆ ਹੈ; ਦੂਜੇ ਅਧਿਆਇ ਵਿੱਚ 11 ਭੱਟ ਸਾਹਿਬਾਨ (ਭੱਟ ਭਿਖਾ ਜੀ, ਭੱਟ ਮਥੁਰਾ ਜੀ, ਭੱਟ ਜਾਲਪ ਜੀ, ਭੱਟ ਕੀਰਤ ਜੀ, ਭੱਟ ਸੱਲ ਜੀ, ਭੱਟ ਭਲ ਜੀ, ਭੱਟ ਬਲ ਜੀ, ਭੱਟ ਹਰਿਬੰਸ ਜੀ, ਭੱਟ ਕਲਸਹਾਰ ਜੀ, ਭੱਟ ਗਯੰਦ ਜੀ, ਭੱਟ ਨਲ ਜੀ) ਦੇ ਜੀਵਨ-ਸਮਾਚਾਰ ਅਤੇ ਉਨ੍ਹਾਂ ਦੇ ਪਿਛੋਕੜ ਨੂੰ ਉਲੀਕਿਆ ਗਿਆ ਹੈ; ਤੀਜੇ ਅਧਿਆਇ ਵਿੱਚ ਇਨ੍ਹਾਂ ਭੱਟ ਸਾਹਿਬਾਨ ਦੀ ਬਾਣੀ ਦੇ ਵਿਸ਼ੇ-ਵਸਤੂ ਬਾਰੇ ਗੰਭੀਰ ਚਰਚਾ ਕੀਤੀ ਗਈ ਹੈ; ਚੌਥੇ ਅਧਿਆਇ ਵਿੱਚ ਭੱਟ ਸਾਹਿਬਾਨ ਦੀ ਬਾਣੀ ਦੇ ਸਾਹਿਤਕ ਪੱਖ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਅੰਤਿਕਾ ਵਿੱਚ ਛੰਦ ਪ੍ਰਬੰਧ (ਪਿੰਗਲ/ਅਰੂਜ਼)- ਮਾਤ੍ਰਿਕ ਛੰਦ, ਵਰਣਿਕ ਛੰਦ, ਗਣਿਲ ਛੰਦ ਆਦਿ ਬਾਰੇ ਸੰਖਿਪਤ ਜਾਣਕਾਰੀ ਸਾਂਝੀ ਕੀਤੀ ਗਈ ਹੈ। ਪੁਸਤਕ ਦੇ ਅੰਤ ਵਿੱਚ ਸਹਾਇਕ ਪੁਸਤਕ ਸੂਚੀ ਸ਼ਾਮਲ ਕੀਤੀ ਗਈ ਹੈ। ਇਸ ਕਿਤਾਬ ਦਾ ਮੁੱਖਬੰਦ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਲਿਖਿਆ ਹੈ। ਉਨ੍ਹਾਂ ਦਾ ਕਥਨ ਹੈ, ÷ਇਸ ਪੁਸਤਕ ਦੀ ਜਿਹੜੀ ਇੱਕ ਵਿਸ਼ੇਸ਼ਤਾ ਨੇ ਮੈਨੂੰ ਪ੍ਰਭਾਵਿਤ ਕੀਤਾ ਹੈ, ਉਹ ਹੈ ਬਹੁਤ ਸਰਲ ਭਾਸ਼ਾ ਵਿੱਚ, ਪਰ ਅਕਾਦਮਿਕ ਪੱਧਰ ਵਾਲੀ ਵਰਣਨ ਸ਼ੈਲੀ। ਬਹੁਤ ਹੀ ਸੁੰਦਰ ਢੰਗ ਨਾਲ ਭੱਟ ਬਾਣੀ ਅਤੇ ਭੱਟ ਸਾਹਿਬਾਨ ਦੇ ਅਧਿਆਤਮਕ, ਇਤਿਹਾਸਕ ਅਤੇ ਸਾਹਿਤਕ ਦਰਸ਼ਨ 'ਸ਼ਾਂਤ' ਹੋਰਾਂ ਨੇ ਕਰਾਏ ਹਨ।÷ (12)

ਇਸ ਪੁਸਤਕ ਵਿੱਚ ਵਿਦਵਾਨ ਲੇਖਕ ਨੇ ਭੱਟ ਸਾਹਿਬਾਨ ਦੇ ਵੱਖ ਵੱਖ ਨਾਵਾਂ ਨੂੰ ਤਰਕ ਦੀ ਦ੍ਰਿਸ਼ਟੀ ਨਾਲ ਸਮਝਾਇਆ ਹੈ ਅਤੇ ਇਨ੍ਹਾਂ ਭੱਟ ਸਾਹਿਬਾਨ ਦੇ ਮੁਖੀ ਵਜੋਂ ਭੱਟ ਭਿਖਾ ਜੀ ਨੂੰ ਅੰਕਿਤ ਕੀਤਾ ਹੈ। ਇਨ੍ਹਾਂ ਸਵੱਈਆਂ ਦੇ ਕਰਤਾ ਵਜੋਂ ਭੱਟ ਭਿਖਾ ਜੀ ਤੋਂ ਬਿਨਾਂ ਭਿਖਾ ਜੀ ਦੇ ਤਿੰਨ ਸਪੁੱਤਰ ਹਨ – ਭੱਟ ਮਥੁਰਾ, ਭੱਟ ਜਾਲਪ, ਭੱਟ ਕੀਰਤ; ਭੱਟ ਸਲ ਤੇ ਭੱਟ ਭਲ ਭੱਟ ਭਿਖਾ ਜੀ ਦੇ ਦੂਜੇ ਭਰਾ ਸੋਖਾ ਜੀ ਦੇ ਸਪੁੱਤਰ ਹਨ; ਭੱਟ ਬਲ ਭੱਟ ਭਿਖਾ ਜੀ ਦੇ ਤੀਜੇ ਭਰਾ ਤੋਖਾ ਜੀ ਦੇ ਸਪੁੱਤਰ ਹਨ; ਭੱਟ ਹਰਿਬੰਸ ਭੱਟ ਭਿਖਾ ਜੀ ਦੇ ਚੌਥੇ ਭਰਾ ਗੋਖਾ ਜੀ ਦੇ ਸਪੁੱਤਰ ਹਨ; ਭੱਟ ਕਲਸਹਾਰ ਤੇ ਭੱਟ ਗਯੰਦ ਭੱਟ ਭਿਖਾ ਜੀ ਦੇ ਪੰਜਵੇਂ ਭਰਾ ਚੋਖਾ ਜੀ ਦੇ ਸਪੁੱਤਰ ਹਨ। 11ਵੇਂ ਭੱਟ ਨਲ ਜੀ ਦੇ ਇਨ੍ਹਾਂ 10 ਭੱਟ ਸਾਹਿਬਾਨ ਨਾਲ ਦੁਨਿਆਵੀ ਰਿਸ਼ਤੇ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ।

(2)

ਸਾਲ 2026 ਦੇ ਆਰੰਭ ਵਿੱਚ ਛਪੀ ਪੁਸਤਕ 'ਅਨੰਦੁ ਸਾਹਿਬ ਤੇ ਹੋਰ ਬਾਣੀਆਂ' (ਸੰਗਮ ਪਬਲੀਕੇਸ਼ਨਜ਼ ਸਮਾਣਾ, ਪੰਨੇ 167, ਮੁੱਲ 295/- ਰੁਪਏ) ਵਿੱਚ ਸੁਖਦੇਵ ਸਿੰਘ ਸ਼ਾਂਤ ਨੇ 7 ਬਾਣੀਆਂ (ਗੁਰੂ ਅੰਗਦ ਦੇਵ ਜੀ ਦੇ 63 ਸਲੋਕ; ਅਨੰਦੁ ਸਾਹਿਬ; ਆਸਾ ਮਹਲਾ ? ਪਟੀ; ਲਾਵਾਂ; ਬਾਵਨ ਅਖਰੀ ਭਗਤ ਕਬੀਰ ਜੀ; ਸਦੁ; ਸਤਾ ਅਤੇ ਬਲਵੰਡ ਦੀ ਰਾਮਕਲੀ ਕੀ ਵਾਰ) ਦਾ ਨਿਕਟਵਰਤੀ ਅਧਿਐਨ ਕੀਤਾ ਹੈ। ਇਸ ਪੁਸਤਕ ਦਾ ਮੁੱਖਬੰਦ 'ਗੁਰਮਤਿ ਪ੍ਰਕਾਸ਼' ਦੇ ਸਹਿ-ਸੰਪਾਦਕ ਬਿਕਰਮਜੀਤ ਸਿੰਘ ਜੀਤ ਨੇ ਲਿਖਿਆ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 22 ਵਾਰਾਂ ਵਿੱਚੋਂ 9 ਵਾਰਾਂ ਵਿੱਚ ਗੁਰੂ ਅੰਗਦ ਦੇਵ ਜੀ ਦੇ ਸਲੋਕ ਸ਼ਾਮਲ ਹਨ। ਇਹ ਹਨ- ਸਿਰੀ ਰਾਗ ਕੀ ਵਾਰ ਮਹਲਾ ?(2 ਸਲੋਕ), ਮਾਝ ਕੀ ਵਾਰ ਮਹਲਾ ? (12 ਸਲੋਕ), ਆਸਾ ਕੀ ਵਾਰ ਮਹਲਾ ?(15 ਸਲੋਕ), ਸੋਰਠਿ ਕੀ ਵਾਰ ਮਹਲਾ ?(1 ਸਲੋਕ), ਸੂਹੀ ਕੀ ਵਾਰ ਮਹਲਾ ? (11 ਸਲੋਕ), ਰਾਮਕਲੀ ਕੀ ਵਾਰ ਮਹਲਾ ? (7 ਸਲੋਕ), ਮਾਰੂ ਕੀ ਵਾਰ ਮਹਲਾ ?(1 ਸਲੋਕ), ਸਾਰੰਗ ਕੀ ਵਾਰ ਮਹਲਾ ? (9 ਸਲੋਕ), ਮਲਾਰ ਕੀ ਵਾਰ ਮਹਲਾ ?(5 ਸਲੋਕ)। ਇਨ੍ਹਾਂ ਸਲੋਕਾਂ ਦੇ ਵਿਸ਼ਾ ਵਸਤੂ ਵਿੱਚ ਲੇਖਕ ਅਨੁਸਾਰ ਗੁਰੂ ਦੀ ਲੋੜ ਅਤੇ ਮਹੱਤਾ, ਨਾਮ ਅਤੇ ਸਿਮਰਨ, ਬਿਰਹਾ ਦਾ ਸੰਕਲਪ, ਪ੍ਰਭੂ ਪ੍ਰੀਤ ਦੇ ਗੁਣ, ਹਉਮੈ ਦਾ ਦਾਰਸ਼ਨਿਕ ਸਿਧਾਂਤ, ਪਰਮਾਤਮਾ ਦੀ ਸਿਫ਼ਤ, ਮੌਤ ਦਾ ਵਿਚਾਰ ਅਤੇ ਨੈਤਿਕਤਾ ਦੀ ਸਿੱਖਿਆ, ਚਿੰਤਾ ਦਾ ਰੋਗ, ਅੰਮ੍ਰਿਤ ਵੇਲੇ ਦਾ ਮਹੱਤਵ, ਸਤਿਸੰਗਤ ਦੀ ਮਹਿਮਾ, ਪ੍ਰਕਿਰਤੀ ਚਿਤਰਣ ਅਤੇ ਕੁਦਰਤ ਪ੍ਰੇਮ, ਅਸਲ ਵਿੱਚ ਅੰਨ੍ਹਾ ਕੌਣ, ਤਤਕਾਲੀਨ ਸਮਾਜਕ ਦਸ਼ਾ, ਜਾਤ ਪਾਤ/ਵਰਣ ਵੰਡ ਦਾ ਵਰਣਨ, ਜੀਵਤ-ਮਰਣ ਦੀ ਅਵਸਥਾ, ਕੌਣ ਸਿਆਣਾ- ਵੈਦ, ਡਾਕਟਰ ਜਾਂ ਉਪਦੇਸ਼ਕ ਦਾ ਜ਼ਿਕਰ ਹੋਇਆ ਹੈ। ਗੁਰੂ ਸਾਹਿਬ ਦੇ ਸਲੋਕਾਂ ਦੇ ਸਾਹਿਤਕ ਪੱਖ ਵਿੱਚ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਨੂੰ ਵਿਸਤਾਰ ਸਹਿਤ ਪ੍ਰਗਟਾਇਆ ਗਿਆ ਹੈ।

ਅਨੰਦੁ ਸਾਹਿਬ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਗ 917 ਤੋਂ 922 ਤੱਕ ਦਰਜ ਹੈ। ਲੇਖਕ ਦੱਸਦਾ ਹੈ ਕਿ ਇਸ ਬਾਣੀ ਦੀਆਂ 7 ਪਉੜੀਆਂ ਛੇ-ਛੇ ਪੰਕਤੀਆਂ ਦੀਆਂ ਹਨ ਤੇ 33 ਪਉੜੀਆਂ ਪੰਜ-ਪੰਜ ਪੰਕਤੀਆਂ ਦੀਆਂ। ਲੇਖਕ ਮੁਤਾਬਕ ਇਹ ਬਾਣੀ ਅਨੰਦ ਦੀ ਪ੍ਰਾਪਤੀ, ਪਰਮਾਤਮਾ ਦੀ ਹਸਤੀ, ਸਤਿਗੁਰੂ ਦੀ ਲੋੜ ਤੇ ਮਹੱਤਾ, ਸੱਚੀ ਬਾਣੀ ਤੇ ਕੱਚੀ ਬਾਣੀ ਦਾ ਅੰਤਰ, ਮਨੁੱਖੀ ਸਰੀਰ ਤੇ ਮਨ ਨੂੰ ਸੰਬੋਧਨ, ਨੈਤਿਕਤਾ/ਸਦਾਚਾਰ ਦੀ ਮਹਾਨਤਾ ਬਾਰੇ ਵੱਡਮੁੱਲੀ ਜਾਣਕਾਰੀ ਦਿੰਦੀ ਹੈ। ਇਸਦੇ ਦੂਜੇ ਅਧਿਆਇ ਵਿੱਚ ਲੇਖਕ ਨੇ ਇਸ ਬਾਣੀ ਵਿੱਚ ਵਰਤੇ ਗਏ ਮੁੱਖ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਬਾਰੇ ਵਿਚਾਰ ਪ੍ਰਗਟ ਕੀਤੇ ਹਨ।

ਆਸਾ ਮਹਲਾ ? ਪਟੀ ਗੁਰੂ ਗ੍ਰੰਥ ਸਾਹਿਬ ਦੇ ਅੰਗ 434-435 ਤੇ ਸੁਸ਼ੋਭਿਤ ਹੈ। ਲੇਖਕ ਨੇ ਇਸ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਹੈ ਕਿ ਇਸਦੇ 8 ਪਦੇ ਹਨ, ਜਿਸ ਵਿੱਚ ਇੱਕ ਪਦਾ ਰਹਾਉ ਦਾ ਵੀ ਹੈ, ਜੋ ਪਹਿਲੇ ਪਦੇ ਤੋਂ ਬਾਦ ਹੈ। ਪੱਟੀ ਦੇ ਸਿਰਲੇਖ, ਅਸਲ ਵਿਦਿਆ/ਅਸਲ ਗਿਆਨ, ਵਿਦਿਆ ਦਾ ਵਪਾਰ, ਸਤਿਗੁਰੂ ਦੀ ਲੋੜ ਤੇ ਮਹੱਤਾ, ਕਰਮ ਸਿੱਧਾਂਤ ਤੇ ਨੈਤਿਕਤਾ ਬਾਰੇ ਵਿਚਾਰ ਕਰਨ ਪਿੱਛੋਂ ਲੇਖਕ ਇਸ ਵਿਚਲੇ ਅਲੰਕਾਰਾਂ, ਅਖਾਣਾਂ, ਮੁਹਾਵਰਿਆਂ, ਸ਼ਬਦਾਵਲੀ ਤੇ ਕਾਵਿ ਰਸ ਦੀ ਨਿਸ਼ਾਨਦੇਹੀ ਕਰਦਾ ਹੈ।

ਲਾਵਾਂ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਗ 773-774 ਤੇ ਹੈ, ਸਿੱਖ ਸੰਸਕਾਰਾਂ ਵਿੱਚ ਅਨੰਦ ਕਾਰਜ ਨਾਲ ਸੰਬੰਧਿਤ ਹੈ। ਆਦਿ ਗ੍ਰੰਥ ਵਿੱਚ ਇਸਦਾ ਕੋਈ ਸਿਰਲੇਖ ਨਹੀਂ ਦਿੱਤਾ ਗਿਆ ।ਲੇਖਕ ਨੇ ਸਪਸ਼ਟ ਕੀਤਾ ਹੈ ਕਿ ਇਸ ਵਿੱਚ ਪਰਵਿਰਤੀ ਕਰਮ, ਨਿਰਮਲ ਭਉ ਦੀ ਪ੍ਰਾਪਤੀ, ਵੈਰਾਗਮਈ ਖ਼ੁਸ਼ੀ ਦੀ ਪ੍ਰਾਪਤੀ, ਸਹਿਜ ਦੀ ਪ੍ਰਾਪਤੀ ਆਦਿ ਵਿਸ਼ੇ ਦ੍ਰਿਸ਼ਟੀਗੋਚਰ ਹੋਏ ਹਨ।

ਬਾਵਨ ਅਖਰੀ ਕਬੀਰ ਜੀ ਦ ?ਾ ਉਲੇਖ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 340-343 ਤੇ ਹੈ। ਇਸ ਵਿੱਚ ਪਰਮਾਤਮਾ ਦੀ ਹੋਂਦ/ਹਸਤੀ, ਮਨ ਦਾ ਸੰਕਲਪ, ਅੱਖਰੀ ਵਿਦਿਆ ਤੇ ਬ੍ਰਹਮ ਗਿਆਨ, ਸਦਾਚਾਰਕ ਜੀਵਨ ਜਾਚ ਜਿਹੇ ਵਿਸ਼ਿਆਂ ਦੀ ਜਾਣਕਾਰੀ ਦੇ ਕੇ ਲੇਖਕ ਨੇ ਸਾਹਿਤਕ ਪੱਖ ਵਿੱਚ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ ਤੇ ਕਾਵਿ ਰਸ ਬਾਰੇ ਜ਼ਿਕਰ ਕੀਤਾ ਹੈ।

ਬਾਬਾ ਸੁੰਦਰ ਜੀ ਦੀ ਲਿਖੀ ਸਦੁ ਬਾਣੀ ਦਾ ਵੇਰਵਾ ਆਦਿ ਗ੍ਰੰਥ ਦੇ ਅੰਗ 923-924 ਤੇ ਉਪਲਬਧ ਹੈ। ਇਸ ਦੀਆਂ ਛੇ ਪਉੜੀਆਂ ਹਨ। ਇਸ ਬਾਣੀ ਵਿੱਚ ਇੱਕੋ ਗੁਰੂ ਜੋਤਿ, ਗੁਰੂ ਅਮਰਦਾਸ ਜੀ ਦਾ ਜੋਤੀ ਜੋਤਿ ਸਮਾਉਣਾ, ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਸੌਂਪਣਾ ਪ੍ਰਮੁੱਖ ਵਿਸ਼ੇ ਹਨ, ਜਦਕਿ ਕਲਾ ਪੱਖ ਵਿੱਚ ਲੇਖਕ ਨੇ ਛੰਦ, ਅਲੰਕਾਰ, ਮੁਹਾਵਰੇ, ਸ਼ਾਬਦਾਵਲੀ ਦੀ ਵਿਆਖਿਆ ਕੀਤੀ ਹੈ।

ਸਤਾ ਬਲਵੰਡ ਵੱਲੋਂ ਉਚਾਰੀ ਰਾਮਕਲੀ ਕੀ ਵਾਰ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 966-968 ਤੇ ਦਰਜ ਹੈ। ਇਸਦੀਆਂ 8 ਪਉੜੀਆਂ ਹਨ। ਲੇਖਕ ਮੁਤਾਬਕ ਇਸ ਬਾਣੀ ਦੇ ਵਿਸ਼ਾ-ਵਸਤੂ ਵਿੱਚ ਗੁਰਿਆਈ/ਗੁਰਗੱਦੀ ਦੀ ਬਖਸ਼ਿਸ਼, ਇੱਕੋ ਜੋਤਿ ਤੇ ਗੁਰ ਪਰਮੇਸ਼ਰ, ਗੁਰੂ ਉਸਤਤਿ ਰਾਹੀਂ ਭਗਤੀ ਤੇ ਸਦਾਚਾਰ ਦਾ ਉਪਦੇਸ਼ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਬਾਣੀ ਦੇ ਸਾਹਿਤਕ ਮਹੱਤਵ ਵਿੱਚ ਅਲੰਕਾਰ, ਮੁਹਾਵਰੇ, ਸ਼ਬਦਾਵਲੀ ਤੇ ਕਾਵਿ ਰਸ ਦੀ ਵਿਆਖਿਆ ਮਿਲਦੀ ਹੈ।




ਬਾਣੀਆਂ ਦੇ ਅਧਿਐਨ ਤੇ ਵਿਸ਼ਲੇਸ਼ਣ ਪਿੱਛੋਂ ਪੁਸਤਕ ਦੇ ਅੰਤ ਵਿੱਚ ਪੁਸਤਕ ਸੂਚੀ ਦਾ ਵੇਰਵਾ ਦਿੱਤਾ ਗਿਆ ਹੈ।

(3)

ਇਸੇ ਸਾਲ (2026 ਵਿੱਚ) ਸੁਖਦੇਵ ਸਿੰਘ ਸ਼ਾਂਤ ਦੀ ਪੁਸਤਕ 'ਸੁਖਮਨੀ ਸਾਹਿਬ ਤੇ ਹੋਰ ਬਾਣੀਆਂ' ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਿਤ ਕੀਤੀ ਹੈ। 167 ਪੰਨਿਆਂ ਦੀ ਇਸ ਕਿਤਾਬ ਦਾ ਮੁੱਲ 295/- ਰੁਪਏ ਹੈ। ਇਸ ਪੁਸਤਕ ਵਿੱਚ ਸੁਖਮਨੀ ਸਾਹਿਬ ਸਮੇਤ ਬਾਰਹ ਮਾਹਾ ਮਾਝ, ਬਾਵਨ ਅਖਰੀ ਮਹਲਾ ? ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਅਧਿਐਨ ਮਿਲਦਾ ਹੈ। ਇਸ ਪੁਸਤਕ ਦਾ ਮੁੱਖਬੰਦ ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ ਦੇ ਸੰਪਾਦਕ ਸਤਵਿੰਦਰ ਸਿੰਘ ਫੂਲਪੁਰ ਨੇ ਲਿਖਿਆ ਹੈ।

ਸੁਖਮਨੀ ਸਾਹਿਬ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਗ 262-296 ਤੇ ਦਰਜ ਹੈ। ਲੇਖਕ ਨੇ ਇਸ ਬਾਣੀ ਦੇ ਅਧਿਐਨ ਵਿੱਚ ਸੁਖਮਨੀ ਸਾਹਿਬ ਦੀ ਬਣਤਰ, ਨਾਮ ਸਿਮਰਨ ਰਾਹੀਂ ਆਤਮਕ ਸੁਖ ਦੀ ਪ੍ਰਾਪਤੀ, ਪਰਮਾਤਮਾ ਦੀ ਹੋਂਦ ਤੇ ਹਸਤੀ, ਸ੍ਰਿਸ਼ਟੀ ਰਚਨਾ ਅਤੇ ਸ੍ਰਿਸ਼ਟੀ ਦੀ ਵਿਸ਼ਾਲਤਾ, ਮਨੁੱਖੀ ਜੀਵਨ ਦਾ ਧਾਰਮਿਕ ਤੇ ਸਦਾਚਾਰਕ ਪੱਖ, ਸਤਿਗੁਰੂ ਦੀ ਵਡਿਆਈ ਤੇ ਬਖ਼ਸ਼ਿਸ਼ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਇਸਦੇ ਸਾਹਿਤਕ ਪੱਖ ਵਿੱਚ ਅਲੰਕਾਰ, ਸ਼ਬਦਾਵਲੀ, ਕਾਵਿ ਰਸ ਤੇ ਛੰਦ ਬਾਰੇ ਜਾਣਕਾਰੀ ਦਿੱਤੀ ਹੈ।

ਬਾਰਹ ਮਾਹਾ ਮਾਝ ਬਾਣੀ ਆਦਿ ਗ੍ਰੰਥ ਵਿੱਚ 133-136 ਅੰਗ ਤੇ ਸੁਸ਼ੋਭਿਤ ਹੈ। ਲੇਖਕ ਨੇ ਇਸ ਕਾਵਿ ਰੂਪ ਬਾਰੇ ਜਾਣਕਾਰੀ ਦੇਣ ਪਿੱਛੋਂ ਬਾਰਹ ਮਾਹਾ ਮਾਝ ਦੀ ਬਣਤਰ, ਪਰਮਾਤਮਾ ਦੀ ਹਸਤੀ, ਜੀਵਾਤਮਾ ਦਾ ਪਰਮਾਤਮਾ ਨਾਲੋਂ ਵਿਛੋੜਾ, ਜੀਵਾਤਮਾ ਦਾ ਪਰਮਾਤਮਾ ਨਾਲ ਮਿਲਾਪ, ਥਿਤਾਂ-ਵਾਰਾਂ-ਦਿਨਾਂ ਬਾਰੇ ਗੁਰਮਤਿ ਦਾ ਸਿੱਧਾਂਤ, ਬਾਰਹ ਮਾਹਾ ਮਾਝ ਅਤੇ ਬਾਰਹ ਮਾਹਾ ਤੁਖਾਰੀ ਵਿੱਚ ਸਾਂਝ ਤੇ ਸਮਾਨਤਾ ਨੂੰ ਸਪਸ਼ਟ ਕੀਤਾ ਹੈ। ਫਿਰ ਇਸ ਬਾਣੀ ਵਿੱਚ ਮਿਲਦੇ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਦਾ ਉਲੇਖ ਕੀਤਾ ਹੈ।

ਬਾਵਨ ਅਖਰੀ ਮਹਲਾ ? ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 250-262 ਤੇ ਸੁਭਾਇਮਾਨ ਹੈ। ਲੇਖਕ ਨੇ ਇਸ ਬਾਣੀ ਦੀ ਬਣਤਰ, ਪਰਮਾਤਮਾ ਦੀ ਹੋਂਦ ਤੇ ਹਸਤੀ, ਸਤਿਗੁਰੂ ਦੀ ਹਸਤੀ, ਮਾਇਆ ਦਾ ਸੰਕਲਪ, ਜੀਵਨ ਜਾਚ ਅਤੇ ਸਦਾਚਾਰਕ ਪੱਖ, ਅੱਖਰੀ ਵਿਦਿਆ ਦੀ ਮਹੱਤਾ ਨੂੰ ਸਪਸ਼ਟ ਕਰਨ ਪਿੱਛੋਂ ਇਸ ਵਿੱਚ ਆਏ ਅਲੰਕਾਰਾਂ, ਅਖਾਣਾਂ, ਮੁਹਾਵਰਿਆਂ, ਸ਼ਬਦਾਵਲੀ ਤੇ ਕਾਵਿ ਰਸ ਦਾ ਬੋਧ ਕਰਵਾਇਆ ਹੈ।

ਪੁਸਤਕ ਵਿੱਚ ਆਖਰੀ ਬਾਣੀ ਵਜੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਜ਼ਿਕਰ ਹੈ, ਜੋ ਆਦਿ ਗ੍ਰੰਥ ਦੇ 15 ਰਾਗਾਂ ਵਿੱਚ 59 ਸ਼ਬਦਾਂ ਅਤੇ ਸਲੋਕ ਮਹਲਾ ? ਅਧੀਨ 57 ਸਲੋਕਾਂ (ਅੰਗ 1426-1429) ਵਿੱਚ ਸ਼ਾਮਲ ਹੈ। ਲੇਖਕ ਨੇ ਗੁਰੂ ਜੀ ਦੀ ਬਾਣੀ ਵਿੱਚ ਪਰਮਾਤਮਾ ਦੀ ਹੋਂਦ ਤੇ ਹਸਤੀ, ਨਾਮ ਸਿਮਰਨ ਦੀ ਮਹਿਮਾ, ਜਗਤ ਅਤੇ ਜੀਵਨ ਬਾਰੇ ਦ੍ਰਿਸ਼ਟੀਕੋਣ, ਮਨੁੱਖੀ ਮਨ, ਮਾਨਵਵਾਦੀ ਦ੍ਰਿਸ਼ਟੀਕੋਣ, ਅਧਿਆਤਮਕ ਗ੍ਰੰਥਾਂ ਦੇ ਉਪਦੇਸ਼ ਦੀ ਪਾਲਣਾ, ਵਰਤਮਾਨ ਦੀ ਸੰਭਾਲ ਆਦਿ ਪੱਖਾਂ ਬਾਰੇ ਵਿਸਤ੍ਰਿਤ ਵਿਚਾਰ ਪੇਸ਼ ਕੀਤੇ ਹਨ। ਆਪ ਦੀ ਬਾਣੀ ਦੇ ਸਾਹਿਤਕ ਪੱਖ ਵਿੱਚ ਲੇਖਕ ਨੇ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਛੰਦ ਪ੍ਰਬੰਧ, ਕਾਵਿ ਰਸ ਦਾ ਉਲੇਖ ਕੀਤਾ ਹੈ।

ਇਨ੍ਹਾਂ ਬਾਣੀਆਂ ਬਾਰੇ ਦੀਰਘ ਵਿਚਾਰ ਕਰਨ ਪਿੱਛੋਂ ਲੇਖਕ ਨੇ ਪੁਸਤਕ ਦੇ ਅੰਤ ਵਿੱਚ ਸਹਾਇਕ ਪੁਸਤਕ ਸੂਚੀ ਦਿੱਤੀ ਹੈ।

ਸ. ਸੁਖਦੇਵ ਸਿੰਘ ਸ਼ਾਂਤ ਨੇ ਉਪਰੋਕਤ ਬਾਣੀਆਂ ਦੇ ਅਧਿਐਨ ਤੇ ਵਿਸ਼ਲੇਸ਼ਣ ਨੂੰ ਬਹੁਤ ਹੀ ਗੰਭੀਰਤਾ ਨਾਲ ਪ੍ਰਸਤੁਤ ਕੀਤਾ ਹੈ। ਇਨ੍ਹਾਂ ਦੀ ਭਾਸ਼ਾ-ਸ਼ੈਲੀ ਸਧਾਰਨ ਪਾਠਕ ਦੇ ਸਮਝ ਵਿੱਚ ਆਉਣ ਵਾਲੀ ਹੈ, ਜਿਸਨੂੰ ਪੜ੍ਹ ਕੇ ਸੂਖਮ ਤੇ ਬਰੀਕ ਵਿਸ਼ਿਆਂ ਦੀ ਜਾਣਕਾਰੀ ਮਿਲਦੀ ਹੈ। ਨਿਕਟ-ਭਵਿੱਖ ਵਿੱਚ ਲੇਖਕ ਦੀ ਕਲਮ ਤੋਂ ਹੋਰ ਬਾਣੀਆਂ ਬਾਰੇ ਅਧਿਐਨ ਦੀ ਉਮੀਦ ਕੀਤੀ ਜਾ ਸਕਦੀ ਹੈ।

ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ, ਪਟਿਆਲਾ-147002.
(9417692015)

# ਮੈਕਰੋ ਅਤੇ ਮਾਈਕਰੋ ਪਲਾਸਟਿਕ




ਅੱਜ ਦੇ ਆਧੁਨਿਕ ਯੁੱਗ ਵਿੱਚ, ਜਿੱਥੇ ਵਿਗਿਆਨ ਅਤੇ ਤਕਨੀਕ ਦੇ ਪ੍ਰਭਾਵ ਹੇਠ ਦੁਨੀਆ ਤੇਜ਼ੀ ਨਾਲ ਵਿਕਸਤ ਹੋ ਰਹੀ ਹੈ, ਪਲਾਸਟਿਕ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ। ਪਦਾਰਥਾਂ ਨੂੰ ਭੌਤਿਕ ਰੂਪ ਦੇ ਬਣਾਉਣ ਤੋਂ ਲੈ ਕੇ ਪੈਕਿੰਗ, ਪਾਣੀ ਦੀਆਂ ਬੋਤਲਾਂ, ਖਾਣ-ਪੀਣ ਦੇ ਸਮਾਨ, ਕੱਪੜਿਆਂ ਅਤੇ ਇਲੈਕਟ ?ਰਾਨਿਕ ਸਾਮਾਨ ਤੱਕ—ਪਲਾਸਟਿਕ ਹਰ ਥਾਂ ਵਰਤਿਆ ਜਾ ਰਿਹਾ ਹੈ। ਪਰ ਇੱਕ ਅਹਿਮ ਗੱਲ ਜੋ ਅਕਸਰ ਲੋਕ ਸਮਝ ਨਹੀਂ ਪਾਉਂਦੇ, ਉਹ ਇਹ ਹੈ ਕਿ ਪਲਾਸਟਿਕ ਕਦੇ ਖਤਮ ਨਹੀਂ ਹੁੰਦਾ—ਇਹ ਸਿਰਫ਼ ਛੋਟੇ-ਛੋਟੇ ਟੁਕੜਿਆਂ ਵਿੱਚ ਟੁੱਟ ਜਾਂਦਾ ਹੈ, ਜੋ ਵਾਤਾਵਰਣ ਅਤੇ ਸਿਹਤ ਲਈ ਵੱਡੀ ਚਿੰਤਾ ਬਣ ਰਹੇ ਹਨ।

ਆਓ ਇਸਨੂੰ ਆਸਾਨ ਭਾਸ਼ਾ ਵਿੱਚ ਸਮਝੀਏ—

**ਮੈਕਰੋਪਲਾਸਟਿਕ (ਵੱਡੇ ਪਲਾਸਟਿਕ ਦੇ ਟੁਕੜੇ)**

ਮੈਕਰੋਪਲਾਸਟਿਕ ਉਹ ਵੱਡੇ ਅਤੇ ਸਪੱਸ਼ਟ ਪਲਾਸਟਿਕ ਦੇ ਸਮਾਨ ਹੁੰਦੇ ਹਨ, ਜਿਵੇਂ ਕਿ ਪਲਾਸਟਿਕ ਦੇ ਥੈਲੇ, ਬੋਤਲਾਂ, ਖਾਣੇ ਦੇ ਰੈਪਰ, ਡਿਸਪੋਜ਼ੇਬਲ ਕੱਪ ਅਤੇ ਪਲੇਟਾਂ। ਇਹ ਉਹ ਪਲਾਸਟਿਕ ਹਨ ਜੋ ਅਸੀਂ ਆਸਾਨੀ ਨਾਲ ਕੂੜੇ ਦੇ ਢੇਰਾਂ, ਦਰਿਆਵਾਂ ਅਤੇ ਸੜਕਾਂ 'ਤੇ ਵੇਖ ਸਕਦੇ ਹਾਂ।

ਮਾਈਕਰੋਪਲਾਸਟਿਕ (ਬਹੁਤ ਛੋਟੇ ਕਣ)

ਮਾਈਕਰੋਪਲਾਸਟਿਕ ਬਹੁਤ ਹੀ ਛੋਟੇ ਪਲਾਸਟਿਕ ਦੇ ਕਣ ਹੁੰਦੇ ਹਨ, ਜਿਨ੍ਹਾਂ ਦਾ ਆਕਾਰ ਆਮ ਤੌਰ 'ਤੇ 5 ਮਿਲੀਮੀਟਰ ਤੋਂ ਘੱਟ ਹੁੰਦਾ ਹੈ। ਇਹ ਅਕਸਰ ਅੱਖ ਨਾਲ ਨਹੀਂ ਵੇਖੇ ਜਾ ਸਕਦੇ।

ਇਹ ਵੱਡੇ ਪਲਾਸਟਿਕ ਦੇ ਸਮਾਨ ਦੇ ਟੁੱਟਣ ਨਾਲ ਬਣਦੇ ਹਨ, ਜਿਵੇਂ ਕਿ ਸਿੰਥੇਟਿਕ ਕੱਪੜੇ (ਪਾਲੀਐਸਟਰ) ਧੋਣ ਦੌਰਾਨ ਛੋਟੇ ਰੇਸ਼ੇ ਛੱਡਦੇ ਹਨ, ਕਾਸਮੈਟਿਕ ਉਤਪਾਦ ਅਤੇ ਸੜਕਾਂ 'ਤੇ ਟਾਇਰਾਂ ਦੇ ਘਿਸਣ ਨਾਲ ਵੀ ਇਹ ਬਣਦੇ ਹਨ।

ਅੱਜਕੱਲ੍ਹ ਇਸ ਤੋਂ ਵੀ ਛੋਟੇ ਕਣ, ਜਿਨ੍ਹਾਂ ਨੂੰ ਨੈਨੋਪਲਾਸਟਿਕ ਕਿਹਾ ਜਾਂਦਾ ਹੈ, ਉੱਤੇ ਵੀ ਅਧਿਐਨ ਕੀਤਾ ਜਾ ਰਿਹਾ ਹੈ।

**ਜੀਵ ਜੰਤੂਆਂ 'ਤੇ ਇਸਦਾ ਅਸਰ**

**ਜਾਨਵਰਾਂ 'ਤੇ ਅਸਰ**

ਜਾਨਵਰ ਅਕਸਰ ਪਲਾਸਟਿਕ ਨੂੰ ਖਾਣ ਸਮਝ ਕੇ ਖਾ ਲੈਂਦੇ ਹਨ। ਪੰਛੀ, ਮੱਛੀਆਂ ਅਤੇ ਗਾਂਵਾਂ ਪਲਾਸਟਿਕ ਖਾ ਲੈਂਦੀਆਂ ਹਨ, ਜਿਸ ਨਾਲ ਉਹਨਾਂ ਦੀ ਸਾਹ ਘੁੱਟਣ ਨਾਲ ਮੌਤ ਹੋ ਸਕਦੀ ਹੈ। ਮਾਈਕਰੋਪਲਾਸਟਿਕ ਸਮੁੰਦਰੀ ਜੀਵਨ ਵਿੱਚ ਦਾਖਲ ਹੋ ਚੁੱਕਾ ਹੈ ਅਤੇ ਹੌਲੀ-ਹੌਲੀ ਖੁਰਾਕ ਦੀ ਲੜੀ ਰਾਹੀਂ ਅੱਗੇ ਵੱਧ ਰਿਹਾ ਹੈ।

**ਮਨੁੱਖਾਂ 'ਤੇ ਅਸਰ**

ਮਾਈਕਰੋਪਲਾਸਟਿਕ ਪੀਣ ਵਾਲੇ ਪਾਣੀ, ਹਵਾ, ਨਮਕ ਅਤੇ ਪੈਕ ਕੀਤੇ ਖਾਣੇ ਵਿੱਚ ਮਿਲ ਚੁੱਕਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਮਨੁੱਖੀ ਖ਼ੂਨ ਅਤੇ ਫੇਫੜਿਆਂ ਵਿੱਚ ਵੀ ਮਿਲਿਆ ਹੈ।

ਇਸਦੇ ਸੰਭਾਵੀ ਅਸਰਾਂ ਵਿੱਚ ਸਰੀਰ ਵਿੱਚ ਸੋਜ਼, ਹਾਰਮੋਨਲ ਅਸੰਤੁਲਨ (ਪਲਾਸਟਿਕ ਨਕਲੀ ਹਾਰਮੋਨ ਵਾਂਗ ਕੰਮ ਕਰ ਸਕਦਾ ਹੈ) ਅਤੇ ਸਮੇਂ ਨਾਲ ਅੰਗਾਂ ਨੂੰ ਨੁਕਸਾਨ ਸ਼ਾਮਲ ਹਨ।

**ਵਾਤਾਵਰਣ 'ਤੇ ਅਸਰ**

ਪਲਾਸਟਿਕ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਘਟਾਉਂਦਾ ਹੈ ਅਤੇ ਪਾਣੀ ਦੇ ਸਰੋਤਾਂ ਨੂੰ ਪ੍ਰਦੂਸ਼ਿਤ ਕਰਦਾ ਹੈ।

ਸਮੁੰਦਰੀ ਪ੍ਰਣਾਲੀਆਂ ਨੂੰ ਵੀ ਵੱਡਾ ਨੁਕਸਾਨ ਪਹੁੰਚਦਾ ਹੈ ਕਿਉਂਕਿ ਪਲਾਸਟਿਕ ਨੂੰ ਖਤਮ ਹੋਣ ਵਿੱਚ ਸੈਂਕੜਿਆਂ ਸਾਲ ਲੱਗਦੇ ਹਨ।

**ਕੀ ਪਲਾਸਟਿਕ ਕੈਂਸਰ ਪੈਦਾ ਕਰਦਾ ਹੈ ?**

ਪਲਾਸਟਿਕ ਹਮੇਸ਼ਾ ਸਿੱਧੇ ਤੌਰ 'ਤੇ ਕੈਂਸਰ ਦਾ ਕਾਰਨ ਨਹੀਂ ਬਣਦਾ, ਪਰ ਇਹ ਬੀ ਐਫ ਏ(ਬਿਸਫੇਨੋਲ ਏ) ਅਤੇ ਫਥਾਲੇਟਸ ਵਰਗੇ ਹਾਨੀਕਾਰਕ ਰਸਾਇਣ ਛੱਡ ਸਕਦਾ ਹੈ।

ਇਹ ਰਸਾਇਣ ਹਾਰਮੋਨਲ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਪ੍ਰਜਨਨ ਸਿਹਤ 'ਤੇ ਅਸਰ ਪਾਂਦੇ ਹਨ। ਲੰਬੇ ਸਮੇਂ ਤੱਕ ਸੰਪਰਕ ਨਾਲ ਕੁਝ ਕਿਸਮਾਂ ਦੇ ਕੈਂਸਰ ਦਾ ਖਤਰਾ ਵੱਧ ਸਕਦਾ ਹੈ।

ਇਸ ਲਈ, ਸਾਰੇ ਪਲਾਸਟਿਕ ਸਿੱਧੇ ਤੌਰ 'ਤੇ ਕੈਂਸਰ ਕਾਰਕ ਨਹੀਂ ਹੁੰਦੇ, ਪਰ ਲੰਬੇ ਸਮੇਂ ਦੀ ਸੰਪਰਕ ਸਿਹਤ ਲਈ ਖਤਰਨਾਕ ਹੋ ਸਕਦੀ ਹੈ।

ਇੱਕ ਆਮ ਵਿਅਕਤੀ ਕਿਵੇਂ ਬਚਾਅ ਕਰ ਸਕਦਾ ਹੈ?

**ਪਲਾਸਟਿਕ ਦੀ ਵਰਤੋਂ ਘਟਾਓ**

ਕਪੜੇ ਜਾਂ ਬੋਰੀ ਦੇ ਥੈਲੇ ਵਰਤੋ। ਇੱਕ ਵਾਰ ਵਰਤੇ ਜਾਣ ਵਾਲੇ ਪਲਾਸਟਿਕ ਤੋਂ ਬਚੋ। ਸਟੀਲ, ਕੱਚ ਜਾਂ ਤਾਂਬੇ ਦੀਆਂ ਬੋਤਲਾਂ ਵਰਤੋ।

**ਖਾਣ-ਪੀਣ ਵਿੱਚ ਸਾਵਧਾਨੀ**

ਪਲਾਸਟਿਕ ਦੇ ਬਰਤਨਾਂ ਵਿੱਚ ਖਾਣਾ ਗਰਮ ਨਾ ਕਰੋ। ਪੈਕ ਕੀਤੇ ਅਤੇ ਪ੍ਰੋਸੈਸਡ ਖਾਣੇ ਨੂੰ ਘਟਾਓ। ਤਾਜ਼ਾ ਅਤੇ ਘਰੇਲੂ ਖਾਣੇ ਨੂੰ ਤਰਜ਼ੀਹ ਦਿਓ।

**ਕੱਪੜਿਆਂ ਦੀ ਚੋਣ**

ਕਪਾਹ ਜਾਂ ਉਨ ਵਰਗੇ ਕੁਦਰਤੀ ਕੱਪੜੇ ਪਹਿਨੋ। ਸਿੰਥੇਟਿਕ ਕੱਪੜੇ ਘੱਟ ਧੋਵੋ ਅਤੇ ਸੰਭਵ ਹੋਵੇ ਤਾਂ ਫਿਲਟਰ ਵਰਤੋ।

ਕੂੜੇ ਦਾ ਪ੍ਰਬੰਧਨ

ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖਰਾ ਕਰੋ। ਰੀਸਾਈਕਲਿੰਗ ਨੂੰ ਉਤਸ਼ਾਹਿਤ ਕਰੋ।

**ਸਾਫ਼ ਪਾਣੀ ਪੀਓ**

ਵਧੀਆ ਗੁਣਵੱਤਾ ਵਾਲੇ ਫਿਲਟਰ ਵਰਤੋ ਅਤੇ ਬੋਤਲਬੰਦ ਪਾਣੀ ਦੀ ਵਰਤੋਂ ਘਟਾਓ।

**ਭਵਿੱਖ: ਬਾਇਓਡੀਗਰੇਡੇਬਲ ਪਲਾਸਟਿਕ**

ਬਾਇਓਡੀਗਰੇਡੇਬਲ ਪਲਾਸਟਿਕ ਉਹ ਹਨ ਜੋ ਸੂਖਮ ਜੀਵਾਂ ਦੀ ਮਦਦ ਨਾਲ ਕੁਦਰਤੀ ਤੌਰ 'ਤੇ ਟੁੱਟ ਸਕਦੇ ਹਨ।

ਫਾਇਦੇ

ਲੰਬੇ ਸਮੇਂ ਦੀ ਪ੍ਰਦੂਸ਼ਣ ਨੂੰ ਘਟਾਉਂਦੇ ਹਨ ਅਤੇ ਵਾਤਾਵਰਣ ਲਈ ਤੁਲਨਾਤਮਕ ਤੌਰ 'ਤੇ ਸੁਰੱਖਿਅਤ ਹਨ।

ਸੀਮਾਵਾਂ

ਖਾਸ ਹਾਲਾਤਾਂ (ਗਰਮੀ, ਜੀਵਾਣੂ) ਦੀ ਲੋੜ ਹੁੰਦੀ ਹੈ ਅਤੇ

ਹਰ ਥਾਂ ਆਸਾਨੀ ਨਾਲ ਨਹੀਂ ਟੁੱਟਦੇ। ਇਹ ਆਮ ਪਲਾਸਟਿਕ ਨਾਲੋਂ ਮਹਿੰਗੇ ਹੁੰਦੇ ਹਨ।

ਭਵਿੱਖ ਦੀਆਂ ਸੰਭਾਵਨਾਵਾਂ

ਪੌਦਿਆਂ ਤੋਂ ਬਣੇ ਪਦਾਰਥ (ਜਿਵੇਂ ਮੱਕੀ, ਗੰਨੇ) ਦੇ ਵਿਕਾਸ ਦੀ ਲੋੜ ਹੈ। ਰੀਸਾਈਕਲਿੰਗ ਤਕਨੀਕਾਂ ਨੂੰ ਸੁਧਾਰਨਾ ਚਾਹੀਦਾ ਹੈ।

ਸਰਕਾਰ ਨੂੰ ਹਾਨੀਕਾਰਕ ਪਲਾਸਟਿਕ 'ਤੇ ਪਾਬੰਦੀ ਲਗਾਉਣ ਲਈ ਸਖ਼ਤ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ।

ਲੋਕਾਂ ਵਿੱਚ ਜਾਗਰੂਕਤਾ ਵੱਧਾਉਣੀ ਬਹੁਤ ਜ਼ਰੂਰੀ ਹੈ।

ਪਲਾਸਟਿਕ ਪ੍ਰਦੂਸ਼ਣ ਸਿਰਫ਼ ਵਾਤਾਵਰਣ ਦੀ ਸਮੱਸਿਆ ਨਹੀਂ—ਇਹ ਸਿਹਤ ਦੀ ਵੀ ਵੱਡੀ ਚੁਣੌਤੀ ਹੈ। ਜਿੱਥੇ ਮੈਕਰੋਪਲਾਸਟਿਕ ਸਾਡੇ ਆਲੇ-ਦੁਆਲੇ ਨੂੰ ਨੁਕਸਾਨ ਪਹੁੰਚਾਉਂਦੇ ਹਨ, ਉੱਥੇ ਮਾਈਕਰੋਪਲਾਸਟਿਕ ਚੁੱਪਚਾਪ ਸਾਡੇ ਸਰੀਰ ਵਿੱਚ ਦਾਖਲ ਹੋ ਰਹੇ ਹਨ।

ਹੱਲ ਸਿਰਫ਼ ਵੱਡੀਆਂ ਨੀਤੀਆਂ ਵਿੱਚ ਨਹੀਂ, ਸਗੋਂ ਸਾਡੇ ਰੋਜ਼ਾਨਾ ਦੇ ਛੋਟੇ-ਛੋਟੇ ਕਦਮਾਂ ਵਿੱਚ ਵੀ ਹੈ। ਸਹੀ ਚੋਣਾਂ ਕਰਕੇ ਹਰ ਵਿਅਕਤੀ ਆਪਣੇ ਅਤੇ ਵਾਤਾਵਰਣ ਦੇ ਭਵਿੱਖ ਨੂੰ ਸਿਹਤਮੰਦ ਬਣਾ ਸਕਦਾ ਹੈ।

**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਮਾਂ ਦਿਵਸ ਦੀ ਮਹੱਤਤਾ




ਮਾਂ ਮਮਤਾ ਦੀ ਮੂਰਤ ਹੁੰਦੀ ਹੈ,ਉਹ ਕੁਰਬਾਨੀ ਦਾ ਪੁਤਲਾ ਹੁੰਦੀ ਹੈ।ਮਾਂ ਨਾਲ ? ਬੱਚੇ ਦੀ ਆਂਦਰਾਂ ਦੀ ਸਾਂਝ ਹੁੰਦੀ ਹੈ।ਜਿਹੜਾ ਦਰਦ ਐਕਸਰੇ ਦੀਆਂ ਮਸ਼ੀਨਾਂ ਵਿੱਚ ਨਹੀਂ ਆਉਂਦਾ, ਮਾਂ ਆਪਣੇ ਬੱਚੇ ਦੇ ਉਸ ਦਰਦ ਨੂੰ ਪਛਾਣ ਲੈਂਦੀ ਹੈ। ਆਪਣੀ ਜ਼ਿੰਦਗੀ ਦਾ ਹਰ ਪਲ ਆਪਣੇ ਬੱਚਿਆਂ ਲਈ ਕੁਰਬਾਨ ਕਰ ਦਿੰਦੀ ਹੈ। ਜਦੋਂ ਤੋਂ ਔਰਤ ਮਾਂ ਬਣ ਜਾਂਦੀ ਹੈ ਉਹ ਆਪਣੀ ਖ਼ਾਤਰ ਜਿਊਣਾ ਭੁੱਲ ਜਾਂਦੀ ਹੈ। ਉਸ ਦੀਆਂ ਅਸੀਸਾਂ ਸਦਕਾ ਬੱਚੇ ਕਾਮਯਾਬੀ ਦੀਆਂ ਪੌੜੀਆਂ ਚੜ੍ਹਦੇ ਜਾਂਦੇ ਹਨ।ਉਸ ਦੀਆਂ ਦੁਆਵਾਂ ਦੁਨੀਆਂ ਦੀਆਂ ਮਹਿੰਗੀਆਂ ਦਵਾਈਆਂ ਤੋਂ ਵੀ ਵੱਧ ਅਸਰਦਾਰ ਹੁੰਦੀਆਂ ਹਨ। ਪਿਆਰ, ਮਿਠਾਸ, ਸਹਿਣਸ਼ੀਲਤਾ, ਅਤੇ ਤਿਆਗ ਵਰਗੇ ਗੁਣਾਂ ਦੀ ਪੋਟਲੀ ਸਿਰਫ਼ ਮਾਂ ਹੀ ਹੋ ਸਕਦੀ ਹੈ।

ਪ੍ਰੋ: ਮੋਹਨ ਸਿੰਘ ਦੀ ਇਸ ਛੋਟੀ ਜਿਹੀ ਕਵਿਤਾ ਵਿੱਚ ਮਾਂ ਦੇ ਪਿਆਰ ਦਾ ਸਾਗਰ ਸਮਾਇਆ ਹੋਇਆ ਹੈ:-

ਮਾਂ ਵਰਗਾ ਘਣਛਾਵਾਂ ਬੂਟਾ
ਮੈਨੂੰ ਕਿਧਰੇ ਨਜ਼ਰ ਨਾ ਆਵੇ
ਲੈ ਕੇ ਜਿਸ ਤੋਂ ਛਾਂ ਉਧਾਰੀ
ਰੱਬ ਨੇ ਸਵਰਗ ਬਣਾਏ
ਬਾਕੀ ਕੁੱਲ ਦੁਨੀਆਂ ਦੇ ਬੂਟੇ
ਜੜ੍ਹ ਸੁੱਕਿਆਂ ਮੁਰਝਾਂਦੇ
ਐਪਰ ਫੁੱਲਾਂ ਦੇ ਮੁਰਝਾਇਆਂ
ਇਹ ਬੂਟਾ ਸੁੱਕ ਜਾਏ।

ਮਾਂ ਦਿਵਸ ਦੇ ਇਤਿਹਾਸਕ ਪਿਛੋਕੜ ਤੇ ਨਜ਼ਰ ਮਾਰੀਏ ਤਾਂ 10 ਮਈ 1908 ਨੂੰ ਗਰਾਟਨ 'ਚ 'ਐਂਡ੍ਰਿਊਸ ਮੈਥੋਡਿਸਟ' ਨਾਮੀ ਚਰਚ ਨੇ ਸਭ ਤੋਂ ਪਹਿਲਾਂ ਮਦਰਜ਼ ਡੇਅ ਮਨਾਇਆ ਸੀ। ਇਹ ਉਹ ਥਾਂ ਸੀ ਜਿਥੇ ਐਨ ਮੈਰੀ ਰੀਵਜ਼ ਜਾਰਵਿਸ 20 ਸਾਲ ਤਕ ਐਤਵਾਰ ਸਕੂਲ ਦੀਆਂ ਕਲਾਸਾਂ ਚਲਾਉਂਦੀ ਰਹੀ। ਇਸੇ ਦਿਨ ਫਿਲਾਡੇਲਫੀਆ 'ਚ, ਜਿਥੇ ਜਾਰਵਿਸ ਦਾ ਦੇਹਾਂਤ ਹੋਇਆ ਸੀ, ਇਹ ਦਿਨ ਮਨਾਇਆ ਗਿਆ। ਇਸ ਗੱਲ ਨੂੰ ਇੰਨੀ ਜ਼ਿਆਦਾ ਪ੍ਰਸਿੱਧੀ ਮਿਲੀ ਕਿ 12 ਦਸੰਬਰ 1912 'ਚ ÷ਦ ਮਦਰਜ਼ ਡੇਅ ਇੰਟਰਨੈਸ਼ਨਲ ਐਸੋਸ਼ੀਏਸ਼ਨ ਬਣਾਈ ਗਈ। 9 ਮਈ 1914 ਨੂੰ ਅਮਰੀਕੀ ਰਾਸ਼ਟਰਪਤੀ ਵਡਰੋ ਵਿਲਸਨ ਨੇ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਅਮਰੀਕਾ 'ਚ ਮਦਰਜ਼ ਡੇਅ ਨੂੰ ਰਾਸ਼ਟਰੀ ਦਿਨ ਐਲਾਨਿਆ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਯੁੱਧ 'ਚ ਸ਼ਹੀਦ ਹੋਏ ਪੁੱਤਰਾਂ ਦੀਆਂ ਮਾਵਾਂ ਨੂੰ ਸਨਮਾਨ ਦੇਣ, ਦੇਸ਼ ਦੀਆਂ ਸਭ ਮਾਵਾਂ ਪ੍ਰਤੀ ਇੱਜ਼ਤ ਅਤੇ ਪਿਆਰ ਦੀ ਭਾਵਨਾ ਜਤਾਉਣ ਲਈ ਮਨਾਇਆ ਜਾਵੇਗਾ। ਸੰਨ 1911 ਤੱਕ ਇਹ ਦਿਨ ਅਮਰੀਕਾ ਦੇ ਨਾਲ ? ਨਾਲ ? ਮੈਕਸੀਕੋ, ਕਨੇਡਾ,ਚੀਨ,ਜਪਾਨ ਤੇ ਅਫਰੀਕਾ ਵਰਗੇ ਦੇਸ਼ਾਂ ਵਿੱਚ ਵੀ ਮਨਾਇਆ ਜਾਣ ਲੱਗਾ।ਸੰਨ 1934 'ਚ ਪੋਸਟ ਮਾਸਟਰ ਜਨਰਲ ਜੇਮਸ ਏ. ਫਾਰਲੇ ਨੇ ਇਸ ਦਿਨ 'ਤੇ ਇੱਕ ਸਟੈਂਪ ਦਾ ਆਗਾਜ਼ ਵੀ ਕੀਤਾ। ਹੌਲੀ-ਹੌਲੀ ਇਹ ਪ੍ਰਥਾ ਭਾਰਤ ਵਿੱਚ ਵੀ ਜ਼ੋਰ ਫੜਨ ਲੱਗੀ। ਵਿਸ਼ਵੀਕਰਨ ਕਾਰਨ ਲਗਭਗ ਭਾਰਤ ਵਿੱਚ ਇਹ ਤਕਰੀਬਨ ਇੱਕ ਡੇਢ ਕੁ ਦਹਾਕੇ ਤੋਂ ਹੀ ਜਾਣਿਆ ਅਤੇ ਮਨਾਇਆ ਜਾਣ ਲੱਗਿਆ। ਅਮਰੀਕਾ ਦੀ ਐਨਾ ਵੱਲੋਂ ਆਪਣੇ ਮਾਂ ਦੁਆਰਾ ਚਲਾਈ ਮੁਹਿੰਮ ਨੂੰ 1907 ਵਿੱਚ ਅੱਗੇ ਤੋਰਦੇ ਹੋਏ ਸਾਰੀਆਂ ਮਾਵਾਂ ਨੂੰ ਸਮਰਪਿਤ ਇਸ ਦਿਵਸ ਨੂੰ ਮਨਾਉਣ ਲਈ ਨੇਪਰੇ ਚਾੜਿ ਆ।ਇਹ ਦਿਨ ਮਈ ਮਹੀਨੇ ਦੇ ? ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਚਾਹੇ ਮਾਂ ਨੂੰ ਸਮਰਪਿਤ ਇੱਕ ਦਿਨ ਕਾਫ਼ੀ ਨਹੀਂ ਹੁੰਦਾ ਪਰ ਫਿਰ ਵੀ ਉਚੇਚੇ ਤੌਰ ਤੇ ਸਤਿਕਾਰ ਦੇਣ ਲਈ ਇਹ ਇੱਕ ਦਿਨ ਕਾਫ਼ੀ ਅਹਿਮੀਅਤ ਰੱਖਦਾ ਹੈ। ਮਾਂ ਸ਼ਬਦ ਜਿੰਨਾਂ ਬੋਲਣ ਨੂੰ ਛੋਟਾ ਹੈ,ਓਨਾ ਹੀ ਮਹਾਨ ਹੈ।ਇਸ ਦੀ ਵਿਸ਼ਾਲਤਾ ਦਾ ਕੋਈ ਮਾਪਦੰਡ ਨਹੀਂ ਹੈ। ਬੱਚਾ ਜਦ ਬੋਲਣਾ ਸਿੱਖਦਾ ਹੈ ਤਾਂ ਉਸ ਦੇ ਮੁੱਖ ਚੋਂ ਪਹਿਲਾ ਸ਼ਬਦ ਮਾਂ ਹੀ ਨਿਕਲਦਾ ਹੈ। ਘਰ ਵਿੱਚ ਮਾਂ ਦਾ ਹੋਣਾ ਪਰਮਾਤਮਾ ਦੀ ਹੋਂਦ ਮਹਿਸੂਸ ਕਰਵਾਉਂਦਾ ਹੈ ਕਿਉਂਕਿ ਉਹ ਆਪਣੀ ਔਲਾਦ ਨੂੰ ਕਦਮ ਕਦਮ ਤੇ ਮਾਰਗ ਦਰਸ਼ਨ ਕਰਾਉਂਦੀ ਹੈ । ਮਾਂ ਹੀ ਔਲਾਦ ਨੂੰ ਚੰਗੇ ਅਤੇ ਬੁਰੇ ਦਾ ਅਰਥ ਸਮਝਾਉਂਦੀ ਹੈ ।ਉਹ ਹਮੇਸ਼ਾਂ ਆਪਣੀ ਔਲਾਦ ਨੂੰ ਚੰਗੇ ਬਣਨ ਲਈ ਸਹੀ ਰਾਹ 'ਤੇ ਤੋਰਨ ਦੇ ਯਤਨ ਕਰਦੀ ਰਹਿੰਦੀ ਹੈ। ਭਾਂਵੇ ਬੱਚੇ ਸੱਤ ਸਮੁੰਦਰਾਂ ਤੋਂ ਪਾਰ ਬੈਠੇ ਹੋਣ ਪਰ ਫਿਰ ਵੀ ਮਾਂ ਉਹਨਾਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਦੁਆਵਾਂ ਕਰਦੀ ਹੈ।ਉਹ ਦੂਰ ਰਹਿਕੇ ਵੀ ਪਰਦੇਸੀਂ ਬੈਠੇ ਬੱਚਿਆਂ ਵਿੱਚ ਵਸ ਰਹੀ ਹੁੰਦੀ ਹੈ। ਔਲਾਦ ਜਿੰਨਾ ਹਲਕਾ ਆਪਣੀ ਮਾਂ ਨਾਲ ਗੱਲ ਕਰਕੇ ਮਹਿਸੂਸ ਕਰਦੀ ਹੈ ਓਨਾਂ ਸ਼ਾਇਦ ਉਹ ਦੁਨੀਆਂ ਦੇ ਵੱਡੇ ਤੋਂ ਵੱਡੇ ਮਨੋਵਿਗਿਆਨਕ ਕੋਲ ਵੀ ਨਹੀਂ ਕਰ ਸਕਦੀ। ਮਾਂ ਨੂੰ ਰੱਬ ਦਾ ਦਰਜਾ ਦਿੱਤਾ ਗਿਆ ਹੈ। ਮਾਂ ਇਕੱਲੇ ਇਨਸਾਨ ਦੀ ਹੀ ਤਿਆਗ ਦੀ ਮੂਰਤ ਨਹੀਂ ਹੁੰਦੀ। ਪੰਛੀਆਂ ਦਾ ਚਾਹੇ ਰੈਣ ਬਸੇਰਾ ਦਰਖ਼ਤਾਂ ਤੇ ਹੁੰਦਾ ਹੈ ਪਰ ਆਪਣੇ ਬੱਚਿਆਂ ਨੂੰ ਜਨਮ ਦੇਣ ਲਈ ਅਤੇ ਸਾਂਭ ਸੰਭਾਲ ਲਈ ਮਾਦਾ ਪੰਛੀ ਤੀਲਾ ਤੀਲਾ ਇਕੱਠਾ ਕਰਕੇ ਆਲ੍ਹਣੇ ਬਣਾਉਂਦੀਆਂ ਨਜ਼ਰ ਆਉਣਗੀਆਂ। ਬਿੱਲੀ ਆਪਣੇ ਬੱਚਿਆਂ ਨੂੰ ਸਿਖਲਾਈ ਦੇਣ ਲਈ ਦੁਨੀਆ ਤੋਂ ਚੋਰੀ ਸੱਤ ਕੋਠੇ ਟਪਾਉਂਦੀ ਹੈ ,ਇਸੇ ਤਰ੍ਹਾਂ ਹਰ ਮਾਦਾ ਪੰਛੀ ਅਤੇ ਜਾਨਵਰ ਆਪਣੇ ਬੱਚਿਆਂ ਦੀ ਢਿੱਡ ਵਿੱਚ ਪਾਲਣਾ ਕਰਨ ਦੇ ਨਾਲ ਨਾਲ ਉਹਨਾਂ ਦੀ ਸੰਭਾਲ ਲਈ ਯਤਨਸ਼ੀਲ ਦਿਸਣਗੇ।ਇਹ ਕੁਰਬਾਨੀ ਸਿਰਫ਼ ਇੱਕ ਮਾਂ ਹੀ ਕਰ ਸਕਦੀ ਹੈ। ਧਰਤੀ ਉੱਤੇ ਮਾਂ ਨੂੰ ਰੱਬ ਦਾ ਦਰਜਾ ਐਵੇਂ ਤਾਂ ਨੀ ਦਿੱਤਾ ਗਿਆ।

ਰੱਬ ਨੇ ਆਪਣਾ ਇੱਕ ਰੂਪ
ਧਰਤੀ ਤੇ ਸੀ ਭਿਜਵਾਇਆ!
ਆਪਣੇ ਹੀ ਉਸ ਰੂਪ ਦਾ ਸੀ
ਸੋਹਣਾ ਨਾਂ ÷ਮਾਂ÷ ਰਖਵਾਇਆ
ਮਾਂ ਦੀ ਪੂਜਾ ਕਰਨ ਨੂੰ ਹੀ
ਰੱਬ ਦੀ ਪੂਜਾ ਤਦੇ ਕਹਾਇਆ...!

ਮਾਂ ਦੀ ਗੋਦੀ ਦਾ ਨਿੱਘ, ਮਾਂ ਦੀਆਂ ਲੋਰੀਆਂ ਦਾ ਮਿਠਾਸ, ਮਾਂ ਦੇ ਚਰਨਾਂ ਦੀ ਜੱਨਤ ਸਿਰਫ਼ ਕਰਮਾਂ ਵਾਲਿਆਂ ਦੇ ਹਿੱਸੇ ਹੀ ਆਉਂਦੀ ਹੈ। ਮਾਂ ਦੀਆਂ ਕੁਰਬਾਨੀਆਂ ਦਾ ਮੁੱਲ ਤਾਰਨ ਵਾਲੇ ਸਾਡੇ ਸਮਾਜ ਵਿੱਚ ਅੱਜ ਵਿਰਲੇ ਹੀ ਦਿਸਣਗੇ। ਇੱਕ ਦਿਨ ਤੋਹਫੇ ਦੇ ਕੇ, ਸੋਸ਼ਲ ਮੀਡੀਆ ਤੇ ਮਾਵਾਂ ਦੀਆਂ ਫੋਟੋਆਂ ਪਾਉਣ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਜ਼ਰੂਰ ਮਾਰਿਓ ਕਿ ਪੂਰਾ ਸਾਲ ਭਰ ਤੁਸੀਂ ਆਪਣੀ ਆਪਣੀ ਮਾਂ ਲਈ ਕਿਹੜੀ ਸੋਚ ਅਤੇ ਕਿਹੜੇ ਸ਼ਬਦ ਵਰਤੇ ਹਨ। ਮਾਂ ਤਾਂ ਇੱਕ ਧਾਰਮਿਕ ਸਥਾਨ ਵਾਂਗ ਹੁੰਦੀ ਹੈ ਜੋ ਸਿਰਫ ਪਿਆਰ ਅਤੇ ਅਸੀਸਾਂ ਵੰਡਣ ਦਾ ਜਜ਼ਬਾ ਰੱਖਦੀ ਹੈ,ਇਹ ਤੁਸੀਂ ਨਿਸ਼ਚਿਤ ਕਰਨਾ ਹੈ ਕਿ ਤੁਸੀਂ ਸਾਲ ਵਿੱਚ ਇੱਕ ਅੱਧਾ ਦਿਨ ਮਤਲਬ ਵੇਲੇ ਮੱਥਾ ਟੇਕਣ ਵਾਲੇ ਭਗਤ ਹੋ ਜਾਂ ਪੱਕੇ ਸ਼ਰਧਾਲੂ ਹਰ ਸਮੇਂ ਨਿਸਵਾਰਥ ਭਾਵਨਾ ਨਾਲ ਨਮਨ ਕਰਨ ਵਾਲੇ ਪੁਜਾਰੀ ਹੋ। ਮਾਂ ਦੇ ਪੈਰਾਂ ਤੋਂ ਵੱਡੀ ਜੱਨਅਤ ਕੋਈ ਹੋਰ ਨਹੀਂ ਹੋ ਸਕਦੀ ,ਜਿਸ ਨੇ ਮਾਂ ਨੂੰ ਸਤਿਕਾਰ ਲਿਆ ਤੇ ਮਾਂ ਤੋਂ ਬੇਸ਼ੁਮਾਰ ਕੀਮਤੀ ਅਸੀਸਾਂ ਦਾ ਖ਼ਜ਼ਾਨਾ ਭਰ ਲਿਆ ਉਸ ਤੋਂ ਅਮੀਰ ਵਿਅਕਤੀ ਇਸ ਦੁਨੀਆਂ ਤੇ ਕੋਈ ਹੋਰ ਨਹੀਂ ਹੋ ਸਕਦਾ।ਇਸ ਲਈ ਮਾਂ ਨੂੰ ਸਤਿਕਾਰ ਦੇ ਕੇ ਉਸ ਦੇ ਪਿਆਰ ਦਾ ਨਿੱਘ ਮਾਨਣਾ ਕਰਮਾਂ ਵਾਲਿਆਂ ਦੇ ਹਿੱਸੇ ਹੀ ਆਉਂਦਾ ਹੈ।

**ਬਰਜਿੰਦਰ ਕੌਰ ਬਿਸਰਾਓ...**
9988901324

# ਮਜ਼ਦੂਰ ਦਾ ਜ਼ਬਰਦਸਤੀ ਦਿਵਸ ਸਾਰਾ ਸਾਲ ਰਹਿੰਦਾ ਹੈ !

ਇੱਕ ਮਜ਼ਦੂਰ ਲਈ, ਮਜ਼ਦੂਰ ਹੋਣਾ ਮਜਬੂਰ ਹੋਣ ਜਿੰਨਾ ਕੌੜਾ ਅਹਿਸਾਸ ਨਹੀਂ ਹੈ। ਮਹਿੰਗਾਈ, ਬੇਰੁਜ਼ਗਾਰੀ ਅਤੇ ਰਾਜਨੀਤਿਕ ਅੱਤਵਾਦ ਉਹ ਹਨ ਜੋ ਇੱਕ ਮਜ਼ਦੂਰ ਨੂੰ ਆਪਣੇ ਹੱਥੀਂ ਮਰਨ ਲਈ ਮਜਬੂਰ ਕਰਦੇ ਹਨ। ਇਸ ਉਦਾਸੀਨ ਅਤੇ ਬੇਵੱਸ ਯੁੱਗ ਵਿੱਚ, ਇੱਕ ਮਜ਼ਦੂਰ ਦੇ ਹੱਥਾਂ 'ਤੇ ਛਾਲੇ ਜਿਸਨੇ ਜ਼ਿੰਦਗੀ ਦਾ ਭਲਾ ਕੀਤਾ ਹੈ, ਇੱਕ ਪੂਜਾ ਕਰਨ ਵਾਲੇ ਦੇ ਮੱਥੇ 'ਤੇ ਮੱਥਾ ਟੇਕਣ ਦੇ ਨਿਸ਼ਾਨਾਂ ਨਾਲੋਂ ਰੱਬ ਨੂੰ ਵਧੇਰੇ ਪਿਆਰੇ ਹਨ।



ਇੱਕ ਸੱਚਾ ਮਜ਼ਦੂਰ ਉਹ ਹੁੰਦਾ ਹੈ ਜੋ ਆਪਣੇ ਕੰਮ ਵਿੱਚ ਇਮਾਨਦਾਰ ਹੁੰਦਾ ਹੈ। ਮਜ਼ਦੂਰਾਂ ਦੀ ਮਜ਼ਦੂਰੀ ਬਾਰੇ ਅਕਸਰ ਇੱਕ ਹਦੀਸ ਸੁਣਾਈ ਜਾਂਦੀ ਹੈ, ਜਿਸ ਵਿੱਚ ਕਿਹਾ ਗਿਆ ਹੈ, ÷ਮਜ਼ਦੂਰ ਦੀ ਮਜ਼ਦੂਰੀ ਉਸਦੇ ਪਸੀਨੇ ਸੁੱਕਣ ਤੋਂ ਪਹਿਲਾਂ ਦੇ ਦਿਓ।÷ ਇਸ ਹਦੀਸ ਦੀ ਅਸਲ ਵਿਆਖਿਆ ਨੂੰ ਜਾਣਨਾ ਹੀ ਇੱਕ ਸੱਚੇ ਮਜ਼ਦੂਰ ਦੀ ਪਛਾਣ ਕਰਨ ਦਾ ਇੱਕੋ ਇੱਕ ਤਰੀਕਾ ਹੈ। ਯਾਨੀ, ਕੰਮ ਇੰਨੀ ਇਮਾਨਦਾਰੀ ਨਾਲ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਪਸੀਨੇ ਨਾਲ ਭਿੱਜ ਜਾਵੇ। ਜੋ ਆਪਣੇ ਕੰਮ ਵਿੱਚ ਇਮਾਨਦਾਰ ਨਹੀਂ ਹੈ ਉਹ ਮਜ਼ਦੂਰ ਚੋਰ ਹੈ। ਉਸਦੀ ਮਜ਼ਦੂਰੀ ਅਸੀਸਾਂ ਤੋਂ ਵਾਂਝੀ ਹੈ। ਸਭ ਤੋਂ ਵਧੀਆ ਕਮਾਈ ਮਨੁੱਖੀ ਹੱਥਾਂ ਦੀ ਮਿਹਨਤ ਹੈ। ਮਜ਼ਦੂਰ ਹਾਦਸਿਆਂ ਦਾ ਸ਼ਿਕਾਰ ਹੋ ਸਕਦਾ ਹੈ, ਪਰ ਬਿਮਾਰੀ ਦਾ ਨਹੀਂ। ਮਜ਼ਦੂਰ ਦੇ ਸਰੀਰ ਨੂੰ ਕਸਰਤ ਦੀ ਲੋੜ ਨਹੀਂ ਹੁੰਦੀ। ਕਿਰਤ ਕਰਨਾ ਸਤਿਕਾਰਯੋਗ ਪੈਗੰਬਰਾਂ ਦਾ ਪੇਸ਼ਾ ਰਿਹਾ ਹੈ। ਰੱਬ ਨੇ ਹਜ਼ਰਤ ਸੁਲੇਮਾਨ (ਅ) ਨੂੰ ਧਰਤੀ ਦੇ ਹਰ ਜੀਵ ਉੱਤੇ ਰਾਜ ਦਿੱਤਾ ਸੀ, ਪਰ ਉਹ ਟੋਕਰੀਆਂ ਬਣਾ ਕੇ ਆਪਣੀ ਰੋਜ਼ੀ ਕਮਾਉਂਦੇ ਸਨ। ਹਜ਼ਰਤ ਦਾਊਦ (ਅ) ਨੇ ਰੱਬ ਤੋਂ ਮਜ਼ਦੂਰੀ ਮੰਗੀ ਸੀ। ਲੋਹਾ ਆਪਣੇ ਹੱਥਾਂ ਵਿੱਚ ਮੋਮ ਵਾਂਗ ਨਰਮ ਹੋ ਜਾਂਦਾ ਸੀ। ਉਹ ਜੰਗੀ ਕੱਪੜੇ ਇਸ ਤਰ੍ਹਾਂ ਬੁਣਦਾ ਸੀ ਜਿਵੇਂ ਉਹ ਬੱਕਰੀਆਂ ਅਤੇ ਊਠਾਂ ਨੂੰ ਚਾਰ ਰਿਹਾ ਹੋਵੇ। ਊਠਾਂ ਨੂੰ ਚਾਰਨ ਸਮੇਤ ਹਰ ਤਰ੍ਹਾਂ ਦੀ ਮਿਹਨਤ, ਰੱਬ ਦੇ ਪਿਆਰੇ ਸੇਵਕਾਂ ਦਾ ਪੇਸ਼ਾ ਰਿਹਾ ਹੈ। ਉਹ ਪੇਸ਼ਾ ਜੋ ਰੱਬ ਦੀ ਦੋਸਤੀ 'ਤੇ ਅਧਾਰਤ ਹੈ। ਮਜ਼ਦੂਰ ਮਜ਼ਦੂਰੀ ਨਾਲ ਨਹੀਂ ਸਗੋਂ ਸਰਕਾਰ ਦੁਆਰਾ ਬਣਾਈਆਂ ਗਈਆਂ ਕਠੋਰ ਸਥਿਤੀਆਂ ਦੀ ਮਜਬੂਰੀ ਨਾਲ ਮਾਰਿਆ ਜਾਂਦਾ ਹੈ। ਉਹ ਰੋਜ਼ਾਨਾ ਮਜ਼ਦੂਰੀ ਕਮਾਉਂਦਾ ਹੈ, ਰੋਜ਼ਾਨਾ ਖਾਂਦਾ ਹੈ, ਅਤੇ ਮਜ਼ਦੂਰ ਦਿਵਸ ਵਾਲੇ ਦਿਨ ਉਨ੍ਹਾਂ ਨੂੰ ਕੰਮ 'ਤੇ ਵੀ ਲਿਆਉਂਦਾ ਹੈ। ਉਸ ਦਿਨ ਛੁੱਟੀ ਦੀ ਬਜਾਏ, ਮਜ਼ਦੂਰਾਂ ਨੂੰ ਦੁੱਗਣੀ ਮਜ਼ਦੂਰੀ ਦੇ ਕੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਮੈਂ ਅਜਿਹੇ ਨਿਰਪੱਖ ਸੋਚ ਵਾਲੇ ਮਜ਼ਦੂਰ ਵੀ ਦੇਖੇ ਹਨ ਜੋ ਆਪਣੀ ਰੋਟੀ ਆਪਣੇ ਨਾਲ ਕੰਮ 'ਤੇ ਲੈ ਜਾਂਦੇ ਹਨ। ਮਜ਼ਦੂਰ ਦੀ ਰੋਟੀ, ਜੋ ਉਸ ਦੇ ਹੱਥ ਦੀ ਹਥੇਲੀ 'ਤੇ ਰੱਖੀ ਜਾਂਦੀ ਹੈ, ਉਸ ਦੇ ਉੱਪਰ ਪਿਆਜ਼ ਹੁੰਦਾ ਹੈ। ਤਾਜ਼ਾ ਪਿਆਜ਼ ਵਿਟਾਮਿਨ ਏ, ਬੀ ਅਤੇ ਸੀ ਦਾ ਸੁਮੇਲ ਹੁੰਦਾ ਹੈ। ਇਹ ਤਿੰਨੋਂ ਵਿਟਾਮਿਨ ਕਿਸੇ ਹੋਰ ਭੋਜਨ ਵਿੱਚ ਇਕੱਠੇ ਨਹੀਂ ਮਿਲਦੇ। ਪਿਆਜ਼ ਮਜ਼ਦੂਰ ਦੀ ਮਾਂ ਖੁਰਾਕ ਹੈ।

ਮਜ਼ਦੂਰ ਇੱਕ ਖਾਸ ਵਰਗ ਹੈ ਜੋ ਕਿਸੇ ਵੀ ਰਾਜ ਦੇ ਚੰਗੇ ਸਲੂਕ ਦਾ ਹੱਕਦਾਰ ਹੈ। ਮਜ਼ਦੂਰਾਂ ਦੀ ਗਿਣਤੀ ਉਸ ਦੇਸ਼ ਵਿੱਚ ਸਭ ਤੋਂ ਵੱਧ ਹੁੰਦੀ ਹੈ ਜਿੱਥੇ ਮਾਹਿਰਾਂ ਅਤੇ ਸਮਰੱਥ ਦੋਸਤਾਂ ਦੀ ਨਿਗਰਾਨੀ ਹੇਠ ਆਮ ਜਨਤਾ ਲਈ ਮੁਫ਼ਤ ਗੁਣਵੱਤਾ ਵਾਲੀ ਸਿੱਖਿਆ ਅਤੇ ਸਿਖਲਾਈ ਦੇ ਪ੍ਰਬੰਧ ਨਹੀਂ ਹੁੰਦੇ, ਅਤੇ ਜੇ ਹਨ ਵੀ ਤਾਂ ਇੰਨੇ ਮਹਿੰਗੇ ਹੁੰਦੇ ਹਨ ਕਿ ਇੱਕ ਮਜ਼ਦੂਰ ਆਪਣੇ ਬੱਚਿਆਂ ਨੂੰ ਨਿੱਜੀ ਤੌਰ 'ਤੇ ਵਿਕਾਸ ਦੇ ਸਥਾਨ 'ਤੇ ਆਸਾਨੀ ਨਾਲ ਨਹੀਂ ਲਿਜਾ ਸਕਦਾ। ਵਿਕਸਤ ਦੇਸ਼ਾਂ ਵਿੱਚ, ਮਜ਼ਦੂਰ ਵੀ ਸਿੱਖਿਅਤ ਹੁੰਦੇ ਹਨ ਅਤੇ ਉਨ੍ਹਾਂ ਦੀ ਰੋਜ਼ਾਨਾ ਦਿਹਾੜੀ ਇੰਨੀ ਆਕਰਸ਼ਕ ਹੁੰਦੀ ਹੈ ਕਿ ਉਹ ਮਜ਼ਦੂਰੀ ਨੂੰ ਹੀਣ ਭਾਵਨਾ ਨਾਲ ਵੇਖਣ ਵਾਲਾ ਪੇਸ਼ਾ ਨਹੀਂ ਸਮਝਦੇ। ਜੋ ਲੋਕ ਅਧਿਕਾਰਾਂ ਦੀ ਭਰਪੂਰਤਾ ਵਿੱਚ ਸਨਮਾਨਜਨਕ ਜੀਵਨ ਜੀਉਂਦੇ ਹਨ ਉਹ ਮਜ਼ਦੂਰੀ ਦੇ ਪੇਸ਼ੇ ਵਿੱਚ ਰਹਿੰਦੇ ਹੋਏ ਵੀ ਆਪਣੇ ਬੱਚਿਆਂ ਨੂੰ ਇੱਕ ਉੱਜਵਲ ਭਵਿੱਖ ਪ੍ਰਦਾਨ ਕਰ ਸਕਦੇ ਹਨ। ਸਾਡੇ ਦੇਸ਼ ਵਿੱਚ, ਮਨੁੱਖੀ ਅਧਿਕਾਰਾਂ ਦੀ ਘਾਟ ਨੇ ਮਜ਼ਦੂਰ ਨੂੰ ਰਿਸ਼ਤੇਦਾਰੀ ਦੇ ਹੱਕਦਾਰ ਬਣਾ ਦਿੱਤਾ ਹੈ। ਕਿਸੇ ਵੀ ਅਮੀਰ ਕਾਰੋਬਾਰੀ ਦੇ ਵਿਕਾਸ ਪਿੱਛੇ ਮਜ਼ਦੂਰਾਂ ਦੀ ਸਖ਼ਤ ਮਿਹਨਤ ਹੁੰਦੀ ਹੈ।

**ਲਿਖਤ: ਜ਼.ਫਰ ਇਕਬਾਲ ਜ਼.ਫਰ**

ਮਜ਼ਦੂਰ ਦੇ ਰਹਿਣ-ਸਹਿਣ ਦੀਆਂ ਸਥਿਤੀਆਂ ਦਾ ਚਿੱਤਰਣ ਇੱਕ ਦਰਦਨਾਕ ਸਥਿਤੀ ਹੈ, ਕਿਉਂਕਿ ਇਸਦਾ ਵਰਣਨ ਕਰਦੇ ਸਮੇਂ ਕਲਮ ਵੀ ਹੰਝੂ ਵਹਾ ਦਿੰਦੀ ਹੈ, ਪਰ ਮਜ਼ਦੂਰ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਨ ਲਈ, ਇਸ ਦੁੱਖ ਵਿੱਚੋਂ ਲੰਘਣਾ ਬਹੁਤ ਜ਼ਰੂਰੀ ਹੈ ਤਾਂ ਜੋ ਸੱਤਾ ਵਿੱਚ ਬੈਠੇ ਲੋਕਾਂ ਦੀਆਂ ਰੂਹਾਂ ਨੂੰ ਹਿਲਾ ਦਿੱਤਾ ਜਾ ਸਕੇ। ਮਜ਼ਦੂਰ ਅਤੇ ਦੱਬੇ-ਕੁਚਲੇ ਇੱਕੋ ਤਸਵੀਰ ਦੇ ਦੋ ਪਹਿਲੂ ਹਨ। ਇਹ ਮਜ਼ਦੂਰ ਹੈ ਜੋ ਭੀਖ ਮੰਗਣ ਵਿੱਚ ਮਿਲਣ ਵਾਲੇ ਪਾਣੀ ਨੂੰ ਰੱਦ ਕਰਦਾ ਹੈ ਅਤੇ ਸਬਰ ਦਾ ਘੁੱਟ ਭਰਦਾ ਹੈ ਅਤੇ ਚਿੱਟੇ ਕੱਪੜੇ ਪਾਉਂਦਾ ਹੈ। ਇੱਕ ਮਾਂ ਨੂੰ ਭੱਠੇ 'ਤੇ ਕੰਮ ਕਰਦੇ ਦੇਖ ਕੇ, ਉਸਦਾ ਬੱਚਾ ਆਪਣੀ ਕਿਸਮਤ ਨੂੰ ਕੋਸਦਾ ਹੈ ਕਿਉਂਕਿ ਉਹ ਆਪਣੇ ਸਵਰਗ ਨੂੰ ਸੂਰਜ ਵਿੱਚ ਬਲਦਾ ਦੇਖਦਾ ਹੈ। ਕਾਗਜ਼ ਦੇ ਨੋਟ ਇਸ ਮਜ਼ਦੂਰ ਮਾਂ ਦੀਆਂ ਭਾਵਨਾਵਾਂ ਅਤੇ ਭਾਵਨਾਵਾਂ ਦੀ ਕੀਮਤ ਨਹੀਂ ਦੇ ਸਕਦੇ, ਇਸੇ ਲਈ ਪਰਮਾਤਮਾ ਨੇ ਆਪਣੀ ਦੋਸਤੀ ਦਾ ਇਨਾਮ ਸਥਾਪਿਤ ਕੀਤਾ ਹੈ। ਜਿੱਥੇ ਜੀਵਨ ਦੀਆਂ ਜ਼ਰੂਰਤਾਂ ਕਿਰਤ ਦੀ ਮਜ਼ਦੂਰੀ ਨਾਲੋਂ ਮਹਿੰਗੀਆਂ ਹਨ, ਉੱਥੇ ਬੇਇਨਸਾਫ਼ੀ ਦੀ ਸਰਕਾਰ ਹੈ। ਧਰਤੀ 'ਤੇ ਸਥਾਪਿਤ ਦੇਸ਼ਾਂ ਦੇ ਨਾਮ 'ਤੇ, ਮਨੁੱਖਾਂ ਦੀਆਂ ਕੁਰਬਾਨੀਆਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਲਈ ਪਰਮਾਤਮਾ ਨੇ ਧਰਤੀ ਬਣਾਈ ਹੈ, ਜਿਵੇਂ ਕਿ ਲੇਖਾ ਧਰਤੀ ਤੋਂ ਨਹੀਂ, ਸਗੋਂ ਧਰਤੀ 'ਤੇ ਰਹਿਣ ਵਾਲੇ ਮਨੁੱਖਾਂ ਤੋਂ ਲਿਆ ਜਾਵੇਗਾ। ਇਸ ਧਰਤੀ 'ਤੇ ਰਹਿਣ ਵਾਲੇ ਅਣਗਿਣਤ ਮਜ਼ਦੂਰਾਂ ਨੂੰ ਪਰਮਾਤਮਾ ਨੂੰ ਦੱਸਣਾ ਪੈਂਦਾ ਹੈ ਕਿ ਬਿਜਲੀ, ਗੈਸ, ਪਾਣੀ, ਰਾਸ਼ਨ, ਦਵਾਈ ਅਤੇ ਨਿਆਂ ਸਮੇਤ ਜੀਵਨ ਦੀਆਂ ਸਾਰੀਆਂ ਜ਼ਰੂਰਤਾਂ ਇੰਨੀਆਂ ਮਹਿੰਗੀਆਂ ਸਨ ਕਿ ਭਾਵੇਂ ਅਸੀਂ ਪਸੀਨੇ ਦੀ ਬਜਾਏ ਖੂਨ ਵਹਾਈਏ, ਅਸੀਂ ਸਾਰੀਆਂ ਸਹੂਲਤਾਂ ਨਹੀਂ ਖਰੀਦ ਸਕਦੇ, ਅਤੇ ਇਹ ਸਾਰੀਆਂ ਸਹੂਲਤਾਂ ਉਨ੍ਹਾਂ ਲੋਕਾਂ ਲਈ ਮੁਫ਼ਤ ਉਪਲਬਧ ਹਨ ਜਿਨ੍ਹਾਂ ਨੇ ਇਹ ਬੇਇਨਸਾਫ਼ੀ ਲਗਾਈ ਹੈ। ਉਸ ਦਿਨ, ਦੇਸ਼ ਭਗਤੀ ਦੇ ਪਰਦੇ ਹੇਠ ਲੁਕੇ ਮਨੁੱਖੀ ਅਧਿਕਾਰਾਂ ਦੇ ਅਪਰਾਧੀਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਉੱਚ ਅਹੁਦਿਆਂ 'ਤੇ ਬੈਠਣ ਦੀ ਬਜਾਏ, ਅਸੀਂ ਉਹ ਮਜ਼ਦੂਰ ਸੀ ਜਿਨ੍ਹਾਂ ਦੇ ਹੱਕਾਂ ਦਾ ਸਾਡਾ ਦੋਸਤ ਪਰਮਾਤਮਾ ਅੱਜ ਸਾਨੂੰ ਜਵਾਬਦੇਹ ਮੰਗ ਰਿਹਾ ਹੈ। ਮਜ਼ਦੂਰਾਂ ਸਮੇਤ ਸਾਰੇ ਪੇਸ਼ਿਆਂ ਨਾਲ ਜੁੜੇ ਲੋਕਾਂ ਦੇ ਜਾਇਜ਼ ਹੱਕਾਂ ਦੀ ਜ਼ਿੰਮੇਵਾਰੀ ਉਨ੍ਹਾਂ ਲੋਕਾਂ 'ਤੇ ਹੈ ਜੋ ਰਾਜ ਚਲਾਉਂਦੇ ਹਨ, ਪਰ ਬਦਕਿਸਮਤੀ ਨਾਲ, ਉਹ ਰਾਜ ਆਪਣੀਆਂ ਪੀੜ੍ਹੀਆਂ ਦੇ ਹੱਕਾਂ ਨੂੰ ਚੋਰੀ ਕਰਕੇ ਉਨ੍ਹਾਂ ਦੀ ਕਿਸਮਤ ਬਣਾ ਰਿਹਾ ਹੈ। ਬੇਇਨਸਾਫ਼ੀ ਦੇ ਇਸ ਪ੍ਰਬੰਧ ਵਿੱਚ ਬਹੁਤ ਸਾਰੇ ਚਰਿੱਤਰ ਵਾਲੇ ਲੋਕ ਵੀ ਹਨ, ਜਿਨ੍ਹਾਂ ਕਾਰਨ ਮਜ਼ਦੂਰ ਅਜੇ ਵੀ ਜੀਅ ਰਹੇ ਹਨ। ਮਜ਼ਦੂਰ ਰਾਸ਼ਟਰੀ ਅਤੇ ਜਨਤਕ ਵਿਕਾਸ ਦੇ ਆਰਕੀਟੈਕਟ ਹਨ। ਉਨ੍ਹਾਂ ਨੂੰ ਮਹਿੰਗਾਈ ਦੀ ਸਲੀਬ ਤੋਂ ਉਤਾਰਨਾ ਅਤੇ ਉਨ੍ਹਾਂ ਨੂੰ ਜੀਵਨ ਦੀਆਂ ਸਸਤੀਆਂ ਜ਼ਰੂਰਤਾਂ ਨਾਲ ਜੋੜਨਾ ਹੀ ਉਨ੍ਹਾਂ ਦੇ ਹੱਕ ਦੇਣ ਦਾ ਇੱਕੋ ਇੱਕ ਤਰੀਕਾ ਹੈ।

## ਚੀਸਾਂ

ਅੱਜ ਸਵੇਰੇ ਸਵੇਰੇ ਰਸੋਈ ਵਿੱਚ ਰੋਟੀ ਵਾਲ ?ਾ ਡੱਬਾ ਖੋਲ੍ਹ ਕੇ ਵੇਖਣ ਲੱਗੀ ਤਾਂ ਦੇਖਿਆ ਕਿ ਰਾਤ ਦੀਆਂ ਰੋਟੀਆਂ ਦਾ ਥੱਬਾ ਬਚਿਆ ਪਿਆ ਸੀ। ਕੁਝ ਕੁ ਰੋਟੀਆਂ ਇੱਕ ਦਿਨ ਪਹਿਲਾਂ ਦੀਆਂ ਵੀ ਬਚੀਆਂ ਹੋਈਆਂ ਸਨ ਜੋ ਮੈਂ ਰਾਤ ਨੂੰ ਇੱਕ ਪਲਾਸਟਿਕ ਦੇ ਡੱਬੇ ਵਿੱਚ ਪਾ ਕੇ ਫਰਿੱਜ ਵਿੱਚ ਰੱਖੀਆਂ ਹੋਈਆਂ ਸਨ। ਮੈਂ ਉਹ ਵੀ ਬਾਹਰ ਕੱਢੀਆਂ ਤਾਂ ਕੁੱਲ ਮਿਲਾ ਕੇ ਵੀਹ ਕੁ ਰੋਟੀਆਂ ਸਨ। ਰੋਟੀ ਘੱਟ ਖਾਣ ਪਿੱਛੇ ਅਤੇ ਖਾਣਾ ਬਣਾਉਣ ਵਾਲ ?ੀ ਤੋਂ ਜ਼ਿਆਦਾ ਰੋਟੀਆਂ ਬਣਾਉਣ ਪਿੱਛੇ ਮੇਰੀ ਤੇ ਮੇਰੇ ਪਤੀ ਦੀ ਹਲਕੀ ਫੁਲਕੀ ਤਕਰਾਰ ਹੋਈ। ਇਸੇ ਤਕਰਾਰ ਦੌਰਾਨ ਮੈਂ ਤਿੰਨ ਚਾਰ ਰੋਟੀਆਂ ਬਾਹਰਲੇ ਕੁੱਤਿਆਂ ਨੂੰ ਦੇਣ ਲਈ ਫਿਰ ਪਲਾਸਟਿਕ ਦੇ ਡੱਬੇ ਵਿੱਚ ਪਾ ਕੇ ਰੱਖ ਦਿੱਤੀਆਂ ਤੇ ਬਾਕੀ ਰੋਟੀਆਂ ਨੂੰ ਲੈ ਕੇ ਬੁੜ ਬੁੜ ਕਰਦੀ ਹੋਈ ਗੇਟ ਵੱਲ ਨੂੰ ਚੱਲ ਪਈ ਤਾਂ ਜੋ ਕੋਈ ਅਵਾਰਾ ਪਸ਼ੂ ਦਿਖੇ ਤਾਂ ਉਸ ਨੂੰ ਖਵਾ ਆਵਾਂ। ਜਿਵੇਂ ਹੀ ਮੈਂ ਗੇਟ ਖੋਲ੍ਹਿਆ ਤੇ ਐਧਰ ਓਧਰ ਵੇਖਿਆ ਤਾਂ ਚਾਰ ਕੁ ਘਰ ਪਿੱਛੇ ਇੱਕ ਸਾਂਢ ਤੁਰਿਆ ਤੁਰਿਆ ਆਉਂਦਾ ਇੱਕ ਦਰਖ਼ਤ ਹੇਠਾ ਖੜ੍ਹਾ ਹੋ ਗਿਆ ਤੇ ਰੇਤੇ ਵਿੱਚ ਕਦੇ ਮੂੰਹ ਤੇ ਕਦੇ ਲੱਤ ਮਾਰ ਕੇ ਰੇਤਾ ਇੱਧਰ ਉੱਧਰ ਕਰਨ ਲੱਗਿਆ। ਸ਼ਾਇਦ ਉਹ ਉਸ ਜਗ ?ਾ ਤੇ ਬੈਠਣ ਦੀ ਕੋਸ਼ਿਸ਼ ਕਰ ਰਿਹਾ ਸੀ। ਬਿਲਕੁਲ ਉਸ ਦੇ ਸਾਹਮਣੇ ਘਰ ਵਾਲਿਆਂ ਦਾ ਮੁੰਡਾ ਆਪਣੇ ਚੁਬਾਰੇ ਵਿੱਚ ਖੜ੍ਹਾ ਪਾਣੀ ਦਾ ਮੱਗ ਭਰ ਕੇ ਉਸ ਉੱਤੇ ਪਾਉਣ ਲੱਗਿਆ ਤਾਂ ਜੋ ਉਹ ਕਿਤੇ ਉੱਥੇ ਦਰਖ਼ਤ ਹੇਠਾਂ ਬੈਠ ਨਾ ਜਾਵੇ। ਮੈਂ ਹੱਥ ਵਿੱਚ ਰੋਟੀਆਂ ਫੜੀ ਉਸ ਦਾ ਇੰਤਜ਼ਾਰ ਕਰ ਰਹੀ ਸੀ ਤੇ ਨਾਲ ?ੇ ਇਹ ਸਾਰਾ ਨਜ਼ਾਰਾ ਵੇਖ ਰਹੀ ਸੀ। ਜਦ ਚੁਬਾਰੇ ਵਾਲ ?ੇ ਮੁੰਡੇ ਨੇ ਲਗਾਤਾਰ ਚਾਰ ਪੰਜ ਮੱਗ ਪਾਣੀ ਦੇ ਉਸ ਉੱਤੇ ਪਾਏ ਤਾਂ ਉਹ ਹੌਲ ?ੀ ਹੌਲ ?ੀ ਲੰਗ ਮਾਰਦਾ ਹੋਇਆ ਲੜਖੜਾਉਂਦਾ ਹੋਇਆ ਮੇਰੇ ਘਰ ਵੱਲ ਨੂੰ ਅੱਗੇ ਨੂੰ ਵਧਣ ਲੱਗਿਆ। ਮੇਰੇ ਹੱਥ ਵਿੱਚ ਰੋਟੀਆਂ ਫੜੀਆਂ ਵੇਖ ਕੇ ਉਹ ਸਿੱਧਾ ਚੱਲਦਾ ਚੱਲਦਾ ਮੇਰੇ ਵੱਲ ਨੂੰ ਆਉਣ ਲੱਗਿਆ। ਉਸ ਤੋਂ ਬਹੁਤ ਮੁਸ਼ਕਲ ਨਾਲ ?ੇ ਤੁਰਿਆ ਜਾ ਰਿਹਾ ਸੀ, ਤੁਰਦਾ ਤੁਰਦਾ,ਨਾਲ ?ੇ ਹੀ ਉਹ ਹੌਲ ?ੀ ਜਿਹੀ ਦਰਦ ਭਰੀ ਅਵਾਜ਼ ਵਿੱਚ ਰਿੰਗ ਵੀ ਰਿਹਾ ਸੀ। ਜਦ ਉਸ ਨੇ ਮੇਰੇ ਗੇਟ ਵਿੱਚ ਆ ਕੇ ਮੇਰੇ ਹੱਥ ਵਿੱਚੋਂ ਰੋਟੀਆਂ ਫੜ ਕੇ ਖਾਧੀਆਂ ਤਾਂ ਉਸ ਦਾ ਵੱਡਾ ਸਾਰਾ ਦਿਓ ਵਰਗਾ ਸਰੀਰ ਵੇਖ ਕੇ ਮੇਰਾ ਹਿਰਦਾ ਵਲੂੰਧਰਿਆ ਗਿਆ।

ਸਾਂਢ ਦੇ ਇਸ ਵੱਡੇ ਸਾਰੇ ਭਾਰੀ ਜੁੱਸੇ ਨੂੰ ਮੋਟੀ ਡਾਂਗ ਦੀ ਕੁੱਟ ਦੇ ਨਿਸ਼ਾਨਾਂ ਦੀਆਂ ਲਾਸ਼ਾਂ ਨਾਲ ਵਿੰਨ੍ ?ਿਆ ਪਿਆ ਸੀ। ਉਸ ਦੀਆਂ ਮੂਹਰਲੀਆਂ ਦੋਵੇਂ ਲੱਤਾਂ ਵੀ ਕੁੱਟ ਕੁੱਟ ਕੇ ਜ਼ਖ਼ਮੀ ਕੀਤੀਆਂ ਹੋਈਆਂ ਸਨ। ਉਸ ਦੀਆਂ ਲੱਤਾਂ ਆਪਣੇ ਸਰੀਰ ਦਾ ਭਾਰ ਖਿੱਚਣ ਵਿੱਚ ਅਸਮਰਥ ਸਨ ਇਸੇ ਲਈ ਹੀ ਉਹ ਜਦ ਇੱਕ ਪੁਲਾਂਘ ਪੁੱਟਦਾ ਤਾਂ ਉਹ ਕੁਰਲਾਉਂਦਾ ਸੀ। ਮੈਂ ਉਸ ਦੀ ਹਾਲਤ ਦੇਖ ਕੇ ਸੋਚ ਰਹੀ ਸੀ ਕਿ ਉਹ ਇਨਸਾਨ ਕਿੰਨਾ ਬੇਦਰਦ ਹੋਵੇਗਾ ,ਜਿਸ ਕਿਸੇ ਨੇ ਵੀ ਉਸ ਨੂੰ ?ਕੁੱਟਿਆ ਹੋਵੇਗਾ ।ਉਸ ਅੰਦਰਲੀ ਮਾਨਸਿਕਤਾ ਤੇ ਇਨਸਾਨੀਅਤ ਕਿੰਨੀ ਡਿੱਗੀ ਹੋਈ ਹੋਵੇਗੀ ।ਉਹ ਇਨਸਾਨ ਇਸ ਧਰਤੀ ਉੱਤੇ ਇੱਕ ਹੈਵਾਨ ਤੋਂ ਘੱਟ ਨਹੀਂ ਹੋਵੇਗਾ ।ਉਸ ਤੋਂ ਬਾਅਦ ਜਦ ਉਹ ਦਰਦ ਨਾਲ ਕੁਰਲਾਉਂਦਾ ਹੋਇਆ ਜਿੱਥੇ ਬੈਠਣਾ ਚਾਹੁੰਦਾ ਸੀ ਉਸ ਨੂੰ ਇਨਸਾਨ ਬੈਠਣ ਵੀ ਨਹੀਂ ਦੇ ਰਿਹਾ। ਚਾਹੇ ਉਸ ਭੁੱਖੇ ਸਾਂਢ ਨੇ ਮੇਰੇ ਤੋਂ ਲੈਕੇ ਦਸ ਬਾਰਾਂ ਰੋਟੀਆਂ ਖਾ ਕੇ ਘਰ ਅੱਗੇ ਰੱਖੇ ਪਾਣੀ ਦੇ ਭਾਂਡੇ ਵਿੱਚੋਂ ਪਾਣੀ ਪੀ ਲਿਆ ਸੀ ਜਿਸ ਨੂੰ ਵੇਖ ਕੇ ਮੇਰੇ ਮਨ ਨੂੰ ਥੋੜ੍ਹੀ ਤਸੱਲੀ ਹੋਈ ਸੀ। ਫਿਰ ਉਹ ਦਰਦ ਨਾਲ ਰਿੰਗਦਾ ਕਰਲਾਉਂਦਾ ਹੋਇਆ ਹੌਲ ?ੀ ਹੌਲ ?ੀ ਅੱਗੇ ਨੂੰ ਵਧਦਾ ਜਾ ਰਿਹਾ ਸੀ ਤਾਂ ਮੈਂ ਸੋਚ ਰਹੀ ਸੀ ਕਿ ਪਤਾ ਨਹੀਂ ਕਿੰਨਾ ਹੋਰ ਸਫ਼ਰ ਤੈਅ ਕਰਕੇ ਉਸ ਨੂੰ ਇਸ ਬੇਦਰਦ ਦੁਨੀਆਂ ਵਿੱਚ ਬੈਠ ਕੇ ਅਰਾਮ ਕਰਨ ਨੂੰ ਜ਼ਮੀਨ ਦਾ ਟੁਕੜਾ ਨਸੀਬ ਹੋਣਾ ਸੀ ਜਾਂ ਕਿੰਨੇ ਹੋਰ ਲੋਕਾਂ ਤੋਂ ਸੋਟੀਆਂ ਦੀ ਮਾਰ ਖਾਣੀ ਪੈਣੀ ਸੀ। ਜਿਵੇਂ ਜਿਵੇਂ ਉਹ ਦੂਰ ਹੋ ਰਿਹਾ ਸੀ,ਉਸ ਦੀਆਂ ਦਰਦ ਭਰੀਆਂ ਅਵਾਜ਼ਾਂ ਚਾਹੇ ਮੱਧਮ ਹੋ ਰਹੀਆਂ ਸਨ ਪਰ ਉਸ ਦੇ ਪਿੰਡੇ ਤੇ ਪਈਆਂ ਲਾਸ਼ਾਂ ਅਤੇ ਭੰਨੇ ਹੋਏ ਗੋਡੇ ਗਿੱਟਿਆਂ ਦੀਆਂ ਚੀਸਾਂ ਮੇਰੇ ਮਨ ਨੂੰ ਪਲ ਪਲ ਤੜਫਾ ਰਹੀਆਂ ਸਨ ।

**ਬਰਜਿੰਦਰ ਕੌਰ ਬਿਸਰਾਓ...**
9988901324

## ਮਨੁੱਖ ਦੀ ਨਾ ਸਮਝੀ ....!!!

ਅੱਤ ਦੀ ਗਰਮੀ ਸਮੇਂ ਜੰਗਲ ਵਿੱਚ ਮਿੱਟੀ ਦੇ ਇੱਕ ਸਕੋਰੇ ਵਿੱਚ ਪਾਣੀ ਦੇਖ ਕੇ ਪੰਛੀ ਖੁਸ਼ ਹੋ ਕੇ ਪਾਣੀ ਪੀਣ ਲੱਗ ਪਏ ਤੇ ਗਰਮੀ ਤੋਂ ਬਚਣ ਲਈ ਉੱਡ ਕੇ ਇੱਕ ਦਰੱਖ਼ਤ ਦੀਆਂ ਸੰਘਣੀਆਂ ਟਾਹਣੀਆਂ ਵਿੱਚ ਬੈਠ ਕੇ ਛੁਪ ਗਏ। ਸੂਰਜ ਅੱਗ ਵਰਸਾ ਰਿਹਾ ਸੀ। ਪੰਛੀ ਗੱਲਾਂ ਕਰ ਰਹੇ ਸਨ , ÷ ਇੰਨੀ ਗਰਮੀ ਵਿੱਚ ਕੋਈ - ਕੋਈ ਇਨਸਾਨ ਰੱਬੀ-ਫਰਿਸ਼ਤਾ ਬਣ ਕੇ ਸਾਨੂੰ ਭੋਜਨ - ਪਾਣੀ ਦੇ ਰਿਹਾ ਹੈ ਤੇ ਅੱਤ ਦੀ ਇਸ ਭਿਆਨਕ ਗਰਮੀ ਤੋਂ ਸਾਡਾ ਬਚਾਅ ਕਰ ਰਿਹਾ ਹੈ। ਕੋਈ - ਕੋਈ ਮਨੁੱਖ ਪੌਦੇ ਵੀ ਲਗਾ ਰਿਹਾ ਹੈ। ਪਰ ਬਹੁਤੇ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਲਾਲਚ ਵਿੱਚ ਆ ਕੇ ਦਰੱਖ਼ਤਾਂ ਨੂੰ ਕੱਟ ਰਹੇ ਹਨ ਤੇ ਕੁਦਰਤ ਦਾ ਸੰਤੁਲਨ ਵੀ ਖਰਾਬ ਕਰ ਰਹੇ ਹਨ।÷ ਇੱਕ ਪੰਛੀ ਨੇ ਕਿਹਾ , ÷ ਸਾਰੇ ਮਨੁੱਖ ਇੱਕੋ ਜਿਹੇ ਨਹੀਂ ਹਨ। ਚੰਗੇ ਮਨੁੱਖਾਂ ਕਰਕੇ ਇਹ ਧਰਤੀ ਟਿਕੀ ਹੋਈ ਹੈ ਤੇ ਕੁਦਰਤ ਦਾ ਸੰਤੁਲਨ ਬਣਿਆ ਹੋਇਆ ਹੈ।÷ ਅਜੇ ਉਸ ਪੰਛੀ ਦੀ ਗੱਲ ਚੱਲ ਹੀ ਰਹੀ ਸੀ ਕਿ ਇੱਕ ਜ਼ੋਰਦਾਰ ਆਵਾਜ਼ ਆਈ ਤੇ ਇੱਕ ਦਰੱਖ਼ਤ ਧਰਤੀ 'ਤੇ ਡਿੱਗ ਗਿਆ। ਪੰਛੀਆਂ ਨੇ ਦੇਖਿਆ ਕਿ ਕੁਝ ਮਨੁੱਖ ਵੱਡੇ - ਵੱਡੇ ਆਰੇ ਤੇ ਕੁਹਾੜੀਆਂ ਲੈ ਕੇ ਦਰੱਖ਼ਤਾਂ ਨੂੰ ਕੱਟ ਰਹੇ ਸਨ। ਸਾਰੇ ਪਾਸੇ ਹਾਹਾਕਾਰ ਮਚ ਗਈ। ਦੂਰ ਹੀ ਇੱਕ ਮਨੁੱਖ ਨੇ ਜੰਗਲ ਵਿੱਚ ਅੱਗ ਵੀ ਲਗਾ ਦਿੱਤੀ ਸੀ। ਅਚਾਨਕ ਘੁੱਗੀ ਦੀ ਨਜ਼ਰ ਡਿੱਗੇ ਹੋਏ ਦਰੱਖ਼ਤ 'ਤੇ ਲਟਕੇ ਹੋਏ ਆਪਣੇ ਆਲ੍ਹਣੇ 'ਚ ਟੁੱਟੇ ਹੋਏ ਅੰਡਿਆਂ ਅਤੇ ਮਰੇ ਹੋਏ ਬੱਚੇ 'ਤੇ ਪਈ ਤੇ ਉਹ ਹਉਕੇ ਲੈ ਕੇ ਰੋਣ ਲੱਗੀ। ਦੁਖੀ ਹੋਈ ਘੁੱਗੀ ਨੇ ਕੁਦਰਤ ਦੀ ਤਬਾਹੀ ਕਰ ਰਹੇ ਮਨੁੱਖ ਨੂੰ ਭਰੇ ਮਨ ਨਾਲ ?ੇ ਕਿਹਾ, ÷ ਇੱਕ ਦਿਨ ਤੇਰੇ ਘਰ ਵੀ ਟੁੱਟਣਗੇ ਤੇ ਤੇਰਾ ਪਰਿਵਾਰ ਵੀ ਉੱਜੜੇਗਾ। ਕੁਦਰਤ ਤੇਰੇ ਕੋਲੋਂ ਬਦਲਾ ਜ਼ਰੂਰ ਲਵੇਗੀ ਤੇ ਭਾਰੀ ਕਹਿਰ ਢਾਹੇਗੀ ।÷ ਇੰਨੀ ਕਹਿਣ ਦੀ ਦੇਰ ਸੀ ਕਿ ਜੰਗਲ ਵਿੱਚ ਲੱਗੀ ਅੱਗ ਨੇ ਉਸ ਘੁੱਗੀ ਨੂੰ ਆਪਣੇ ਲਪੇਟੇ 'ਚ ਲੈ ਕੇ ਰਾਖ ਕਰ ਦਿੱਤਾ। ਪਰ ਘੁੱਗੀ ਦੀਆਂ ਦੁਰਅਸੀਸਾਂ ਮਨੁੱਖ ਦੇ ਜੀਅ ਦਾ ਜੰਜਾਲ ਬਣਨ ਲੱਗ ਪਈਆਂ। ਕੁਦਰਤ ਮਨੁੱਖ 'ਤੇ ਆਪਣਾ ਕਹਿਰ ਢਾਹੁਣ ਲੱਗ ਪਈ। ਪੰਛੀ ਸੋਚ ਰਹੇ ਸਨ ਕਿ ਮਨੁੱਖ ਹੁਣ ਤੱਕ ਵੀ ਇੰਨਾ ਨਾਸਮਝ ਕਿਉਂ ਬਣਿਆ ਹੋਇਆ ਹੈ ? ਪਰ ਇਸ ਪ੍ਰਸ਼ਨ ਦਾ ਉੱਤਰ ਉਨ੍ਹਾਂ ਨੂੰ ਅਜੇ ਤੱਕ ਨਹੀਂ ਸੀ ਲੱਭਿਆ।

**ਸਟੇਟ ਐਵਾਰਡੀ**
**ਮਾਸਟਰ ਸੰਜੀਵ ਧਰਮਾਣੀ**
**( ਇੰਡੀਆ ਬੁੱਕ ਆੱਫ਼ ਰਿਕਾਰਡਜ਼ ਹੋਲਡਰ )**
**ਸ਼ ?ਰੀ ਅਨੰਦਪੁਰ ਸਾਹਿਬ**
9478561356

# ਧੁੱਪੇ ਖੜ੍ਹੇ ਮਾਸੂਮ ਅਤੇ ਦਮ ਤੋੜਦੀ ਸਹਿਣਸ਼ੀਲਤਾ: ਇੱਕ ਗੰਭੀਰ ਸਮਾਜਿਕ ਚਿੰਤਨ

ਦੁਨੀਆ ਦਾ ਸਭ ਤੋਂ ਭਾਰਾ ਮੋਢਾ ਉਹ ਹੁੰਦਾ ਹੈ, ਜਿਸ ਉੱਤੇ ਇੱਕ ਪਿਤਾ ਆਪਣੇ ਮਾਸੂਮ ਬੱਚੇ ਦਾ ਜਨਾਜ਼ਾ ਚੁੱਕਦਾ ਹੈ। ਉਸ ਮਾਂ ਦੇ ਕਲੇਜੇ ਦੀ ਪੀੜ ਦਾ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ, ਜਿਸ ਨੇ ਸਵੇਰੇ ਜਿਸ ਬੱਚੇ ਦਾ ਮੱਥਾ ਚੁੰਮ ਕੇ ਸਕੂਲ ਤੋਰਿਆ ਸੀ, ਸ਼ਾਮ ਨੂੰ ਉਸੇ ਮਾਸੂਮ ਦੀ ਚੁੱਪ ਦੇਹੀ 'ਤੇ ਵੈਣ ਪਾਉਣੇ ਪੈ ਗਏ। ਪਿਛਲੇ ਕੁਝ ਦਿਨਾਂ ਤੋਂ ਵਾਇਰਲ ਹੋ ਰਹੀ ਇੱਕ ਬੇਹੱਦ ਦਰਦਨਾਕ ਖ਼ਬਰ ਨੇ ਹਰ ਸੰਵੇਦਨਸ਼ੀਲ ਮਨੁੱਖ ਦੀ ਰੂਹ ਝੰਜੋੜ ਦਿੱਤੀ ਹੈ। ਇੱਕ ਅਧਿਆਪਕ ਵੱਲੋਂ ਬੱਚੇ ਨੂੰ ਧੁੱਪੇ ਖੜ੍ਹਾ ਕਰਨ ਦੀ ਸਜ਼ਾ ਦਿੱਤੀ ਗਈ ਅਤੇ ਉਸ ਮਾਸੂਮ ਨੇ ਜਨਤਕ ਨਾਮੋਸ਼ੀ ਤੇ ਸਰੀਰਕ ਕਸ਼ਟ ਦੀ ਕੁੜੱਤਣ ਨੂੰ ਨਾ ਸਹਾਰਦੇ ਹੋਏ ਆਪਣੀ ਜੀਵਨ-ਲੀਲਾ ਸਮਾਪਤ ਕਰ ਲਈ। ਇਹ ਦੁਖਾਂਤ ਚੀਕ-ਚੀਕ ਕੇ ਕਹਿ ਰਿਹਾ ਹੈ ਕਿ ਅੱਜ ਦੀ ਪਨੀਰੀ ਮਾਨਸਿਕ ਤੌਰ 'ਤੇ ਇੰਨੀ ਨਾਜ਼ੁਕ ਹੋ ਚੁੱਕੀ ਹੈ ਕਿ ਉਹ ਮਾਮੂਲੀ ਜਿਹੀ ਨਾਮੋਸ਼ੀ ਬਰਦਾਸ਼ਤ ਕਰਨ ਦੀ ਸਮਰੱਥਾ ਗੁਆ ਚੁੱਕੀ ਹੈ।

?ਜੇਕਰ ਅਸੀਂ ਇਤਿਹਾਸ ਦੇ ਝਰੋਖੇ ਵਿੱਚੋਂ ਝਾਤ ਮਾਰੀਏ, ਤਾਂ ਕੁਝ ਸਮਾਂ ਪਹਿਲਾਂ ਸਕੂਲਾਂ ਵਿੱਚ ਅਧਿਆਪਕ ਦਾ ਇੱਕ ਵਿਸ਼ੇਸ਼ ਰੋਹਬ ਹੁੰਦਾ ਸੀ। ਉਸ ਦੌਰ ਵਿੱਚ ਮੁਰਗਾ ਬਣਾਉਣਾ, ਡੰਡਿਆਂ ਨਾਲ ਹੱਥ ਲਾਲ ਕਰਨੇ ਜਾਂ ਕੜਕਦੀ ਧੁੱਪੇ ਖੜ੍ਹਾ ਕਰਨਾ ਸਿੱਖਿਆ ਪ੍ਰਣਾਲੀ ਦਾ ਹੀ ਇੱਕ ਅਣਕਿਹਾ ਹਿੱਸਾ ਮੰਨਿਆ ਜਾਂਦਾ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਉਸ ਅਥਾਹ ਸਖ਼ਤੀ ਦੇ ਬਾਵਜੂਦ ਬੱਚੇ ਮਾਨਸਿਕ ਤੌਰ 'ਤੇ ਚੱਟਾਨ ਵਾਂਗ ਮਜ਼ਬੂਤ ਹੁੰਦੇ ਸਨ। ਉਹ ਸਜ਼ਾ ਨੂੰ ਇੱਕ ਸਬਕ ਵਾਂਗ ਲੈਂਦੇ ਸਨ ਅਤੇ ਅਗਲੇ ਦਿਨ ਫਿਰ ਉਹੀ ਬਸਤਾ ਚੁੱਕ ਕੇ ਸਕੂਲ ਜਾਣ ਲਈ ਤਿਆਰ ਹੁੰਦੇ ਸਨ। ਪਰ ਅੱਜ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਜਿਹਾ ਕੀ ਬਦਲ ਗਿਆ ਕਿ ਇੱਕ ਮਾਮੂਲੀ ਝਿੜਕ ਮਾਸੂਮਾਂ ਦੇ ਸਾਹਾਂ ਦੀ ਡੋਰ ਤੋੜ ਦਿੰਦੀ ਹੈ ? ਅਸਲ ਵਿੱਚ, ਅਸੀਂ ਸੁੱਖ-ਸਹੂਲਤਾਂ ਦੇ ਅੰਬਾਰ ਤਾਂ ਲਗਾ ਲਏ ਹਨ, ਪਰ ਬੱਚਿਆਂ ਦੇ ਮਨਾਂ ਅੰਦਰਲੀ 'ਸਹਿਣਸ਼ੀਲਤਾ' ਦੀ ਦੀਵਾਰ ਖੋਖਲੀ ਕਰ ਦਿੱਤੀ ਹੈ।

?ਇਸ ਮਾਨਸਿਕ ਨਿਘਾਰ ਦਾ ਇੱਕ ਸਭ ਤੋਂ ਵੱਡਾ ਕਾਰਨ ਸਾਡੇ ਅਮੀਰ ਸੱਭਿਆਚਾਰਕ ਵਿਰਸੇ ਅਤੇ ਰਿਸ਼ਤਿਆਂ ਦੀ ਨਿੱਘ ਤੋਂ ਦੂਰ ਹੋਣਾ ਹੈ। ਪਹਿਲਾਂ ਬੱਚਿਆਂ ਦੇ ਸਿਰਾਂ 'ਤੇ ਦਾਦੀਆਂ-ਨਾਨੀਆਂ ਦੇ ਪਿਆਰ ਅਤੇ ਗਿਆਨ ਦਾ ਇੱਕ ਅਜਿਹਾ ਮਜ਼ਬੂਤ ਓਟ-ਆਸਰਾ ਹੁੰਦਾ ਸੀ। ਰਾਤ ਨੂੰ ਸੌਣ ਵੇਲੇ ਉਹ ਬੱਚਿਆਂ ਨੂੰ ਸੂਰਬੀਰਾਂ, ਬਹਾਦਰ ਧੀਆਂ ਅਤੇ ਸਿਦਕੀ ਯੋਧਿਆਂ ਦੀਆਂ ਕਹਾਣੀਆਂ ਸੁਣਾਉਂਦੀਆਂ ਸਨ।




ਦਾਦੀ ਦੀ ਗੋਦ ਵਿੱਚ ਬੈਠ ਕੇ ਸੁਣੀ ਉਹ ਸੂਰਬੀਰਤਾ ਦੀ ਕਹਾਣੀ ਬੱਚੇ ਦੇ ਮਨ ਵਿੱਚ ਇੱਕ ਅਜਿਹੀ 'ਮਨੋਵਿਗਿਆਨਕ ਕਿਲ੍ਹੇਬੰਦੀ' ਕਰ ਦਿੰਦੀ ਸੀ, ਜਿਸ ਨੂੰ ਬਾਹਰਲੀ ਦੁਨੀਆ ਦੀ ਕੋਈ ਵੀ ਨਾਮੋਸ਼ੀ ਢਾਹ ਨਹੀਂ ਸੀ ਸਕਦੀ। ਉਨ੍ਹਾਂ ਕਹਾਣੀਆਂ ਰਾਹੀਂ ਬੱਚਾ ਅਚੇਤ ਤੌਰ 'ਤੇ ਸਿੱਖਦਾ ਸੀ ਕਿ ਮੁਸੀਬਤਾਂ ਵਿੱਚ ਕਿਵੇਂ ਅਡੋਲ ਰਹਿਣਾ ਹੈ। ਅੱਜ ਉਹ ਕਹਾਣੀਆਂ ਗੁੰਮ ਹੋ ਗਈਆਂ ਹਨ। ਦਾਦੀਆਂ-ਨਾਨੀਆਂ ਦੀ ਗੋਦ ਦੀ ਜਗ ?ਹਾ ਮੋਬਾਈਲ ਫੋਨਾਂ ਨੇ ਲੈ ਲਈ ਹੈ। ਸਾਡੇ ਇਤਿਹਾਸਿਕ ਵਿਰਸੇ ਦੀ ਉਹ ਧਾਰ ਖੁੰਢੀ ਹੋ ਗਈ ਹੈ ਜੋ ਬੱਚੇ ਨੂੰ ਹਾਰ ਮੰਨਣ ਦੀ ਬਜਾਏ ਲੜਨਾ ਅਤੇ ਸਬਰ ਕਰਨਾ ਸਿਖਾਉਂਦੀ ਸੀ।

?ਅੱਜ ਦੇ ਦੌਰ ਵਿੱਚ 'ਇਕਹਿਰੇ ਪਰਿਵਾਰ' ਅਤੇ 'ਇਕਹਿਰਾ ਬੱਚਾ' ਹੋਣਾ ਵੀ ਇੱਕ ਮਨੋਵਿਗਿਆਨਕ ਚੁਣੌਤੀ ਬਣ ਗਿਆ ਹੈ। ਪਰਿਵਾਰ ਵਿੱਚ ਸਿਰਫ਼ ਇੱਕ ਹੀ ਬੱਚਾ ਹੋਣ ਕਾਰਨ ਉਹ ਸਾਰੇ ਘਰ ਦੇ ਧਿਆਨ ਦਾ ਇਕਲੌਤਾ ਕੇਂਦਰ ਹੁੰਦਾ ਹੈ। ਉਸ ਦੀ ਹਰ ਜ਼ਿੱਦ ਬਿਨਾਂ ਸਵਾਲ ਪੂਰੀ ਕੀਤੀ ਜਾਂਦੀ ਹੈ। ਉਸ ਨੂੰ ਕਦੇ 'ਨਾ' ਸੁਣਨ ਦੀ ਆਦਤ ਨਹੀਂ ਪਾਈ ਜਾਂਦੀ। ਜਦੋਂ ਬੱਚਾ ਭੈਣ-ਭਰਾਵਾਂ ਤੋਂ ਬਿਨਾਂ ਪਲਦਾ ਹੈ, ਤਾਂ ਉਹ ਚੀਜ਼ਾਂ ਨੂੰ ਵੰਡਣਾ ਅਤੇ ਦੂਜਿਆਂ ਨਾਲ ਤਾਲਮੇਲ ਬਿਠਾਉਣਾ ਨਹੀਂ ਸਿੱਖ ਪਾਉਂਦਾ। ਅਜਿਹਾ ਬੱਚਾ ਜਦੋਂ ਬਾਹਰਲੀ ਦੁਨੀਆ ਜਾਂ ਸਕੂਲ ਦੇ ਅਨੁਸ਼ਾਸਨ ਵਿੱਚ ਜਾਂਦਾ ਹੈ ਅਤੇ ਉੱਥੇ ਉਸ ਨੂੰ ਕਿਸੇ ਗ਼ਲਤੀ 'ਤੇ ਟੋਕਿਆ ਜਾਂਦਾ ਹੈ, ਤਾਂ ਉਸ ਦਾ

ਜਗਰੂਪ ਕੌਰ
7009529882

'ਅਹਿਮ' ਤੁਰੰਤ ਜ਼ਖ਼ਮੀ ਹੋ ਜਾਂਦਾ ਹੈ। ਉਸ ਦਾ ਮਨ ਕੱਚ ਦੇ ਖਿਡੌਣੇ ਵਾਂਗ ਨਾਜ਼ੁਕ ਹੋ ਚੁੱਕਾ ਹੁੰਦਾ ਹੈ ਜੋ ਮਾਮੂਲੀ ਜਿਹੀ ਸੱਟ ਵੀ ਬਰਦਾਸ਼ਤ ਨਹੀਂ ਕਰ ਪਾਉਂਦਾ।

?ਇਸ ਦੁਖਾਂਤ ਵਿੱਚ ਕੰਮਕਾਜੀ ਮਾਪਿਆਂ ਦੀ ਮਜਬੂਰੀ ਅਤੇ ਮਨੋਦਸ਼ਾ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ। ਅੱਜ ਪੈਸੇ ਦੀ ਦੌੜ ਵਿੱਚ ਮਾਂ ਅਤੇ ਪਿਓ ਦੋਵੇਂ ਬੱਚੇ ਦੇ ਸੁਨਹਿਰੀ ਭਵਿੱਖ ਲਈ ਦਿਨ-ਰਾਤ ਇੱਕ ਕਰ ਰਹੇ ਹਨ। ਉਹ ਸਵੇਰੇ ਨਿਕਲਦੇ ਹਨ ਅਤੇ ਸ਼ਾਮ ਨੂੰ ਥੱਕੇ-ਟੁੱਟੇ ਘਰ ਪਰਤਦੇ ਹਨ। ਇਸੇ ਭੱਜ-ਦੌੜ ਵਿੱਚ ਉਹ ਬੱਚੇ ਦਾ 'ਭਵਿੱਖ' ਸੰਵਾਰਨ ਦੇ ਚੱਕਰ ਵਿੱਚ ਉਸ ਦਾ 'ਅੱਜ' ਗੁਆ ਰਹੇ ਹਨ। ਜਦੋਂ ਮਾਪਿਆਂ ਕੋਲ ਬੱਚੇ ਲਈ ਸਮਾਂ ਨਹੀਂ ਹੁੰਦਾ, ਤਾਂ ਉਹ ਆਪਣੀ ਇਸ ਕਮੀ ਨੂੰ ਪੂਰਾ ਕਰਨ ਲਈ ਬੱਚੇ ਨੂੰ ਮਹਿੰਗੇ ਖਿਡੌਣੇ ਜਾਂ ਗੈਜੇਟਸ ਫੜਾ ਦਿੰਦੇ ਹਨ। ਬੱਚਾ ਆਪਣੇ ਮਨ ਦਾ ਗੁਬਾਰ ਕੱਢਣ ਲਈ ਕਿਸੇ ਮੋਢੇ ਦੀ ਤਲਾਸ਼ ਕਰਦਾ ਹੈ, ਪਰ ਉਸ ਨੂੰ ਮਿਲਦੀ ਹੈ ਸਿਰਫ਼ ਇੱਕ ਬੇਜਾਨ ਸਕਰੀਨ। ਬੱਚੇ ਨੂੰ ਸੁੱਖ-ਸਹੂਲਤਾਂ ਦੀ ਨਹੀਂ, ਸਗੋਂ ਮਾਪਿਆਂ ਦੇ 'ਸੰਵਾਦ' ਦੀ ਲੋੜ ਹੈ। ਜਦੋਂ ਘਰ ਵਿੱਚ ਸੰਵਾਦ ਮੁੱਕ ਜਾਂਦਾ ਹੈ, ਤਾਂ ਬੱਚਾ ਇਕੱਲੇਪਣ ਦੇ ਉਸ ਹਨੇਰੇ ਖੂਹ ਵਿੱਚ ਡਿੱਗ ਜਾਂਦਾ ਹੈ ਜਿੱਥੋਂ ਵਾਪਸ ਮੁੜਨਾ ਬਹੁਤ ਔਖਾ ਹੁੰਦਾ ਹੈ। ?ਖੇਡ ਦੇ ਮੈਦਾਨਾਂ ਦੀ ਜਗ ?ਹਾ ਹੁਣ ਮੋਬਾਈਲ ਗੇਮਾਂ ਨੇ ਲੈ ਲਈ ਹੈ, ਜੋ ਬੱਚਿਆਂ ਵਿੱਚ ਇਕੱਲਤਾ ਅਤੇ ਚਿੜਚਿੜੇਪਨ ਦਾ ਜ਼ਹਿਰ ਭਰ ਰਹੀਆਂ ਹਨ। ਖੇਡ ਦਾ ਮੈਦਾਨ ਸਿਰਫ਼ ਖੇਡਣ ਦੀ ਜਗ ?ਹਾ ਨਹੀਂ ਹੁੰਦਾ, ਸਗੋਂ ਇਹ ਇੱਕ ਅਜਿਹੀ ਪਾਠਸ਼ਾਲਾ ਹੈ ਜਿੱਥੇ ਬੱਚਾ ਦੂਜਿਆਂ ਨਾਲ ਮਿਲ ਕੇ ਖੇਡਣ ਦੀ ਭਾਵਨਾ ਸਿੱਖਦਾ ਹੈ। ਮੈਦਾਨ ਵਿੱਚ ਬੱਚਾ ਹਾਰਨਾ ਸਿੱਖਦਾ ਹੈ, ਧੂੜ ਵਿੱਚ ਡਿੱਗ ਕੇ ਮੁੜ ਉੱਠਣ ਦਾ ਹੌਸਲਾ ਜੁਟਾਉਂਦਾ ਹੈ ਅਤੇ ਦੂਜੇ ਬੱਚਿਆਂ ਨਾਲ ਤਾਲਮੇਲ ਬਿਠਾਉਣਾ ਸਿੱਖਦਾ ਹੈ। ਮੈਦਾਨੀ ਖੇਡਾਂ ਦੀ ਘਾਟ ਕਾਰਨ ਬੱਚਿਆਂ ਵਿੱਚ ਸਹਿਣਸ਼ੀਲਤਾ ਮੁੱਕ ਗਈ ਹੈ। ਜਦੋਂ ਬੱਚਾ ਮੈਦਾਨ ਵਿੱਚ ਦੂਜਿਆਂ ਨਾਲ ਖੇਡਦਾ ਹੈ, ਤਾਂ ਉਸ ਵਿੱਚ ਸਮਾਜਿਕ ਸਾਂਝ ਪੈਦਾ ਹੁੰਦੀ ਹੈ, ਜੋ ਉਸ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਂਦੀ ਹੈ। ਮੋਬਾਈਲ ਗੇਮਾਂ ਵਿੱਚ ਬੱਚਾ 'ਸੁਪਰਹੀਰੋ' ਹੁੰਦਾ ਹੈ, ਪਰ ਅਸਲ ਜ਼ਿੰਦਗੀ ਦੀ ਇੱਕ ਮਾਮੂਲੀ ਚੁਣੌਤੀ ਉਸ ਨੂੰ 'ਜ਼ੀਰੋ' ਮਹਿਸੂਸ ਕਰਵਾਉਣ ਲੱਗਦੀ ਹੈ।

?ਸਕੂਲਾਂ ਵਿੱਚ ਅਨੁਸ਼ਾਸਨ ਦੇ ਨਾਂ 'ਤੇ ਬੱਚੇ ਨੂੰ ਜਨਤਕ ਤੌਰ 'ਤੇ ਅਪਮਾਨਿਤ ਕਰਨਾ ਉਸ ਦੇ ਆਤਮ-ਸਨਮਾਨ ਨੂੰ ਲੀਰੋ-ਲੀਰ ਕਰ ਦਿੰਦਾ ਹੈ। ਅਧਿਆਪਕਾਂ ਨੂੰ ਹੁਣ ਸਿਰਫ਼ ਸਿਲੇਬਸ ਪੂਰਾ ਕਰਨ ਵਾਲੀ ਮਸ਼ੀਨ ਨਹੀਂ, ਸਗੋਂ ਬੱਚਿਆਂ ਦਾ ਦੋਸਤ ਅਤੇ ਸੰਵੇਦਨਸ਼ੀਲ ਰਹਿਨੁਮਾ ਬਣਨਾ ਪਵੇਗਾ। ਸਾਨੂੰ ਬੱਚਿਆਂ ਲਈ ਇੱਕ ਅਜਿਹਾ ਸੁਰੱਖਿਅਤ ਮਾਹੌਲ ਸਿਰਜਣਾ ਪਵੇਗਾ ਜਿੱਥੇ ਉਹ ਆਪਣੀ ਹਰ ਗ਼ਲਤੀ ਬਿਨਾਂ ਕਿਸੇ ਝਿਜਕ ਦੇ ਸਾਂਝੀ ਕਰ ਸਕਣ। ਬੱਚੇ ਨੂੰ ਇਹ ਅਹਿਸਾਸ ਕਰਵਾਉਣਾ ਜ਼ਰੂਰੀ ਹੈ ਕਿ ਉਸ ਦੀ ਜ਼ਿੰਦਗੀ ਕਿਸੇ ਵੀ ਸਜ਼ਾ, ਝਿੜਕ ਜਾਂ ਪ੍ਰੀਖਿਆ ਦੇ ਨਤੀਜੇ ਤੋਂ ਕਿਤੇ ਜ਼ਿਆਦਾ ਕੀਮਤੀ ਹੈ। ?ਅੰਤ ਵਿੱਚ, ਸਾਨੂੰ ਆਪਣੇ ਬੱਚਿਆਂ ਨੂੰ ਅਜਿਹਾ ਖੁੱਲ੍ਹਾ ਅਸਮਾਨ ਦੇਣਾ ਪਵੇਗਾ ਜਿੱਥੇ ਉਹ ਆਪਣੇ ਹਿੰਮਤੀ ਖੰਭ ਉਸਾਰ ਸਕਣ। ਉਨ੍ਹਾਂ ਨੂੰ ਸਿਰਫ਼ ਇਕੱਲੇ ਉੱਡਣਾ ਹੀ ਨਹੀਂ, ਸਗੋਂ ਦੂਜੇ ਪੰਛੀਆਂ ਨੂੰ ਨਾਲ ਲੈ ਕੇ ਉੱਡਣ ਦੀ ਜਾਚ ਸਿਖਾਉਣੀ ਪਵੇਗੀ। ਸਾਡੀ ਅਸਲੀ ਸਫ਼ਲਤਾ ਉਨ੍ਹਾਂ ਨੂੰ ਉੱਚੀਆਂ ਡਿਗਰੀਆਂ ਦਿਵਾਉਣ ਵਿੱਚ ਨਹੀਂ, ਸਗੋਂ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਏਨਾ ਬਲਵਾਨ ਬਣਾਉਣ ਵਿੱਚ ਹੈ ਕਿ ਉਹ ਜ਼ਿੰਦਗੀ ਦੇ ਖੁੱਲ੍ਹੇ ਆਸਮਾਨ ਵਿੱਚ ਹਰ ਚੁਣੌਤੀ ਨੂੰ ਚੀਰਦੇ ਹੋਏ ਖ਼ੁਸ਼ੀ-ਖ਼ੁਸ਼ੀ ਉੱਡ ਸਕਣ। ਜੇ ਅਸੀਂ ਉਨ੍ਹਾਂ ਨੂੰ ਡਰ ਦੀ ਬਜਾਏ ਹੌਸਲਾ, ਤਕਨੀਕ ਦੀ ਬਜਾਏ ਆਪਣਾ ਨਿੱਘਾ ਸਮਾਂ ਅਤੇ ਮੋਬਾਈਲ ਦੀ ਬਜਾਏ ਦਾਦੀਆਂ-ਨਾਨੀਆਂ ਵਾਲਾ ਵਿਰਸਾ ਦੇਵਾਂਗੇ, ਤਾਂ ਹੀ ਉਹ ਮਜ਼ਬੂਤ ਇਨਸਾਨ ਬਣ ਸਕਣਗੇ। ਮਾਪਿਆਂ ਦਾ ਪਿਆਰ ਅਤੇ ਅਧਿਆਪਕ ਦਾ ਸੰਵੇਦਨਸ਼ੀਲ ਸਾਥ ਹੀ ਬੱਚੇ ਲਈ ਉਹ ਅਸੀਮ ਅਸਮਾਨ ਸਿਰਜ ਸਕਦਾ ਹੈ ਜਿੱਥੇ ਸਿਰਫ਼ ਉਡਾਣ ਦੀ ਬੁਲੰਦੀ ਹੋਵੇ, ਡਿੱਗਣ ਦਾ ਕੋਈ ਖ਼ੌਫ਼ ਨਾ ਹੋਵੇ। ਆਓ, ਅਸੀਂ ਸਾਰੇ ਮਿਲ ਕੇ ਇੱਕ ਅਜਿਹਾ ਸਮਾਜ ਸਿਰਜੀਏ ਜਿੱਥੇ ਹਰ ਬੱਚਾ ਸੁਰੱਖਿਅਤ ਮਹਿਸੂਸ ਕਰੇ ਅਤੇ ਆਪਣੇ ਵਿਰਸੇ ਦੀ ਸੂਰਬੀਰਤਾ ਨੂੰ ਆਪਣੇ ਸਾਹਾਂ ਵਿੱਚ ਸਮੋ ਕੇ ਜ਼ਿੰਦਗੀ ਦੇ ਹਰ ਮੈਦਾਨ ਨੂੰ ਫ਼ਤਿਹ ਕਰ ਸਕੇ।

# ਮੇਰੇ ਰੰਗਲੇ ਪੰਜਾਬ ਲਈ ਅਲਾਮਤ' ਬਣੇ ਜ਼ਹਿਰੀਲੀ ਬੂਟੀ ਦੇ ਜੰਗਲ'

## ਮੁੱਖ ਸੜਕਾਂ ਕੰਢੇ ਵਿਦੇਸ਼ਾਂ ਤੋਂ ਆਉਣ ਵਾਲੇ ਪੰਜਾਬੀਆਂ ਦੀ ਲੁੱਟ ਨੂੰ ਰੋਕਿਆ ਜਾਵੇ

ਜਦ ਵੀ ਅਮਰੀਕਾ ਤੋਂ ਪੰਜਾਬ ਦੇ ਅੰਦਰ ਦਾਖਲ ਹੁੰਦੇ ਹਾਂ ਤਾਂ ਮਨ ਇੱਕ ਵੱਖਰੀ ਹੀ ਤਰ੍ਹਾਂ ਦਾ ਖੁਸ਼ੀ ਦੇ ਨਾਲ ਭਰਿਆ ਹੁੰਦਾ ਹੈ ਕਿ ਹੁਣ ਆਪਣੇ ਵਤਨਾਂ ਨੂੰ ਫੇਰਾ ਪਾ ਰਹੇ ਹਾਂ ਪਰ ਕਈ ਖਿਤਿਆਂ ਅੰਦਰ ਜਾ ਕੇ ਮਨ ਨੂੰ ਨਿਰਾਸ਼ਾ ਹੁੰਦੀ ਹੈ ਕਿ ਇਹ ਕਿੰਨੀਆਂ ਅਲਾਮਤਾਂ ਮੇਰੇ ਪੰਜਾਬ ਨੂੰ ਚੁੰਬੜ ਚੁੱਕੀਆਂ ਹਨ । ਵੱਖ-ਵੱਖ ਤਰ੍ਹਾਂ ਦੀਆਂ ਘਟਨਾਵਾਂ ਲੈ ਕੇ ਅਸੀਂ ਹਰ ਰੋਜ਼ ਦਰਸ਼ਕਾਂ ਦੇ ਸਨਮੁੱਖ ਹੁੰਦੇ ਹਾਂ ਪਰ ਅੱਜ ਇੱਕ ਵੱਖਰੀ ਹੀ ਤਰ੍ਹਾਂ ਦਾ ਮਾਮਲਾ ਲੈ ਕੇ ਆਏ ਹਾਂ ਜੋ ਸਾਡੇ ਨਾਲ ਜੁੜਿਆ ਹੈ । ਕਿਉਂਕਿ ਇਸ ਮਸਲੇ ਦੇ ਨਾਲ ਵੀ ਪਿਛਲੇ ਲੰਬੇ ਸਮੇਂ ਤੋਂ ਵਿਦੇਸ਼ਾਂ ਤੋਂ ਪੰਜਾਬ ਆਉਣ ਵਾਲਿਆਂ ਨਾਲ ਘਟਨਾਵਾਂ ਵਾਪਰ ਚੁੱਕੀਆਂ ਹਨ ਅਤੇ ਉਹਨਾਂ ਨੂੰ ਸੜਕਾਂ ਤੇ ਲੁੱਟਿਆ ਜਾਂਦਾ ਹੈ ।

ਪੰਜਾਬ ਅੰਦਰ ਕਿਸੇ ਵੀ ਪਾਸਿਓਂ ਦਾਖਲ ਹੋਣ ਤੋਂ ਬਾਅਦ ਸਾਂਝੀਆਂ, ਸੁਨੀਆਂ ਪੰਚਾਇਤੀ ਥਾਵਾਂ ਦੇ ਅੰਦਰ ਤੇ ਬਹੁਤ ਸਾਰੀਆਂ ਸੜਕਾਂ ਦੇ ਆਲੇ ਦੁਆਲੇ ਫ਼ੈਲੇ ਜ਼ਹਿਰੀਲੀ ਗਾਜਰ ਬੂਟੀ 'ਤੇ ਭੰਗ ਦੇ ਬੂਟਿਆਂ ਦੇ ਬਣੇ 'ਅਲਾਮਤੀ ਜੰਗਲਾਂ' ਦੀ ਬਦੌਲਤ ਕਿਸੇ ਵੀ ਵੇਲੇ ਕੋਈ ਨਾ ਕੋਈ ਖ਼ਤਰਨਾਕ ਹਾਦਸਾ ਹੋਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਕਿੰਨੇ ਹੀ ਘਰਾਂ ਦੇ ਇੱਕਲੌਤੇ ਚਿਰਾਗ ਇਸ ਆਪ ਮੁਹਾਰੇ ਉੱਗੇ ਜੰਗਲ ਵੱਲੋਂ ਬੁਝਾਏ ਜਾ ਚੁੱਕੇ ਹਨ । ਬਹੁਤੀਆਂ ਮੁੱਖ ਤੇ ਲਿੰਕ ਸੜਕਾਂ ਤੇ ਜਾਂਦਿਆਂ ਲਗਪਗ 5 ਤੋਂ 15 ਫੁੱਟ ਤੱਕ ਲੰਬੇ ਇਸ ਜ਼ਹਿਰੀਲੀ ਬੂਟੀ ਅਤੇ ਭੰਗ ਦੇ ਬੂਟਿਆਂ ਦੀ ਭਰਮਾਰ ਅਕਸਰ ਸਾਨੂੰ ਆਮ ਮਿਲ ਜਾਂਦੀ ਹੈ ਜਿਸ ਦੀ ਬਦੌਲਤ ਕਿਨੇ ਹੀ ਸੜਕ ਹਾਦਸੇ ਹੋਣ ਤੋਂ ਬਾਅਦ ਅਨੇਕਾਂ ਇਨਸਾਨਾਂ ਨੇ ਆਪਣੀ ਜਾਨ ਤੋਂ ਹੱਥ ਧੋਤੇ ਹਨ ਕਿਉਂਕਿ ਸੜਕ 'ਤੇ ਜਾ ਰਹੇ ਕਿਸੇ ਵੀ ਵਾਹਨ ਸਵਾਰ ਨੂੰ ਇਨ੍ਹਾਂ ਬੂਟਿਆਂ ਚੋਂ ਨਿਕਲ ਕੇ ਅਚਾਨਕ ਵਾਹਨ 'ਚ ਲੱਗੇ ਜਾਨਵਰ ਵਗੈਰਾ ਦਾ ਪਤਾ ਨਹੀਂ ਲੱਗਦਾ ।

ਸੜਕ ਤੇ ਬਣੇ ਇਨ੍ਹਾਂ ਜੰਗਲਾਂ ਵਿੱਚ ਵੇਲੇ-ਕੁਵੇਲੇ ਨਸ਼ੇੜੀਆਂ ਵੱਲੋਂ ਆਪਣੇ ਨਸ਼ੇ ਦੀ ਪੂਰਤੀ ਕਰਨ ਤੋਂ ਬਾਅਦ ਰਾਹਗੀਰਾਂ ਨੂੰ ਲੁੱਟਣ ਦੀਆਂ ਘਟਨਾਵਾਂ ਵੀ ਚਰਮ ਸੀਮਾ ਨੂੰ ਪਹੁੰਚ ਚੁੱਕੀਆਂ ਹਨ । ਬਹੁਤ ਵਾਰ ਨਸ਼ੇੜੀਆਂ ਵੱਲੋਂ ਲੁੱਟ ਨੂੰ ਅੰਜਾਮ ਦੇਣ ਤੋਂ ਬਾਅਦ ਰਾਹਗੀਰਾਂ ਦੇ ਸੱਟਾਂ ਵੀ ਮਾਰੀਆਂ ਜਾਂਦੀਆਂ ਹਨ ਜਿਸ ਦਾ ਪਤਾ ਉਸ ਦੇ

ਲੇਖਕ -ਸਿੰਦਰ ਸਿੰਘ ਮੀਰਪੁਰੀ
5592850841

ਪਰਿਵਾਰਕ ਮੈਂਬਰਾਂ ਨੂੰ ਸਵੇਰ ਵੇਲੇ ਲਗਦਾ ਹੈ । ਸੁੰਨੀਆਂ ਥਾਵਾਂ 'ਤੇ ਜ਼ਹਿਰੀਲੀ ਬੂਟੀ ਤੇ ਭੰਗ ਦੇ ਬੂਟਿਆਂ ਦੀ ਭਰਮਾਰ ਆਏ ਦਿਨ ਵਧ ਰਹੀ ਹੈ । ਜਦੋਂ ਬਹੁਤ ਵਾਰ ਅਸੀਂ ਪੰਜਾਬ ਨੂੰ ਬਚਾਉਣ ਵਾਲੀਆਂ ਸ਼ਖਸੀਅਤਾਂ ਦੇ ਨਾਲ ਗੱਲ ਕਰਦੇ ਹਾਂ ਤਾਂ ਬਹੁਤ ਸਾਰੇ ਸੱਜਣਾਂ ਨੇ ਆਖਿਆ ਪੰਜਾਬ ਦੀ ਧਰਤੀ 'ਤੇ ਬੇਸ਼ੁਮਾਰ ਰੂਪ ਵਿੱਚ ਵਧ ਰਹੀ ਜ਼ਹਿਰੀਲੀ ਬੂਟੀ ਦਾ ਇੱਕ ਪੱਖ ਇਹ ਵੀ ਹੈ ਕਿ ਜੇਕਰ ਕਿਸੇ ਵੀ ਇਨਸਾਨ ਵੱਲੋਂ ਇਸ ਬੂਟੀ ਨੂੰ ਛੂਹਿਆ ਜਾਂਦਾ ਹੈ ਤਾਂ ਉਸ ਦਾ ਸਰੀਰ ਅਲਰਜੀ ਦਾ ਸ਼ਿਕਾਰ ਹੋ ਜਾਂਦਾ ਹੈ ਖਾਸ ਕਰ ਇਸ ਦੇ ਕਾਰਨ ਚਮੜੀ ਦੇ ਰੋਗਾਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋ ਰਿਹਾ ਹੈ ।

ਹੈਰਾਨੀ ਦੀ ਗੱਲ ਹੈ ਕਿ ਇਸ ਜ਼ਹਿਰੀਲੀ ਬੂਟੀ ਨੇ ਹੁਣ ਸੜਕਾਂ ਤੋਂ ਬਾਅਦ ਪੰਜਾਬ ਦੇ ਖੇਤਾਂ ਨੂੰ ਵੀ ਆਪਣੇ ਕਲਾਵੇ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਹੈ , ਕਿਸਾਨਾਂ ਅਨੁਸਾਰ ਜਿਨ੍ਹਾਂ ਖੇਤਾਂ ਵਿੱਚ ਇਸ ਬੂਟੀ ਦਾ ਬੀਜ ਇੱਕ ਵਾਰ ਪੈ ਗਿਆ ਉੱਥੇ ਫ਼ਸਲ ਨੂੰ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ । ਸਿਤਮ ਦੀ ਗੱਲ ਹੈ ਕਿ ਆਮ ਜਨਤਾ ਲਈ ਜੀਅ ਦਾ ਜੰਜਾਲ ਬਣਿਆ ਇਹ ਆਪ ਮੁਹਾਰੇ ਉੱਗਿਆ ਜੰਗਲ ਪਤਾ ਨਹੀਂ ਸਬੰਧਤ ਵਿਭਾਗ ਦੀ ਨਜ਼ਰ ਕਿਉਂ ਨਹੀਂ ਚੜ੍ਹ ਰਿਹਾ । ਕਈ ਵਰ੍ਹੇ ਪਹਿਲਾਂ ਪੰਜਾਬ ਦੇ ਅੰਦਰ ਇਸ ਅਲਾਮਤੀ ਜੰਗਲ ਦੀ ਸ਼ੁਰੂਆਤ ਹੋਈ ਸੀ ਉਦੋਂ ਵੀ ਚਿੰਤਕ ਲੋਕਾਂ ਨੇ ਇਸ ਪਾਸੇ ਵੱਲ ਧਿਆਨ ਖਿੱਚਿਆ ਸੀ । ਇਸ ਮਸਲੇ ਨੂੰ ਲੈ ਕੇ ਸਰਕਾਰਾਂ ਅਤੇ ਸਾਨੂੰ ਸਾਰਿਆਂ ਨੂੰ ਗੰਭੀਰ ਹੋਣ ਦੀ ਲੋੜ ਹੈ ਕਿਉਂਕਿ ਇਹ ਮਾਮਲਾ ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨਾਲ ਵੀ ਜੁੜਿਆ ਹੋਇਆ ਇਸੇ ਲਈ ਚੰਗਾ ਹੋਵੇ ਸਰਕਾਰ ਇਸ ਜੰਗਲ ਨੂੰ 'ਵਿਉਂਤਣ' ਲਈ ਤੱਤਪਰ ਨੌਜਵਾਨ ਕਲੱਬਾਂ ਨੂੰ ਸਹਿਯੋਗ ਦਿੰਦਿਆਂ ਮਨੁੱਖੀ ਜਾਨਾਂ , ਲੁੱਟੇ ਜਾ ਰਹੇ ਰਾਹਗੀਰਾਂ ਅਤੇ ਆਮ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਦੇ ਲਈ ਵੱਡੇ ਉਪਰਾਲੇ ਤਹਿਤ ਇਸ 'ਅਲਾਮਤੀ' ਜੰਗਲ ਨੂੰ ਪੁੱਟਣ ਲਈ ਸ਼ੁਰੂਆਤ ਕਰੇ । ਚੰਗਾ ਹੋਵੇ ਜੇਕਰ ਸੂਬਾ ਸਰਕਾਰ ਇਸ ਮਸਲੇ ਤੇ ਵੱਡਾ ਕਦਮ ਚੁੱਕ ਕੇ ਪੰਜਾਬ ਸਮਾਜ ਸੇਵੀ ਸੰਸਥਾਵਾਂ ਨੂੰ ਨਾਲ ਲੈ ਕੇ ਪੰਜਾਬ ਨੂੰ ਇਸ ਅਲਾਮਤ ਤੋਂ ਬਚਾਉਣ ਦਾ ਯਤਨ ਕਰੇ ਕਿਉਂਕਿ ਜਹਰੀਲੀ ਬੂਟੀ ਨੇ ਪੰਜਾਬ ਦੇ ਅੰਦਰ ਵੱਡੇ ਪੱਧਰ ਤੇ ਬਿਮਾਰੀਆਂ ਨੂੰ ਸੱਦਾ ਦਿੱਤਾ ਹੈ ਅਤੇ ਸੜਕਾਂ ਕੰਢੇ ਵਿਦੇਸ਼ੀ ਲੋਕਾਂ ਦੀ ਲੁੱਟ ਵੀ ਬਚ ਸਕੇ ।

# ਹੈਲੋ ! ਮੈਂ ਕਨੇਡਾ ਤੋਂ ਬੋਲਦਾਂ...ਪਛਾਣਿਆ ਨੀਂ..

## (ਸਾਵਧਾਨ ! ਇਸ ਤਰ੍ਹਾਂ ਦੀ ਫੋਨ ਕਾਲ ਤੁਹਾਨੂੰ ਵੀ ਆ ਚੁੱਕੀ ਹੋਵੇਗੀ ਜਾਂ ਫਿਰ ਆਉਣ ਵਾਲੀ ਹੈ)



ਪਿਛਲੇ ਸਾਲਾਂ ਤੋਂ ਕਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜੀਲੈਂਡ ਵਰਗੇ ਮੁਲਕਾਂ ਵਿੱਚ ਪੰਜਾਬੀਆਂ ਦਾ ਪਰਵਾਸ ਇਨ੍ਹਾਂ ਵਧਿਆ ਹੈ ਕਿ ਹਰ ਇੱਕ ਪੰਜਾਬੀ ਦੇ ਜਾਣਕਾਰ,ਰਿਸਤੇਦਾਰਾਂ,ਦੋਸਤਾਂ ਵਿੱਚੋਂ ਕੋਈ ਨਾ ਕੋਈ ਇਨ੍ਹਾਂ ਮੁਲਕਾਂ ਵਿੱਚ ਜਰੂਰ ਗਿਆ ਹੋਇਆ ਹੈ। ਇਨ੍ਹਾਂ ਵਿੱਚੋਂ ਕਨੇਡਾ ਵਿੱਚ ਸੌਖੀ ਪੀ ਆਰ ਦੀ ਵਜ੍ਹਾ ਕਰਕੇ ਉਥੇ ਜਾਣ ਵਾਲਿਆਂ ਦੀ ਗਿਣਤੀ ਕੁਝ ਜਿ਼ਆਦਾ ਹੀ ਹੈ। ਇਨ੍ਹਾਂ ਮੁਲਕਾਂ ਦੀ ਚਕਾਚੌਂਧ ਦਾ ਅਸਰ ਪੰਜਾਬੀਆਂ ‘ਤੇ ਇਸ ਕਦਰ ਹੋਇਆ ਹੈ ਕਿ ਹਰ ਹੀਲਾ ਵਸੀਲਾ ਵਰਤ ਕੇ ਉਥੇ ਪਹੁੰਚਣ ਲਈ ਤਤਪਰ ਹਨ ਅਤੇ ਉਥੇ ਪਹੁੰਚ ਚੁੱਕਿਆਂ ਨਾਲ ਵੱਖਰਾ ਹੀ ਮੋਹ ਜਾਹਰ ਕੀਤਾ ਜਾਂਦਾ ਹੈ।

ਇਸ ਸਭ ਦੇ ਚਲਦਿਆਂ ਕੁਝ ਠੱਗ ਕਿਸਮ ਦੇ ਲੋਕਾਂ ਨੇ ਠੱਗੀ ਦੀ ਨਵੀਂ ਤਰਕੀਬ ਕੱਢ ਮਾਰੀ ਹੈ। ਕਿਸੇ ਬਾਹਰਲੇ ਨੰਬਰ ਤੋਂ ਫੋਨ ਕਾਲ ਆਉਂਦੀ ਹੈ.. ਹੈਲੋ ! ਮੈਂ ਕਨੇਡਾ ਤੋਂ ਬੋਲਦਾਂ.. ਪਛਾਣਿਆ ਨੀਂ... ਭੁੱਲ ਗਏ.. ਇਨੇ ਵਿੱਚ ਸਾਹਮਣੇ ਵਾਲਾ ਆਪਣੇ ਕਿਸੇ ਰਿਸਤੇਦਾਰ, ਮਿੱਤਰ, ਜਾਨਣਵਾਲਾ ਜੋ ਕਨੇਡਾ ਰਹਿ ਰਿਹਾ ਹੁੰਦਾ ਹੈ ਉਸਦਾ ਨਾਮ ਲੈ ਦਿੰਦਾ ਹੈ। ਫੋਨ ਕਰਨ ਵਾਲਾ ਉਸੇ ਨਾਮ ਤੇ ਹਾਮੀ ਭਰ ਦਿੰਦਾ ਹੈ। ਬਸ ਠੱਗੀ ਦੀ ਕਹਾਣੀ ਇਥੋਂ ਸੁਰੂ ਹੁੰਦੀ ਹੈ ਅਤੇ ਵੱਖਰੇ ਵੱਖਰੇ ਤਰੀਕੇ ਨਾਲ ਜਾਲ ਵਿੱਚ ਫਸਾਇਆ ਜਾਂਦਾ ਹੈ। ਕੁਝ ਠੱਗਾਂ ਵੱਲੋਂ ਤਾਂ ਇਹ ਕਿਹਾ ਜਾਂਦਾ ਹੈ ਕਿ ਮੈਂ ਆਪਣੇ ਪਰਿਵਾਰ ਵਾਲਿਆਂ ਨੂੰ ਪੈਸੇ ਭੇਜ ਦਿੰਦਾ ਹਾਂ ਪਰ ਉਹ ਹਰ ਵਾਰ ਇਧਰ ਉਧਰ ਖਰਚ ਕੇ ਖਰਾਬ ਕਰ ਦਿੰਦੇ ਹਨ। ਮੈਂ ਦਿਨ ਰਾਤ ਮਿਹਨਤ ਕਰਦਾ ਹਾਂ ਹੁਣ ਮੈਂ ਵੀ ਆਪਣਾ ਕੁਝ ਬਣਾਉਣਾ ਹੈ । ਮੈਨੂੰ ਸਾਰਿਆਂ ਵਿੱਚੋਂ ਬਸ ਤੁਹਾਡੇ ‘ਤੇ ਭਰੋਸਾ ਹੈ ਇਸ ਲਈ ਇਸ ਵਾਰ ਪੈਸੇ ਮੈਂ ਥੋਨੂੰ ਭੇਜਣੇ ਹਨ। ਤੁਸੀਂ ਹੁਣ ਚਾਹੇ ਪੈਸੇ ਵਰਤ ਲਿਓ ਮੈਂ 4-5 ਮਹੀਨੇ ਤੱਕ ਇੰਡੀਆ ਆਉਣਾ ਹੈ ਉਦੋਂ ਲੈ ਲਵਾਂਗਾ। ਮੈਨੂੰ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਭੇਜ ਦਿਓ ਮੈਂ ਅੱਜ ਹੀ 15 ਲੱਖ ਰੁਪਏ ਟਰਾਂਸਫਰ ਕਰ ਦਿੰਦਾ ਹਾਂ ਕੱਲ੍ਹ ਤੋਂ ਮੈਂ ਕਿਧਰੇ ਦੂਰ ਕੰਮ ਤੇ ਜਾਣਾ ਹੈ। ਪਰ ਹਾਂ, ਇਹ ਗੱਲ ਆਪਣੇ ਦੋਵਾਂ ਵਿੱਚ ਹੀ ਰਹੇ ਹੋਰ ਕਿਸੇ ਨੂੰ ਨਾ ਦਸਿਓ..। ਇੱਕ ਤਾਂ ਐਨਾ ਵੱਡਾ ਭਰੋਸਾ, ਤੇ ਦੂਜੀ ਐਨੇ ਪੈਸਿਆਂ ਦੀ ਗੱਲ ਸੁਣ ਕੇ ਸਾਹਮਣੇ ਵਾਲਾ ਕੁਝ ਸੋਚਣ ਤੋਂ ਪਹਿਲਾਂ ਹੀ ਫਟਾਫਟ ਆਪਣੀ ਬੈਂਕ ਜਾਣਕਾਰੀ ਭੇਜ ਦਿੰਦਾ ਹੈ। ਇਥੇ ਓਹ ਠੱਗ ਇਸ ਬੈਂਕ ਜਾਣਕਾਰੀ ਦੀ ਵਰਤੋਂ ਨਾਲ ਖਾਤਾ ਹੈਕ ਕਰਕੇ ਜਾਂ ਸਾਹਮਣੇ ਵਾਲੇ ਤੋਂ ਗੱਲਾਂ ਵਿੱਚ ਉਲਝਾ ਕੇ ਉਸਦਾ ਏ ਟੀ ਐਮ ਨੰਬਰ, ਪਿਨ, ਪਾਸਵਰਡ, ਓ ਟੀ ਪੀ ਆਦਿ ਲੈ ਕੇ ਜਾਂ ਪੈਸੇ ਵੱਧ ਭੇਜੇ ਗਏ ਜਾਣ ਕਰਕੇ ਵਾਪਸ ਟਰਾਂਸਫਰ ਦਾ ਆਖ ਕੇ ਵੱਖ ਵੱਖ ਤਰੀਕਿਆਂ ਨਾਲ ਉਸ ਵਿਅਕਤੀ ਦਾ ਖਾਤਾ ਖਾਲੀ ਕਰ ਸਕਦਾ ਹੈ।

ਦੂਸਰੇ ਕੇਸ ਵਿੱਚ ਠੱਗ ਇਹ ਗੱਲ ਆਖਦਾ ਹੈ ਕਿ ਉਹ ( ਤੁਹਾਡਾ ਜਾਣਕਾਰ ) ਅਚਾਨਕ ਕਿਸੇ ਮੁਸੀਬਤ ਵਿੱਚ ਫਸ ਗਿਆ ਹੈ ਜਾਂ ਉਸ ਉਤੇ ਪੁਲਿਸ ਕੇਸ ਹੋ ਗਿਆ ਹੈ ਅਤੇ ਉਸ ਦੇ ਸਾਰੇ ਪੇਪਰ ਜਬਤ ਹੋ ਗਏ ਹਨ । ਪਰ ਉਹ ਆਪਣੇ ਘਰ ਵਾਲਿਆਂ ਨੂੰ ਇਹ ਗੱਲ ਦੱਸ ਕੇ ਦੁਖੀ ਨਹੀਂ ਕਰਨਾ ਚਾਹੁੰਦਾ ਜਾਂ ਉਹ ਉਸ ਤੇ ਗੁੱਸਾ ਹੋਣਗੇ। ਉਸਨੂੰ ਥੋੜੇ ਪੈਸਿਆਂ ਦੀ ਲੋੜ ਹੈ ਜੋਂ ਉਹ ਛੇਤੀ ਮੋੜ ਦੇਵੇਗਾ। ਉਹ ਸਾਹਮਣੇ ਤੋਂ ਕਿਸੇ ਵਕੀਲ, ਪੁਲਿਸ ਅਫਸਰ ਨਾਲ ਗੱਲ ਕਰਵਾਉਣ ਦਾ ਨਾਟਕ ਵੀ ਕਰਦਾ ਹੈ ਜੋ ਉਸ ਨੂੰ ਬਚਾਉਣ ਲਈ 5 ਤੋਂ 7 ਲੱਖ ਰੁਪਏ ਖਾਤੇ ਵਿੱਚ ਪਾਉਣ ਦੀ ਮੰਗ ਕਰਦਾ ਹੈ। ਕੁਝ ਲੋਕ ਇਨ੍ਹਾਂ ਗੱਲਾਂ ਨੂੰ ਸੱਚ ਸਮਝ ਕੇ ਉਸ ਨੂੰ ਬਚਾਉਣ ਲਈ ਪੈਸੇ ਭੇਜ ਦਿੰਦੇ ਹਨ। ਪਰ ਕੁਝ ਦਿਨ ਬਾਅਦ ਦਵਾਰਾ ਫਿਰ ਹੋਰ ਪੈਸੇ ਦੀ ਮੰਗ ਕੀਤੀ ਜਾਂਦੀ ਹੈ। ਕੁਝ ਲੋਕ ਉਹ ਵੀ ਭੇਜ ਦਿੰਦੇ ਹਨ ਪਰ ਕੁਝ ਇੱਕ ਦੀ ਇਨੇ ਪੈਸੇ ਭੇਜਣ ਦੀ ਪਹੁੰਚ ਨਹੀਂ ਹੁੰਦੀ ਤਾਂ ਗੱਲ ਉਸ ਜਾਣਕਾਰ ਦੇ ਪਰਿਵਾਰ ਨਾਲ ਸਾਂਝੀ ਕਰਨੀ ਪੈਂਦੀ ਹੈ। ਪਰ ਉਥੇ ਜਾ ਕੇ ਪਤਾ ਲੱਗਦਾ ਹੈ ਕਿ ਇਹ ਤਾਂ ਉਹ ਜਾਣਕਾਰ ਨਹੀਂ, ਬਲਕਿ ਕੋਈ ਹੋਰ ਹੀ ਪੈਸੇ ਠੱਗ ਰਿਹਾ ਹੈ। ਇਸ ਤਰ੍ਹਾਂ ਹਰ ਠੱਗ ਦਾ ਤਰੀਕਾ ਵੱਖਰਾ ਹੋ ਸਕਦਾ ਹੈ।

ਇਸ ਤਰ੍ਹਾਂ ਦੀਆਂ ਠੱਗੀਆਂ ਦੀਆਂ ਖਬਰਾਂ ਨਿੱਤ ਦਿਨ ਪੜਨ, ਸੁਨਣ, ਦੇਖਣ ਨੂੰ ਆਮ ਮਿਲਦੀਆਂ ਹਨ। ਪਰ ਫਿਰ ਵੀ ਇਹ ਠੱਗ ਕਿਸੇ ਨਾ ਕਿਸੇ ਅਣਜਾਣ ਵਿਅਕਤੀ ਨੂੰ ਆਪਣੇ ਜਾਲ ਵਿੱਚ ਫਸਾਉਣ ਵਿੱਚ ਕਾਮਯਾਬ ਹੋ ਜਾਂਦੇ ਹਨ ਅਤੇ ਪੈਸੇ ਠੱਗ ਲੈਂਦੇ ਹਨ। ਇਸ ਲਈ ਆਪਣੇ ਜਾਨਣ ਵਾਲੇ, ਦੋਸਤਾਂ, ਮਿੱਤਰਾਂ ਨੂੰ ਇਸ ਦੀ ਜਾਣਕਾਰੀ ਲਾਜਮੀ ਦਿਓ ਤਾਂ ਕਿ ਉਹ ਇਸ ਤਰ੍ਹਾਂ ਠੱਗੀ ਦੇ ਸਿ਼ਕਾਰ ਹੋਣ ਤੋਂ ਬਚ ਸਕਣ। ਆਪਣੀ ਬੈਂਕ ਜਾਣਕਾਰੀ ਜਾਂ ਪੈਸੇ ਭੇਜਣ ਤੋਂ ਪਹਿਲਾਂ ਉਸ ਵਿਅਕਤੀ ਦੀ ਸਚਾਈ ਜਰੂਰ ਜਾਣ ਲਓ। ਕਦੇ ਵੀ ਕਿਸੇ ‘ਤੇ ਅੱਖਾਂ ਬੰਦ ਕਰ ਕੇ ਭਰੋਸਾ ਨਾ ਕਰੋ ਅਤੇ ਲਾਲਚ ਵਿੱਚ ਨਾ ਆਓ, ਕਿਉਂਕਿ ਅਸੀਂ ਬਚਪਨ ਤੋਂ ਪੜਦੇ ਆ ਰਹੇ ਹਾਂ ਕਿ..“ਲਾਲਚ ਬੁਰੀ ਬਲਾ ਹੈ“ ।

**ਚਾਨਣ ਦੀਪ ਸਿੰਘ ਔਲਖ, ਪਿੰਡ ਗੁਰਨੇ ਖੁਰਦ (ਮਾਨਸਾ), ਸੰਪਰਕ : 9876888177**

# ਬਾਪੂ ਦਾ ਮੁੜ੍ਹਕਾ



ਜੱਗਾ ਬਾਹਰੋਂ ਮੋਟਰਸਾਈਕਲ ਤੇ ਡੁੱਗ ਡੁੱਗ ਕਰਦਾ ਵੱਡੇ ਗੇਟ ਤੋਂ ਅੰਦਰ ਆ ਕੇ ਵਿਹੜੇ ਵਿੱਚ ਨਿੰਮ ਹੇਠਾਂ ਖੜ੍ਹ ਕੇ ਦੋ ਕੁ ਪਟਾਕੇ ਪਵਾ ਕੇ ਬੰਦ ਕਰਦਾ ਹੈ।ਸੂਟ ਬੂਟ ਆਏਂ ਪਾਇਆ ਹੋਇਆ ਹੁੰਦਾ ਹੈ ਜਿਵੇਂ ਕਿਤੇ ਵੱਡਾ ਅਫਸਰ ਲੱਗਿਆ ਹੋਇਆ ਹੋਵੇ। ਸਿਰ ਤੋਂ ਵਾਲ ਲਾਈਨਾਂ ਪਾ ਪਾ ਕੇ ਕਟਵਾਏ ਹੋਏ ਹਨ।ਉਸ ਨੂੰ ਦੇਖਦੇ ਸਾਰ ਮਾਂ ਖੁਸ ਹੋ ਜਾਂਦੀ ਹੈ। “ਨੀ , ਮਾਂ ਸਦਕੇ....ਮੇਰਾ ਪੁੱਤ ਆ ਗਿਆ ਕਾਲਜੋਂ ਪੜ੍ਹ ਕੇ ? ਪੁੱਤ ਕੀ ਪੀਣਾ.....ਲੱਸੀ ਜਾਂ ਦੁੱਧ ?“

“ਮੈਂ ਨੀ ਕੁਛ ਪੀਣਾ , ਰੋਟੀ ਖਾਣੀ ਆ,ਕੀ ਬਣਾਇਆ ਬੀਬੀ ?“

“ਪੁੱਤ ਕੱਦੂ ਪਾ ਕੇ ਛੋਲਿਆਂ ਦੀ ਦਾਲ ਬਣਾਈ ਆ,ਬਾਲੀਓ ਸਵਾਦ ਆ....... ਨਾਲੇ ਘਰ ਦੀ ਕੱਢੀ ਮੱਖਣੀ ਆ, ਨਾਲ ਗੰਢਾ ਤੇ ਅੰਬ ਦਾ ਅਚਾਰ ਆ ।“

“ਇਹ ਕਿਹੜੀ ਨਵੀਂ ਗੱਲ ਆ ਬੀਬੀ.......ਇਹੀ ਕੁਛ ਖਾਂਦੇ ਐਡਾ ਹੋ ਗਿਆ......ਕਦੇ ਕੁਛ ਹੋਰ ਵੀ ਬਣਾ ਲਿਆ ਕਰੋ ।“

“ਮਾਂ ਵਾਰੀ...ਮੇਰਾ ਪੁੱਤ ਪੜ੍ਹ ਕੇ ਆਇਆ....ਘਰ ਦੇ ਤੋੜੇ ਨਰਮ ਨਰਮ ਕੱਦੂ ਤੇ ਤੋਰੀਆਂ ਪਈਆਂ, ਤੂੰ ਆਖੇਂ ਤਾਂ ਮੈਂ ਪੰਜ ਮਿੰਟ ਵਿੱਚ ਬਣਾ ਦਿੰਨੀਂ ਆਂ ਪੁੱਤ ।“

“ਬੱਸ ਤੁਸੀਂ ਨਾ ਕਦੇ ਆਹ ਤੋਰੀਆਂ ਕੱਦੂਆਂ ਤੋਂ ਬਾਹਰ ਨਿਕਲਿਓ...........। ਬੀਬੀ ਮੇਰੇ ਦੋਸਤ ਕੱਦੂਆਂ ਤੋਂ ਇੱਕ ਪਕੌੜਿਆਂ ਜਿਹਿਆਂ ਵਰਗੀ ਸਬਜੀ ਲੈ ਕੇ ਆਉਂਦੇ ਹੁੰਦੇ ਆ,ਬੜੀਓ ਸਵਾਦ ਹੁੰਦੀ ਆ.... ।“ ਕਹਿਕੇ ਅੰਦਰ ਜਾ ਵੜਨ ਲੱਗਦਾ ਹੈ ਤਾਂ ਉਸ ਦੀ ਬੀਬੀ ਕਹਿੰਦੀ ਹੈ,“ਪੁੱਤ ਓਹਨੂੰ ਤਾਂ ਟੈਮ ਲੱਗੂ ।“

“ ਚੱਲ ਫੇਰ ਕੱਦੂ ਆਲ ਦਾਲ ਨਾਲ ਈ ਦੇ ਦੇ“ , (ਰੋਟੀ ਖਾ ਕੇ ਜੱਗਾ ਕਮਰੇ ਅੰਦਰ ਜਾਂਦਾ ਹੈ। (ਕੁਛ ਯਾਦ ਆਉਣ ਦੇ ਨਾਲ ਹੀ ਬਾਹਰ ਆਉਂਦਾ ਹੈ)

“ਹਾਂ ਸੱਚ ਬੀਬੀ ਮੇਰੇ ਨਾਲ ਦੇ ਮੁੰਡੇ ਕੁੜੀਆਂ ਨੇ ਦੋ ਦਿਨਾਂ ਲਈ ਆਪਣੇ ਪਿੰਡ ਆਉਣਾ ਫੱਨ ਕਰਨ। ਐਵੇਂ ਆਹ ਦੇਸੀ ਜਿਹੇ ਬਣ ਕੇ ਨਾ ਘੁੰਮੀ ਜਾਇਓ... ਹਾਂ ਸੱਚ ਬੀਬੀ.... ਰੋਟੀ ਬਹੁਤੀਓ ਸਵਾਦ ਸੀ ।“ ਕਹਿਕੇ ਹੱਸ ਪੈਂਦਾ ਹੈ ਤੇ ਮਾਂ ਵੀ ਖੁਸ ਹੋ ਜਾਂਦੀ ਹੈ।

“ਪੁੱਤ, ਕਲੋਲਾਂ ਕਰਦਾਂ....ਆਪਾਂ ਦੇਸੀ ਆਂ ਤਾਂ ਦੇਸੀ ਹੀ ਰਹਿਣਾ, ਹੁਣ ਉਹਨਾਂ ਦੇ ਦੋ ਦਿਨਾਂ ਦੀ ਖਾਤਰ ਮੈਂ ਵਲੈਤਣ ਥੋੜ੍ਹਾ ਬਣਜੂੰਗੀ ।“ ਕਹਿਕੇ ਜੱਗੇ ਦੀ ਬੀਬੀ ਹੱਸ ਪੈਂਦੀ ਹੈ।

( ਘੰਟੇ ਕੁ ਬਾਅਦ ਬਾਹਰੋਂ ਬਾਪੂ ਖੇਤਾਂ ਵਿੱਚੋਂ ਆਉਂਦਾ ਹੈ,ਉਸ ਨੇ ਮੋਢੇ ‘ਤੇ ਕਹੀ ਰੱਖੀ ਹੋਈ ਸੀ, ਪਜਾਮਾ ਪੈਰਾਂ ਕੋਲੋਂ ਹੀ ਗੋਲ ਮਟੋਲ ਕਰਕੇ ਗੋਡਿਆਂ ਤੋਂ ਉੱਪਰ ਤੱਕ ਚੜ੍ਹਾਇਆ ਹੋਇਆ ਸੀ, ਪੈਰ ਨੰਗੇ ਗਾਰੇ ਨਾਲ ਗਿੱਟਿਆਂ ਤੋਂ ਉੱਪਰ ਤੱਕ ਲਿਬੜੇ ਹੋਏ ਹਨ,ਮੋਟਰ ਸਾਈਕਲ ਖੜ੍ਹਾ ਦੇਖ ਕੇ ਜੱਗੇ ਦੀ ਮਾਂ ਨੂੰ ਪੁੱਛਦਾ ਹੋਇਆ)

“ਆ ਗਿਆ ਮੇਰਾ ਸੇਰ.......ਕਿੱਥੇ ਆ ਮੇਰਾ ਪੜ੍ਹਾਕੂ ਪੁੱਤ... ? ਦੀਂਹਦਾ ਨ੍ਹੀਂ..... ?“

“ਜੀ ਉਹ ਥੱਕਿਆ ਹੋਇਆ ਸੀ, ਮੈਂ ਈ ਆਖਤਾ ਓਹਨੂੰ ਅਰਾਮ ਕਰ ਲਾ..... ਜਵਾਕ ਦਿਮਾਗ ਖਪਾ ਕੇ ਆਇਆ....... ਖਸਮਾਂ ਨੂੰ ਖਾਣੀਆਂ ਪੜ੍ਹਾਈਆਂ ਕਿਹੜਾ ਸੌਖੀਆਂ ਨੇ ਅੱਜ ਕੱਲ੍ਹ..... ।“ ਜੱਗੇ ਦੀ ਮਾਂ ਬੋਲੀ।

“ਆਹੋ ਆਹੋ...... ਤੂੰ ਤਾਂ ਮੂਹਰਿਓਂ ਆਏਂ ਤਰਫਦਾਰੀ ਕਰਦੀ ਐਂ ਜਿਵੇਂ ਕਿਤੇ ਮੈਂ ਓਹਨੂੰ ਹੁਣੇ ਖੇਤਾਂ ਚ ਵੱਟਾਂ ਪਾਉਣ ਭੇਜਣ ਲੱਗਿਆਂ..... ਜਿੰਨਾਂ ਤੈਨੂੰ ਪਿਆਰਾ ਓਨਾ ਈ ਮੈਨੂੰ ਵੀ ਪਿਆਰਾ.... ਮੈਂ ਕਿਤੇ ਸਿੱਟਿਆ ਹੋਇਆ ।“ ਬਾਪੂ ਬੋਲਿਆ।

“ਚੰਗਾ ਹੁਣ ਬਹੁਤੀ ਵਕਾਲਤ ਨਾ ਦੜ੍ਹਾ ਜੱਗੇ ਦੇ ਬਾਪੂ, ਰੋਟੀ ਖਾ ਲਾ ਚੁੱਪ ਕਰ ਕੇ... ।“ (ਰੋਟੀ ਥਾਲੀ ਵਿੱਚ ਪਾਉਂਦੀ ਹੋਈ ਜੱਗੇ ਦੀ ਮਾਂ)।

(ਬਾਪੂ ਵਿਹੜੇ ਵਿਚਲੇ ਔਲੂ ਵਿੱਚੋਂ ਗੜਬੀ ਨਾਲ ਪਾਣੀ ਕੱਢ ਕੇ ਹੱਥ, ਮੂੰਹ ਤੇ ਪੈਰ ਧੋਂਦਾ ਹੈ)

ਵਿਹੜੇ ਵਿੱਚ ਡਾਹੇ ਮੰਜੇ ਤੇ ਬੈਠ ਕੇ ਬਾਪੂ ਰੋਟੀ ਖਾਂਦਾ ਹੈ ਤੇ ਜੱਗੇ ਦੀ ਮਾਂ ਕੋਲ ਪੀੜ੍ਹੀ ਡਾਹ ਕੇ ਬੈਠਦੀ ਹੈ। ਦੋਵੇਂ ਜਣੇ ਆਪਸ ਵਿੱਚ ਗੱਲਾਂ ਬਾਤਾਂ ਕਰਦੇ ਹਨ ਤੇ ਨਾਲ ਨਾਲ ਪੱਖੀ ਨਾਲ ਝੱਲ ਮਾਰਦੀ ਹੋਈ ਜੱਗੇ ਦੀ ਮਾਂ ਉਸ ਦੇ ਬਾਪੂ ਨੂੰ ਜੱਗੇ ਦੇ ਮਿੱਤਰਾਂ ਦੇ ਆਉਣ ਬਾਰੇ ਦੱਸਦੀ ਹੈ।ਉਸ ਦਾ ਬਾਪੂ ਕਹਿੰਦਾ ਹੈ ਕਿ ਉਹ ਤਾਂ ਦੋ ਦਿਨ ਮੋਟਰ ਤੇ ਹੀ ਸੌਂ ਜਾਊ। ਜਵਾਕ ਇੱਥੇ ਆਪਣਾ ਅਰਾਮਦਾਰੀ ਨਾਲ ਹੱਸਣ ਖੇਡਣ।

ਅਗਲੇ ਦਿਨ ਸਾਮ ਨੂੰ ਜੱਗੇ ਦੇ ਨਾਲ ਪੜ੍ਹਨ ਵਾਲੇ ਕੁੜੀਆਂ ਤੇ ਮੁੰਡੇ ਦੋ ਕਾਰਾਂ ਭਰ ਕੇ ਆ ਗਏ। ਜੱਗੇ ਦੀ ਮਾਂ ਨੇ ਉਹਨਾਂ ਦੀ ਬਹੁਤ ਖਾਤਰਦਾਰੀ ਕੀਤੀ। ਉਹਨਾਂ ਨੂੰ ਗਰਮ ਗਰਮ ਪਕੌੜੇ ਆਪ ਕੱਢ ਕੇ ਖਵਾਏ, ਨਾਲ ਚਾਹ ਵੀ ਬਣਾ ਕੇ ਦਿੱਤੀ । ਜੱਗੇ ਤੋਂ ਪਿੰਡ ਦੇ ਮੋੜ ਤੋਂ ਗਰਮ ਗਰਮ ਜਲੇਬੀਆਂ ਮੰਗਵਾ ਕੇ ਖਵਾਈਆਂ। ਸਾਰੇ ਬਹੁਤ ਖੁਸ ਸਨ ।ਉਹ ਸਹਿਰੀ ਮਾਹੌਲ ਵਾਲੇ ਜਵਾਕ ਸਨ,ਉਹ ਪਿੰਡ ਦੀ ਇੱਕ ਇੱਕ ਚੀਜ ਨੂੰ ਗਹੁ ਨਾਲ ਦੇਖ ਦੇਖ ਕੇ ਖੁਸ ਹੋ ਰਹੇ ਸਨ। ਸਾਮ ਨੂੰ ਜੱਗੇ ਦੀ ਬੀਬੀ ਨੇ ਆਖਿਆ,“ਪੁੱਤ , ਤੂੰ ਇਹਨਾਂ ਨੂੰ ਮੋਟਰ ਤੇ ਘੁਮਾ ਫਿਰਾ ਲਿਆ,ਗਰਮੀ ਬਹੁਤ ਆ ਜਦ ਤੱਕ ਮੈਂ ਥੋਡੇ ਸਭ ਲਈ ਰਾਤ ਦੀ ਰੋਟੀ ਬਣਾ ਕੇ ਰੱਖਦੀ ਆਂ ।“

(ਜੱਗਾ ਆਪਣੇ ਸਾਥੀਆਂ ਨੂੰ ਮੋਟਰ ਤੇ ਘੁੰਮਾਉਣ ਚਲਿਆ ਗਿਆ)

ਸਾਰੇ ਮੁੰਡੇ ਟਿਊਬਵੈੱਲ ਤੇ ਬਣੇ ਔਲੂ ਵਿੱਚ ਨਹਾ ਰਹੇ ਸਨ , ਤਾਜੇ ਠੰਡੇ ਪਾਣੀ ਦੇ ਨਜਾਰੇ ਮਾਣ ਰਹੇ ਸਨ। ਜੱਗੇ ਦਾ ਬਾਪੂ ਮੁੜ੍ਹਕੋ ਮੁੜ੍ਹਕਾ ਹੋਇਆ ਪਾਣੀ ਦਾ ਨੱਕਾ ਦੂਜੇ ਖੇਤ ਵੱਲ ਨੂੰ ਮੋੜਨ ਲਈ ਕਹੀ ਲੈ ਕੇ ਮੋਟਰ ਕੋਲ ਆਇਆ ਤਾਂ ਮੋਟਰ ਕੋਲ ਲਾਈ ਬਗੀਚੀ ਵਿੱਚ ਘੁੰਮਦੀਆਂ ਕੁੜੀਆਂ ਕੋਲੋਂ ਦੀ ਲੰਘਿਆ ਤਾਂ ਇੱਕ ਸਹਿਰਨ ਕੁੜੀ ਜੱਗੇ ਨੂੰ ਉੱਚੀ ਦੇਣੇ ਹਾਕ ਮਾਰਕੇ ਆਖਣ ਲੱਗੀ,“ਜਗਮੀਤ,ਯਹ ਤੁਮਾਰੇ ਨੌਕਰ ਕੋ ਬਿਲਕੁਲ ਤਮੀਜ ਨਹੀਂ ਹੈ,ਹਮ ਗਾਰਡਨ ਮੇਂ ਇਨਜੁਆਏ ਕਰ ਰਹੇ ਹੈਂ, ਯਹ ਇਧਰ ਇਤਨੇ ਗੰਦੇ ਪਸੀਨੇ ਕੀ ਬਦਬੂ ਵਾਲੇ ਕੱਪੜੇ ਪਹਿਨ ਕਰ ਘੂਮ ਰਹਾ ਹੈ।ਯਾਰ ...ਤੁਮ ਲੋਗ ਇਨ ਕੋ ਥੋੜੀ ਅਕਲ ਦੋ , ਸਫਾਈ ਕਾ ਬਿਲਕੁਲ ਧਿਆਨ ਨਹੀਂ ਰਖਤੇ ਯਹ ਲੋਗ ।“

ਜੱਗਾ ਆਪਣੇ ਬਾਪੂ ਬਾਰੇ ਆਖੀ ਉਸ ਕੁੜੀ ਦੀ ਗੱਲ ਸੁਣ ਕੇ ਉਸ ਦਾ ਕਾਲਜਾ ਮੂੰਹ ਨੂੰ ਆ ਗਿਆ ਤੇ ਉੱਥੋਂ ਹੀ ਬੋਲਿਆ,“ਏ ਸੋਨੀਆ ! ਇਹ ਸਾਡਾ ਨੌਕਰ ਨਹੀਂ,ਆਹ ਖੇਤਾਂ ਦਾ ਮਾਲਕ ਐ.... ਜਿਹੜੇ ਨਿੱਤ ਨਵੇਂ ਨਵੇਂ ਖਾਣੇ ਟੇਬਲਾਂ ਤੇ ਬਹਿ ਕੇ ਖਾਂਦੇ ਓਂ,ਉਹ ਇਹਨਾਂ ਦੀ ਐਸੇ ਪਸੀਨੇ ਨਾਲ ਉੱਗ ਕੇ ਪਹੁੰਚਦੇ ਆ ਥੋਡੇ ਤੱਕ ।“

“ ਜਗਮੀਤ ਤੁਮ ਕਿਆ ਬੋਲ ਰਹੇ ਹੋ,ਮੁਝੇ ਤੋ ਕੁਛ ਸਮਝ ਨਹੀਂ ਆ ਰਹਾ ।“ ਉਹ ਕੁੜੀ ਬੋਲੀ।

“ਸੋਨੀਆ,ਇਹ ਮੇਰੇ ਬਾਪੂ ਜੀ ਹਨ, ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋ ਕੇ ਹੀ ਫਸਲਾਂ ਉੱਗਦੀਆਂ ਹਨ ।ਇਸ ਮਿੱਟੀ ਵਿੱਚ ਮੇਰੇ ਬਾਪੂ ਦਾ ਪਤਾ ਨਹੀਂ ਕਿੰਨਾ ਮੁੜ੍ਹਕਾ ਮਿਲਿਆ ਹੋਇਆ ।“

“ਓ,ਸੌਰੀ.... ਜਗਮੀਤ.... ਮੇਰੇ ਸੇ ਗਲਤੀ ਹੋ ਗਈ ।(ਜੱਗੇ ਦੇ ਬਾਪੂ ਕੋਲ ਜਾ ਕੇ) ਅੰਕਲ ਜੀ ਸੌਰੀ , ਮੈਨੇਂ ਆਪ ਕੋ ਗਲਤ ਬੋਲ ਦੀਆ ।“

“ ਕੋਈ ਨਾ ਪੁੱਤਰਾ .... ਅਸੀਂ ਨੀ ਗੁੱਸਾ ਕਰਦੇ, ਤੁਸੀਂ ਸਹਿਰੀ ਲੋਕਾਂ ਨੂੰ ਪਿੰਡ ਦੀਆਂ ਗੱਲਾਂ ਬਾਰੇ ਪਿੰਡ ਆ ਕੇ ਈ ਪਤਾ ਲੱਗੂ। ਤੇਰੀ ਇਸ ਗੱਲ ਨੇ ਤਾਂ ਮੈਨੂੰ ਮੇਰੇ ਪੁੱਤ ਦੀ ਅਸਲੀਅਤ ਦੱਸ ਦਿੱਤੀ ਕਿ ਉਸ ਨੂੰ ਆਪਣੇ ਬਾਪੂ ਦੇ ਮੁੜ੍ਹਕੇ ਦੀ ਕੀਮਤ ਪਤਾ ਹੈ ।ਨਹੀ ਤਾਂ ਮੈਂ ਮਨ ਵਿੱਚ ਡਰ ਪਾਲੀ ਬੈਠਾ ਸੀ ਕਿ ਆਹ ਫੈਸਨ ਜਿਹੇ ਕਰਕੇ ਕਾਲਜ ਜਾਂਦਾ ਕਿਤੇ ਮੇਰਾ ਮੁੰਡਾ ਹੱਥਾਂ ਚੋਂ ਤਾਂ ਨੀ ਨਿਕਲ ਗਿਆ ।“ ਕਹਿਕੇ ਜੱਗੇ ਦਾ ਬਾਪੂ ਅੰਦਰੋਂ ਉੱਠੀ ਸੱਚੀ ਖੁਸੀ ਦਾ ਪ੍ਰਗਟਾਵਾ ਕਰਦਾ ਹੋਇਆ ਠਹਾਕਾ ਮਾਰਦਾ ਹੈ ।ਜੱਗੇ ਦੇ ਸਾਰੇ ਦੋਸਤ ਵੀ ਉਸ ਨਾਲ ਹੱਸਣ ਲੱਗਦੇ ਹਨ। ਜੱਗਾ ਕਹਿੰਦਾ ਹੈ,“ਬਾਪੂ,ਆ ਸੂਟ ਬੂਟ ਪਾ ਕੇ ਵੀ ਤੇਰੇ ਸਿਰ ਤੇ ਈ ਐਸਾਂ ਕਰਦਾਂ..... ਤੂੰ ਮੇਰਾ ਦਿਲ ਖੋਲ੍ਹ ਕੇ ਤਾਂ ਦੇਖ, ਤੇਰੇ ਮੁੜ੍ਹਕੇ ਦੀ ਖੁਸਬੋਈ ਨਾਲ ਮਹਿਕਾਂ ਮਾਰਦਾ ।“ ਦੋਵੇਂ ਬਾਪ ਬੇਟਾ ਘੁੱਟ ਕੇ ਜੱਫੀ ਪਾ ਲੈਂਦੇ ਹਨ। ਸਾਰੇ ਦੋਸਤ ਉਹਨਾਂ ਨੂੰ ਦੇਖ ਕੇ ਭਾਵੁਕ ਹੋ ਜਾਂਦੇ ਹਨ।

**ਬਰਜਿੰਦਰ ਕੌਰ ਬਿਸਰਾਓ...**
**9988901324**

# ਕੀ ਤੁਸੀਂ ਵੀ ਵੇਖੀ ਹੈ ਸੁੰਨੇ ਰਸਤੇ ‘ਤੇ ਲੱਗੀ ਨਕਲੀ ਸਬੀਲ ?

ਪਿਆਸੇ ਨੂੰ ਪਾਣੀ ਪਿਲਾਓਣਾ ਬਹੁਤ ਵੱਡੇ ਪੁੰਨ ਦਾ ਕਾਰਜ ਹੁੰਦਾ ਹੈ। ਅੱਜ ਕੱਲ੍ਹ ਦੇ ਦਿਨਾਂ ਵਿੱਚ ਸ਼੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਠੰਢੇ ਮਿੱਠੇ ਪਾਣੀ ਦੀਆਂ ਸਬੀਲਾਂ ਸੰਗਤਾਂ ਵੱਲੋਂ ਆਮ ਲਗਾਈਆਂ ਜਾਂਦੀਆਂ ਹਨ। ਜਿਨ੍ਹਾਂ ਵਿੱਚ ਤਪਦੀ ਗਰਮੀ ਵਿੱਚ ਸਫਰ ਕਰਦੇ ਮੁਸਾਫਰਾਂ ਨੂੰ ਠੰਢਾ ਮਿੱਠਾ ਪਾਣੀ ਪਿਲਾਉਣ ਦੀ ਸੇਵਾ ਬੜੇ ਸੇਵਾ ਭਾਵਨਾ ਨਾਲ ਕੀਤੀ ਜਾਂਦੀ ਹੈ। ਪਰ ਇਸ ਸੇਵਾ ਕਾਰਜ ਦੀ ਆੜ ਲੈ ਕੇ ਕੁਝ ਗਲਤ ਅਨਸਰਾਂ ਵੱਲੋਂ ਸੁੰਨੇ ਰਸਤਿਆਂ ਉੱਤੇ ਨਕਲੀ ਸਬੀਲਾਂ ਵੀ ਲਗਾਈਆਂ ਗਈਆਂ ਵੇਖੀਆਂ ਜਾ ਰਹੀਆਂ ਹਨ ਜੋ ਇੱਕ ਟੱਬ, ਇੱਕ-ਦੋ ਜੱਗ ਅਤੇ ਪੰਜ-ਸੱਤ ਗਲਾਸ ਰੱਖ ਕੇ, ਅੱਧ ਮਿੱਠਾ, ਕੋਸਾ ਜਿਹਾ ਪਾਣੀ ਤਿਆਰ ਰੱਖਦੇ ਹਨ। ਉਹ ਪਹਿਲਾਂ ਉਥੋਂ ਲੰਘ ਰਹੇ ਰਾਹਗੀਰ ਨੂੰ ਪੂਰਾ ਜੋਰ ਲਾ ਕੇ ਰੋਕਦੇ ਹਨ ਅਤੇ ਪਾਣੀ ਦਾ ਗਿਲਾਸ ਫੜਾਉਂਦੇ ਹਨ। ਹਾਲੇ ਰਾਹਗੀਰ ਨੇ ਮਸਾਂ ਅੱਧਾ ਗਲਾਸ ਪਾਣੀ ਪੀਤਾ ਹੁੰਦਾ ਹੈ ਤਾਂ ਉਹ ਬੜੀ ਨਿਮਰਤਾ ਨਾਲ ਆਖਦੇ ਹਨ ਕਿ ਸਾਡੇ ਕੋਲ ਸਰਬਤ ਮੁੱਕ ਗਿਆ ਹੈ ਜਾਂ ਖੰਡ, ਬਰਫ ਆਦਿ ਮੁੱਕੀ ਹੋਈ ਹੈ, ਤੁਸੀਂ ਸੇਵਾ ਕਰਕੇ ਜਾਓ ਭਾਵ ਦੋ-ਚਾਰ ਸੌ ਰੁਪਏ ਦੇ ਕੇ ਜਾਓ ਤਾਂ ਕਿ ਸਾਮ ਤੱਕ ਸਬੀਲ ਚਲਾਈ ਜਾ ਸਕੇ। ਗਰਮੀ ਦਾ ਝੰਬਿਆ ਰਾਹਗੀਰ ਪਾਣੀ ਪੀਣ ਰੁੱਕ ਤਾਂ ਜਾਂਦਾ ਹੈ ਪਰ ਉਨ੍ਹਾਂ ਦੀ ਇਸ ਬੇਨਤੀ ਤੋਂ ਬਾਅਦ ਉਨ੍ਹਾਂ ਦੀਆਂ ਸਕਲਾਂ ਅਤੇ ਉਨ੍ਹਾਂ ਦੇ ਸਮਾਨ ਨੂੰ ਵੇਖ ਕੇ ਸਭ ਕੁਝ ਸਮਝ ਜਾਂਦਾ ਹੈ ਅਤੇ 100-200 ਦੇ ਕੇ ਉਥੋਂ ਖਿਸਕਣ ਵਿੱਚ ਹੀ ਭਲਾਈ ਮਹਿਸੂਸ ਕਰਦਾ ਹੈ। ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਇਹ ਗਲਤ ਅਨਸਰ ਇਕੱਠੇ ਹੋਏ ਪੈਸਿਆਂ ਨਾਲ ਸਰਬਤ ਦੀਆਂ ਬੋਤਲਾਂ ਲਿਆਉਂਦੇ ਹੋਣਗੇ ਜਾਂ ਕਿਸੇ ਹੋਰ ਤਰ੍ਹਾਂ ਦੀਆਂ ਬੋਤਲਾਂ ਦਾ ਪ੍ਰਬੰਧ ਕਰਦੇ ਹੋਣਗੇ। ਖਦਸਾ ਹੈ ਕਿ ਮੌਕਾ ਵੇਖ ਕੇ ਲੁੱਟ ਖੋਹ ਵੀ ਲਾਜਮੀ ਕਰਦੇ ਹੋਣਗੇ। ਇਨ੍ਹਾਂ ਨਕਲੀ ਸਬੀਲਾਂ ਦੀ ਪਹਿਚਾਣ ਇਹ ਹੈ ਕਿ ਇਹ ਆਬਾਦੀ ਵਾਲੀ ਥਾਂ ਉਤੇ ਨਹੀਂ ਸਗੋਂ ਸੁੰਨੇ ਰਸਤਿਆਂ ਉੱਤੇ ਲੱਗੀਆਂ ਹੁੰਦੀਆਂ ਹਨ। ਸਬੀਲ ਉਤੇ ਸੀਮਤ ਜਿਹਾ ਸਮਾਨ ਹੋਵੇਗਾ ਅਤੇ ਉਥੇ 2-3 ਤੋਂ ਵੱਧ ਵਿਅਕਤੀ ਨਹੀਂ ਹੋਣਗੇ। ਇਸ ਤਰ੍ਹਾਂ ਦੀਆਂ ਸਬੀਲਾਂ ਤੇ ਰੁਕਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਸਥਾਨਕ ਬਸਿ਼ੰਦਿਆਂ ਨੂੰ ਵੀ ਇਸ ਤਰ੍ਹਾਂ ਦੀ ਨਕਲੀ ਸਬੀਲ ਬਾਰੇ ਘੋਖ ਪੜਤਾਲ ਜਰੂਰ ਕਰਨੀ ਚਾਹੀਦੀ ਹੈ ਤਾਂ ਕਿ ਸਬੀਲ ਦੀ ਮਹਾਨ ਪਰੰਪਰਾ ਨੂੰ ਕੁਝ ਗਲਤ ਅਨਸਰਾਂ ਵੱਲੋਂ ਆਪਣੇ ਘਟੀਆ ਮਨਸੂਬਿਆਂ ਤਹਿਤ ਬਦਨਾਮ ਨਾ ਕੀਤਾ ਜਾ ਸਕੇ।

# ਜੇਠ ਮਹੀਨੇ ਵਗਦੀ ਲੂੰ !



**ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥**
**ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥**
**ਧਨੁ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥**
**ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥**
**ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥**
**ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭ ॥(ਪੰਨਾ ੧੧੦੮)**

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਜੇਠ ਦੇ ਮਹੀਨੇ ਦੀ ਤਪਸ਼ ਵਿਚ ਜੋ ਵੀ ਮਨੁੱਖ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰਕੇ ਉਸ ਨੂੰ ਆਪਣੇ ਮਨ ਵਿਚ ਵਸਾ ਲੈਂਦਾ ਹੈ, ਉਸ ਨੂੰ ਹਿਰਦੇ ਵਿਚ ਅਨੁਭਵ ਕਰ ਲੈਂਦਾ ਹੈ, ਉਹ ਉਸ ਅਕਾਲ ਪੁਰਖ ਦਾ ਹੀ ਸਰੂਪ ਹੋ ਜਾਂਦਾ ਹੈ, ਫਿਰ ਉਸ ਨੂੰ ਕੋਈ ਤਪਸ਼ ਨਹੀਂ ਪੋਂਹਦੀ।

ਅਜਿਹੇ ਜੀਵ ਨੂੰ ਉਸ ਅਕਾਲ ਪੁਰਖ ਦੀ ਸਿਰਜੀ ਹਰ ਰੁੱਤ, ਹਰ ਮੌਸਮ ਚੰਗਾ ਲੱਗਦਾ ਹੈ।ਨਾਨਕਸ਼ਾਹੀ ਜੰਤਰੀ ਦੇ ਹਿਸਾਬ ਨਾਲ ਜੇਠ ਦਾ ਮਹੀਨਾ ਸਾਲ ਦੇ ਦੇਸੀ ਮਹੀਨਿਆਂ ਦਾ ਤੀਜਾ ਮਹੀਨਾ ਹੈ।ਸਾਲ ਦਾ ਹਰ ਮਹੀਨਾ ਆਪਣੇ ਨਾਲ ਨਵੀਂ ਰੁੱਤ ਤੇ ਨਵੀ ਮੋਸਮੀ ਤਬਦੀਲੀ ‘ਲੈ ਕੇ ਆਉਂਦਾ ਹੈ।ਹਰ ਮਹੀਨੇ, ਹਰ ਰੁੱਤ, ਆਪਣੇ ਆਪ ਵਿਚ ਖਾਸ ਹੁੰਦਾ ਹੈ।ਜੇਠ ਦਾ ਮਹੀਨਾ ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਅੱਧ ਮਈ ਤੋਂ ਸ਼ੁਰੂ ਹੋ ਅੱਧ ਜੂਨ ਤੱਕ ਦਾ ਹੁੰਦਾ ਹੈ।ਜੇਠ ਦਾ ਮਹੀਨਾ 31 ਦਿਨ ਦਾ ਮਹੀਨਾ ਆਪਣੇ ਆਪ ‘ਚ ਗਰਮ ਮਹੀਨਾ ਹੁੰਦਾ ਹੈ।ਇਸ ਮਹੀਨੇ ਧਰਤ ਦੀ ਹਿੱਕ ਤੇ ਬੇਪ੍ਰਵਾਹ ਜਹੇ ਖੜੇ ਅੰਬਾਂ ਦੇ ਰੁੱਖਾਂ ਤੇ ਲੱਗੀਆਂ ਅੰਬੀਆਂ ਸੂਰਜ ਦੀ ਪਹਿਲੀ ਕਿਰਨ ਨਾਲ ਹੀ ‘ਪਹੁ ਫੁੱਟਦਿਆਂ ਸਾਰ’ ਚਉ ਪਾਸੇ ਮਹਿਕਾਂ ਫੈਲੀਆ ਰਹੀਆਂ ਹੁੰਦੀਆ ਹਨ।ਕੁਦਰਤ ਦੀ ਕਾਇਨਾਤ ‘ਚ ਮਿੰਨੀ-ਮਿੰਨੀ ਵਗਦੀ ‘ਲੂ ‘ਚ ਝੁਲਦੇ ਲੀਚੀਆਂ, ਆੜੂਆਂ ਤੇ ਅਨਾਰਾਂ ਦੇ ਰੁੱਖ ਧਰਤ ਦਾ ਰੂਪ ਸ਼ਿੰਗਾਰਦੇ ਨਜ਼ਰ ਆਉਂਦੇ ਹਨ।ਜੇਠ ਦੇ ਮਹੀਨੇ ਨੂੰ ਲੂਆਂ ਦਾ ਮਹੀਨਾ ਵੀ ਕਿਹਾ ਜਾਂਦਾ ਹੈ।

ਜੇਠ ਮਹੀਨੇ ਸੂਰਜ ਦੇ ਤੇਜ਼ ਤਪਸ਼ ਆਪਣਾ ਅਸਰ ਹਰ ਪਸ਼ੂ,ਪੰਛੀ,ਰੁੱਖ ਅਤੇ ਮਨੁੱਖ ਤੇ ਦਿਖਾਉਂਦੀ ਹੈ। ਇਸ ਮੌਸਮ ‘ਚ ਵਗਦੀ ‘ਲੂੰ ਫੁੱਲ, ਪੱਤੀਆਂ ਅਤੇ ਮਨੁੱਖੀ ਸਰੀਰਾਂ ਨੂੰ ਜਦੋਂ ‘ਛੂਹ ਕੇ ਲੰਘਦੀ ਤਾਂ ਇਕ ਵਾਰ ਤਾਂ ਜੇਠ ਮਹੀਨਾ ਆਪਣੇ ਗਰਮ ਸੁਭਾ ਦਾ ਅਹਿਸਾਸ ਕਰਵਾ ਜਾਂਦਾ।ਇਉਂ ਜਾਪਦਾ ਕਿ ਜੇਠ ਮਹੀਨੇ ਸੂਰਜ ਦੀ ਤੇਜ਼ ਤਪਸ਼ ‘ਚ ਤਪਦੀ ਧਰਤੀ ਦੀ ਰੂਹ ਵੀ ਪਾਣੀ-ਪਾਣੀ ਕੁਰਲਾਉਂਦੀ ਹੋਵੇ।ਸੱਥਾਂ ਵਿਚ ਲੱਗੇ ਪਿੱਪਲ,ਬੋਹੜ ਦੀਆ ਛਾਵਾਂ ‘ਚ ਬੈਠੇ ਲੋਕ ਭੱਠ ਵਾਂਗੂੰ ਤਪਦੀ ਧਰਤੀ ਨੂੰ ਵੇਖ, ਪ੍ਰਮਾਤਮਾ ਨੂੰ ਛਿੱਟ ਮੀਂਹ ਦੀ ਪਾਉਂਣ ਦੀ ਅਰਜੋਈ ਕਰਦੇ ਨਜ਼ਰ ਆਉਂਦੇ।ਜੇਠ ਦੇ ਮਹੀਨੇ ਚਉਂ ਪਾਸੀ ਵਗਦੀ ‘ਲੂੰ ਕਾਰਨ ਟੋਬੇ,ਖ਼ੂਹ ਸੁੱਕਣ ਕੰਡੇ ‘ਆ ਪੁੱਜਦੇ।ਜੇ ਕਿਤੇ ਜੇਠ ਮਹੀਨੇ ਕਿਤੇ ਇਕ-ਦੋ ਮੀਂਹ ‘ਪੈ ਜਾਣ ਤਾਂ ਪਸ਼ੂ, ਪੰਛੀ ਤੇ ਮਨੁੱਖ ਜੇਠ ਮਹੀਨੇ ਦੀ ਗਰਮੀ ਨੂੰ ਭੁੱਲ ਕੁਝ ਸਮੇਂ ਲਈ ਠੰਡੇ ਬੁੱਲਿਆਂ ਦਾ ਅਨੰਦਰ ਮਾਣਦੇ ਨਜ਼ਰੀ ਪੈਂਦੇ ਹਨ।ਇਹ ਜੇਠ ਦਾ ਮਹੀਨਾ ਸਦਾ ਤੋਂ ਅਜਿਹਾ ਨਹੀ ਸੀ, ਇਨ੍ਹਾਂ ਕਰੜਾ, ਇਨ੍ਹਾਂ ਰੁੱਖਾ ਤੇ ਇਨ੍ਹਾਂ ਲੂਆਂ ਭਰਿਆ, ਜੇ ਕਹਿ ਲਈਏ ਕਿ ‘ਜਹਿ ਲੋਕ ਤਹੀਆਂ ਰੁੱਤਾਂ’ ਕਿਉਂ ਕਿ ਮਨੁੱਖ ਨੇ ਆਪਣੇ ਸੁਆਰਥ ਲਈ ਕੁਦਰਤ ਨਾਲ ਜਦੋਂ ਤੋਂ ਛੇੜ-ਛਾੜ ਕਰਨੀ ਸ਼ੁਰੂ ਕੀਤੀ ਬਸ ਉਦੋ ਤੋਂ ਹੀ ਮੌਸਮੀ ਚੱਕਰ ‘ਚ ਆਈ ਤਬਦੀਲੀ ਨੇ ਰੁੱਤਾਂ ਦਾ ਸੁਭਾਅ ਵੀ ਬਦਲ ਦਿੱਤਾ।

ਜੇਠ ਦੇ ਮਹੀਨੇ ਜਿੱਥੇ ਹਰ ਪਾਸੇ ਵਗਦੀ ‘ਲੂੰ ਨੇ ਮਨੁੱਖੀ ਚੇਹਰਿਆਂ ਤੋਂ ਰੌਣਕ ਉਡਾਈ ਹੁੰਦੀ ਹੈ ਉੱਥੇ ਹੀ ਅਮਲਤਲਾਸ ਤੇ ਗੁਲਮੋਹਰ ਜਹੇ ਰੁੱਖਾਂ ਤੇ ਇਉਂ ਜਾਪਦਾ ਜਿਵੇਂ ਜੇਠ ਮਹੀਨੇ ਬਾਹਰ ਰੁੱਤ ਮੁਹੱਬਤ ਦੀ ਬਾਤ ਪਾਉਣ ਆਈ ਹੋਵੇ, ਇਸੇ ਨੂੰ ਹੀ ਤਾਂ ਕੁਦਰਤ ਕਹਿੰਦੇ ਨੇ, ਤੇ ਇਸੇ ਨੂੰ ਕੁਦਰਤ ਦੇ ਰੰਗ। ਜੇਠ ਦੇ ਮਹੀਨੇ ਅਮਲਤਲਾਸ ਦੇ ਰੁੱਖਾਂ ਤੇ ਖਿੜੇ ਪੀਲੇ, ਕੇਸਰੀ ਰੰਗਾ ਦੇ ਫੁੱਲ ਇਸ ਜੇਠ ਮਹੀਨੇ ਦੇ ਤਪਸ਼ ਭਰੇ ਮਾਹੌਲ ‘ਚ ਵੀ ਮਨੁੱਖੀ ਮਨਾ ਨੂੰ ਮੋਹ ਲੈਂਦੇ ਹਨ।ਜੇਠ ਮਹੀਨਾ ਚੜ੍ਹਦੇ ਹੀ ਇਹ ਅਮਲਤਲਾਸ ਦਾ ਖ਼ੂਬਸੂਰਤ ਰੁੱਖ ਫੁੱਲਾਂ ਨਾਲ ਲੱਦਿਆ ਜਾਂਦਾ ਹੈ। ਜੇਠ ਦੇ ਤਪਦੇ ਮਹੀਨੇ ‘ਚ ਬਾਹਰ ਰੁੱਤ ਦੇ ਰੁੱਖਾਂ ਵਾਂਗੂ ਖਿੜਨ ਤੇ ਗਰਮ ਵਗਦੀਆਂ ਹਵਾਵਾਂ ਨਾਲ ਮੁਹੱਬਤ ਦੀਆ ਬਾਤਾਂ ਪਾਉਣੀਆਂ ਕੋਈ ਅਮਲਤਲਾਸ ਦੇ ਰੁੱਖ ਤੋਂ ਸਿੱਖੇ, ਭੱਠ ਵਾਂਗੂ ਤਪਦੇ ਇਸ ਮਹੀਨੇ ‘ਚ ਅਮਲਤਲਾਸ ਦੇ ਰੁੱਖ ਇਉਂ ਜਾਪਦਾ ਕਿ ਸੰਸਾਰ ਨੂੰ ਸੰਦੇਸ਼ ਦਿੰਦੇ ਹੋਣ ਕਿ ਮੌਸਮ,ਬਹਾਰਾਂ ਤੇ ਜਿੰਦਗੀ ‘ਚ ਉਤਾ-ਚੜ੍ਹਾ ਤਾਂ ਆਉਂਦੇ ਰਹਿੰਦੇ ਹਨ, ਉਨ੍ਹਾਂ ਦੀ ਪ੍ਰਵਾਹ ਕੀਤੇ ਬਿਨਾਂ ਚੱਲਦੇ ਰਹੋ,ਖ਼ੁਸ਼ ਰਹੋ,ਖਿੜੇ ਰਹੋ। ਇਸੇ ਤਰਾਂ ਜਿਵੇਂ ਅਮਲਤਲਾਸ ਦੇ ਰੁੱਖ ਕੁਦਰਤ ‘ਚ ਚਹੁੰ ਪਾਸੀ ਆਪਣੇ ਪੀਲੇ, ਕੇਸਰੀ ਰੰਗਾ ਦੇ ਫੁੱਲ ਰਹੀ ਰੰਗ ਬਿਖੇਰਦੇ ਨਜ਼ਰੀ ਆਉਂਦੇ ਹਨ, ਉੱਥੇ ਹੀ ਗੁਲਮੋਹਰ ਰੁੱਖ ਦੇ ਫੁੱਲ ਵੀ ਜੇਠ ਮਹੀਨੇ ਪੂਰੇ ਜੋਬਨ ਤੇ ਆ ਲਾਲ-ਸੂਹੇ ‘ਹੋ ਕੁਦਰਤ ‘ਚ ਆਪਣਾ ਰੰਗ ਬਿਖਰੇ ਨਜ਼ਰੀ ਆਉਂਦੇ ਹਨ।ਗੁਲਮੋਹਰ ਦੇ ਲਾਲ-ਸੂਹੇ ਫੁਲ ਵੇਖਣ ਵਾਲਿਆਂ ਦੇ ਮਨ-ਮੋਹ ਲੈਂਦੇ ਹਨ।ਜੇਠ ਦੇ ਤਪਦੇ ਮਹੀਨੇ ‘ਚ ਅਮਲਤਲਾਸ ਤੇ ਗੁਲਮੋਹਰ ਦੇ ਰੁੱਖਾਂ ‘ਚ ਘਿਰਿਆ ਮਨੁੱਖ ਜੇਠ ਮਹੀਨੇ ਦੀ ਤਪਸ਼ ਭੁੱਲ ਬਹਾਰ ਰੁੱਤ ਦਾ ਅਨੰਦ ਮਾਣਦਾ ਨਜ਼ਰੀ ਆਉਂਦਾ ਹੈ।

ਜੇਠ ਦੇ ਮਹੀਨੇ ‘ਚ ਕਿਸਾਨ ਅਗਲੀ ਫ਼ਸਲ ਦੀ ਬਿਜਾਈ ਕਰਨ ਦੀ ਵਿਉਂਤਬੰਦੀ ਕਰਦੇ ਹਨ।ਜੇਠ ਦੇ ਮਹੀਨੇ ਖੇਤ ਦੂਰ-ਦੂਰ ਤੱਕ ਜਿਆਦਾਤਰ ਖਾਲੀ ਹੀ ਨਜ਼ਰ ਆਉਂਦੇ ਹਨ, ਦੂਰ-ਦੂਰ ਤੱਕ ਖਾਲੀ ਪਏ ਖੇਤਾਂ ਦਾ ਕਾਰਨ ਇਕ ਇਹ ਵੀ ਹੈ ਕਿ ਮੌਜੂਦਾ ਸਮੇਂ ਕਿਸਾਨ ਦੋ ਹੀ ਮੁੱਖ ਫ਼ਸਲਾਂ ਦੀ ਬਿਜਾਈ ਕਰਦੇ ਹਨ, ਇਕ ਕਣਕ ਤੇ ਦੂਜੀ ਜ਼ੀਰੀ, ਜੇ ਕਿਤੇ ਨਾਲ ਹੋਰ ਫਸਲਾਂ ਦੀ ਬਿਜਾਈ ਵੀ ਕੀਤੀ ਜਾਵੇ ਤਾਂ ਜੇਠ ਦੇ ਮਹੀਨੇ ‘ਚ ਦੂਰ-ਦੂਰ ਤੱਕ ਖੇਤ ਇਉਂ ਖਾਲੀ ਨਜ਼ਰੀ ਨਾ ਆਉਣ ਨਾਲ ਹੀ ਧਰਤੀ ਦੀ ਤਪਸ਼ ਘਟਾਉਣ ਲਈ ਸਾਨੂੰ ਇਸ ਕਣਕ,ਜ਼ੀਰੀ ਦੇ ਫਸਲੀ ਚੱਕਰ ‘ਚੋਂ ਨਿਕਲ ਹੋਰ ਮੌਸਮੀ ਫਸਲਾਂ ਦੀ ਪੈਦਾਵਾਰ ਵਧਾਉਣੀ ਪਵੇਗੀ।ਜਿਸ ਦੇ ਨਤੀਜੇ ਵਜੋਂ ਧਰਤੀ ਦੀ ਤਪਸ਼ ਘਟੇਗੀ, ਪਾਣੀ ਦੀ ਵਰਤੋਂ ਘਟੇਗੀ ਅਤੇ ਤੇਜੀ ਨਾਲ ਮੌਸਮੀ ਬਦਲਾਓ ‘ਚ ਆਉਂਦੀ ਖ਼ਤਰਨਾਕ ਤਬਦੀਲੀ ਘਟੇਗੀ, ਸੋ ਖ਼ਤਰਨਾਕ ਮੌਸਮੀ ਬਦਲਾ ਨੂੰ ਰੋਕਣ ਲਈ ਸਾਨੂੰ ਖੁਦ ਨੂੰ ਬਦਲਣਾ ਪਵੇਗਾ।ਕੁਦਰਤ ਨਾਲ ਛੇੜਛਾੜ ਕਰਨੀ ਬੰਦ ਕਰਨੀ ਹੋਵੇਗੀ, ਕੁਦਰਤੀ ਸਰੋਤਾਂ ਦਾ ਦੁਰਉਪਯੋਗ ਬੰਦ ਕਰਨਾ ਹੋਵੇਗਾ ਤਾਂ ਜੋ ਕੋਈ ਵੀ ਮਹੀਨਾ ਮੌਸਮੀ ਤਬਦੀਲੀ ਕਾਰਨ ਆਪਣਾ ਪੁਰਾਤਨ ਵਜੂਦ ਨਾ ਗੁਆ ਬੈਠੇ।

ਇਹ ਵੀ ਦੇਖਣ, ਸੁਨਣ ‘ਚ ਆਇਆ ਹੈ ਕਿ ਪੁਰਾਤਨ ਸਮਿਆਂ ‘ਚ ਜਿਸ ਮਹੀਨੇ ਬੱਚੇ ਨੇ ਜਨਮ ਲੈਣਾ ਤਾਂ ਘਰ ਦੇ ਬਜ਼ੁਰਗਾ ਨੇ ਉਸ ਮਹੀਨੇ ਤੇ ਹੀ ਝੱਟ-ਪੱਟ ਜਨਮ ਲੈਣ ਵਾਲੇ ਬੱਚੇ ਦਾ ਨਾਂਅ ਰੱਖ ਦੇਣਾ ਜਿਵੇਂ ਜੇਠ ਮਹੀਨਾ ਚੱਲ ਰਿਹਾ ਹੈ ਤਾਂ ਜੇਠੂ ਮੱਲ, ਜੇਠਾ ਸਿਉਂ, ਜੇਠੇ ਖਾਂ ਆਦਿ।ਜੇਠ ਮਹੀਨੇ ਦਾ ਪੰਜਾਬੀ ਸੱਭਿਆਚਾਰ ਨਾਲ ਵੀ ਗੂੜ੍ਹਾ ਸਬੰਧ ਹੈ, ਜਿੱਥੇ ‘ਜੇਠ’ ਸ਼ਬਦ ਜੇਠ ਮਹੀਨੇ ਨਾਲ ਸਬੰਧਤ ਹੈ, ਉੱਥੇ ਹੀ ‘ਜੇਠ’ ਸ਼ਬਦ ਸਮਾਜਕ ਰਿਸ਼ਤਿਆਂ ‘ਚ ਵੀ ਕਈ ਥਾਈਂ ਵਰਤਿਆ ਜਾਂਦਾ ਹੈ।ਸਮਾਜਕ ਰਿਸ਼ਤਿਆਂ ‘ਚ ‘ਜੇਠ’ ਸ਼ਬਦ ਦਾ ਸ਼ਾਬਦਿਕ ਅਰਥ ਵੱਡਾ ਹੁੰਦਾ ਹੈ, ਘਰ ‘ਚ ਪਹਿਲੇ ਜਨਮ ਲੈਣ ਵਾਲੇ ਬੱਚੇ ਨੂੰ ਜੇਠਾ ਕਿਹਾ ਜਾਂਦਾ ਜੋ ਅੱਜ ਵੀ ਪ੍ਰਚੱਲਤ ਹੈ। ਇਉਂ ਹੀ ਪੁਰਾਤਨ ਸਮਿਆਂ ‘ਚ ਘਰ ਦੇ ਮੋਢੀ ਪੁਰਸ਼ ਨੂੰ ਵੀ ‘ਜੇਠ’ ਆਖ ਬੁਲਾਇਆ ਜਾਂਦਾ ਸੀ ਅਤੇ ਵਿਆਹੁਤਾ ਜੀਵਨ ਹੰਢਾ ਰਹੀਆਂ ਇਸਤਰੀਆਂ ਦਾ ਆਪਣੇ ਪਤੀ ਦੇ ਵੱਡੇ ਭਰਾ ਨਾਲ ਰਿਸ਼ਤਾ ਵੀ ‘ਜੇਠ’ ਵਾਲਾ ਹੁੰਦਾ ਹੈ, ਤੇ ਨਾਲ ਹੀ ਇਸ ਤਪਦੇ ‘ਜੇਠ ਮਹੀਨੇ’ ਤੋਂ ਤਪੀਆ ਵਿਆਹੁਤਾ ਇਸਤਰੀਆਂ ਜਦੋਂ ਦਾਅ ਲੱਗਦਾ ਆਪਣਾ ਗੁਸਾ-ਗਿਲਾ ਵੀ ਲੋਕ ਬੋਲੀਆਂ ਰਾਹੀਂ ਜੇਠ ਤੇ ਹੀ ਕੱਡਦੀਆਂ ਤੇ ਕਹਿਦੀਆਂ : ਛੜੇ ਜੇਠ ਨੂੰ ਲੱਸੀ ਨਹੀਂ ਦੇਣੀ, ਦਿਉਰ ਭਾਵੇਂ ਮੱਝ ਚੁੰਘ ਜੇ...... ਤੇ ਨਾਲ ਹੀ ਸਤਿਕਾਰ ਵਜੋਂ ਜਦੋਂ ਜੇਠ ਤੋਂ ਘੁੰਡ ਕੱਡਦੀ ਤਾਂ ਨਾਲ ਦੀਆ ਵਿਆਹੁਤਾ ਇਸਤਰੀਆਂ ਕਹਿਦੀਆਂ : ‘ਜੇਠ ਕੋਲੋਂ ਘੁੰਡ ਕੱਢਦੀ ਨੰਗਾ ਰਖਦੀ ਕਲਿੱਪ ਵਾਲਾ ਪਾਸਾ..

ਜੇ ਕਿਧਰੇ ਮੁਹੱਬਤ ਦੀ ਗੱਲ ਕਰੀਏ ਤਾਂ ਜੇਠ ਮਹੀਨੇ ਮੁਹੱਬਤ ਦੀਆ ਹਵਾਵਾਂ,ਮੁਹੱਬਤ ਦੇ ਪਰਿੰਦੇ ਕੀਤੇ ਦੂਰ-ਦੁਰਾਡੇ ਉੱਡ-ਪੁੱਡ ਗਏ ਜਾਪਦੇ ਨੇ, ਤੇ ਮੁੜ ਆਉਣ ਲਈ ਬਹਾਰ ਰੁੱਤ ਨੂੰ ਉਡੀਕਦੇ, ਜੇਠ ਮਹੀਨੇ ਨੂੰ ਕਹਿੰਦੇ ਹੋਣਗੇ ਕਿ: ਜੇਠਾ ‘ਵੇ ਤੂੰ ਕਿਉਂ ਤਪੇਨੈਂ..... ਜਿੱਥੇ ਜੇਠ ਮਹੀਨਾ ਆਪਣੇ ਕੁਦਰਤੀ ਸੁਭਾ ਕਾਰਨ ਗਰਮ ਮਹੀਨਾ ਤਾਂ ਹੁੰਦਾ ਹੀ ਹੈ ਉੱਥੇ ਹੀ ਇਸ ਮਹੀਨੇ ਦੀ ਤਪਸ਼ ਵਧਾਉਣ ‘ਚ ਮਨੁੱਖ ਨੇ ਵੀ ਕੋਈ ਕਸਰ ਬਾਕੀ ਨਹੀ ਛੱਡੀ, ਰੁੱਖਾਂ ਦੀ ਅੰਨੇਵਾਹ ਕਟਾਈ, ਪਾਣੀ ਦੀ ਦੁਰਵਰਤੋਂ,ਇਸੇ ਜੇਠ ਮਹੀਨੇ ਕਣਕ ਦੀ ਕਟਾਈ ਤੋਂ ਮਗਰੋਂ ਪਰਾਲੀ ਦੀ ਰੈਂਦ-ਖੂੰਦ ਨੂੰ ਅੱਗ ਲਗਾ ਵਾਤਾਵਰਨ ਗੰਦਲਾ ਕਰਨ ਦੇ ਨਾਲ-ਨਾਲ ਤਪਸ਼ ਵੀ ਵਧਾ ਰਹੇ ਹਾਂ।ਦੂਜੇ ਪਾਸੇ ਜੇਠ ਮਹੀਨਾ ਚੜ੍ਹਦੇ ਹੀ ਮੋਟਰ ਗੱਡੀਆਂ, ਦਫ਼ਤਰਾ, ਘਰੇਲੂ ਤੇ ਵਪਾਰਕ ਥਾਵਾਂ ਤੇ ਚੱਲਦੇ ਏਅਰਕੰਡੀਸ਼ਨ ਜੋ ਇਨ੍ਹਾਂ ਕੰਕਰੀਟ ਦੀਆ ਇਮਾਰਤਾਂ ਨੂੰ ਤਾਂ ਅੰਦਰੋਂ ਬੇਸ਼ੱਕ ਆਰਜ਼ੀ ਤੋਰ ਤੇ ਠੰਡਾ ਕਰਦੇ ਹਨ ਪ੍ਰੰਤੂ ਬਾਹਰੀ ਤਪਸ਼ ਵਧਾਉਣ ‘ਚ ਆਪਣਾ ਪੂਰਾ ਯੋਗਦਾਨ ਪਾਉਂਦੇ ਹਨ, ਇਹ ਏਅਰਕੰਡੀਸ਼ਨ ਬਾਹਰ ਵੱਲ ਛੱਡਦੇ ਗਰਮ ਹਵਾ ਵਾਤਾਵਰਨ ‘ਚ ਗਰਮੀ ਵਧਾਉਣ ਦਾ ਕੰਮ ਕਰਦੇ ਹਨ ਤੇ ਅਸੀ ਦੋਸ਼ ਕੱਲਾ ਜੇਠ ਮਹੀਨੇ ਨੂੰ ਦਈ ਜਾਂਦੇ ਹਾਂ।ਅਸੀ ਜੇਠ ਮਹੀਨੇ ਦੀ ਤਪਸ਼ ਘਟਾ ਸਕਦੇ ਹਾਂ, ਆਪਣੇ ਆਲੇ;ਦੁਆਲੇ ਰੁੱਖ ਲਗਾ, ਆਪਣੀ ਧਰਤੀ ਤੇ ਜੰਗਲ ਹੇਠ ਰਕਬਾ ਵਧਾ, ਜਿੱਥੇ ਇਕ ਖ਼ੂਬਸੂਰਤ ਵਾਤਾਵਰਨ ਸਿਰਜ ਸਕਦੇ ਹਾਂ ਉੱਥੇ ਹੀ ਤਪੇਦੇਂ ਜੇਠ ਮਹੀਨੇ ਨੂੰ ਕੁਝ ਹੱਦ ਤੱਕ ਠਾਰਣ ਦਾ ਯਤਨ ਵੀ ਕਰ ਸਕਦੇ ਹਾਂ।

**ਹਰਮਨਪ੍ਰੀਤ ਸਿੰਘ,**
**ਸਰਹਿੰਦ, ਜ਼ਿਲ੍ਹਾ: ਫ਼ਤਹਿਗੜ੍ਹ ਸਾਹਿਬ,**
**ਸੰਪਰਕ: 98550 10005**

# ਪੰਜਾਬ ਵਿੱਚ ਔਰਤਾਂ ਨਾਲ ਹੁੰਦੇ ਸ਼ੋਸ਼ਣ ਪ੍ਰਤੀ ਸਾਡੇ ਸਮਾਜ ਦਾ ਫਰਜ਼

ਔਰਤਾਂ ਦੇ ਵਧ ਰਹੇ ਦਿਨੋ ਦਿਨ ਸ਼ੋਸ਼ਣ ਦੀਆਂ ਘਟਨਾਵਾਂ ਅਸੀ ਅਕਸਰ ਰੋਜ ਹੀ ਦੇਖਦੇ ਹਾਂ।ਕੋਈ ਸਮਾਂ ਸੀ ਜਦੋਂ ਪੰਜਾਬ ਵਿੱਚ ਔਰਤਾਂ ਦੀ ਸੁਰੱਖਿਆ ਪ੍ਰਸ਼ਾਸ਼ਣ ਨਹੀਂ ਸਗੋਂ ਸਾਡੇ ਪੰਜਾਬੀ ਸਮਾਜ ਦੁਆਰਾ ਪੰਜਾਬੀਅਤ ਦੀ ਇੱਜਤ ਨੂੰ ਸਮਝ ਕੇ ਕੀਤੀ ਜਾਂਦੀ ਸੀ।ਔਰਤ ਦੀ ਸਥਿਤੀ ਪੁਰਾਣੇ ਪੰਜਾਬ ਵਿੱਚ ਕਿਤੇ ਸੁਰੱਖਿਅਤ ਸੀ।ਮੰਨਦੇ ਹਾਂ ਹਿੰਸਾਂ ਦੰਗਿਆਂ ਵਿੱਚ ਔਰਤਾਂ ਨੂੰ ਬਲੀ ਦਾ ਬਕਰਾ ਬਣਾਇਆ ਗਿਆ ਪਰ ਇਹ ਦੇਣ ਸਰਾਰਤੀ ਤੇ ਹਿੰਸਾਵਾਦਕ ਧੜਿਆਂ ਵਲੋਂ ਕੀਤੀ ਜਾਂਦੀ ਰਹੀ।ਪਰ ਜਿਸ ਤਰਾ ਪੁਰਾਣੇ ਪੰਜਾਬ ਵਿੱਚ ਸ਼ਾਂਤੀ ਤੇ ਔਰਤ ਦੀ ਸ਼ਰਮ ਲੱਜਤ ਤੇ ਉਸ ਵੱਲ ਕੋਈ ਅੱਖ ਭਰਕੇ ਨਹੀਂ ਸੀ ਵੇਖਦਾ ਅੱਜ ਦੇ ਹਲਾਤ ਸਾਡੇ ਪੰਜਾਬ ਦੇ ਅਜਿਹੇ ਹੋ ਚੁੱਕੇ ਹਨ ਆਪਣੇ ਹੀ ਸਕੇ,ਸਕੇ ਨਹੀਂ ਰਹੇ।

ਪੰਜਾਬ ਵਿੱਚ ਪੜਨ ਵਾਲੀਆਂ ਲੜਕੀਆਂ ਦੀ ਦਸ਼ਾ ਤਾ ਹੋਰ ਵੀ ਖਰਾਬ ਹੋ ਚੁੱਕੀ ਹੈ।ਕੋਈ ਵੀ ਲੜਕੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀ ਕਰਦੀ।ਸਕੂਲ,ਕਾਲਜ ਪੜਨ ਵਾਲੀਆਂ ਕੁੜੀਆਂ ਦਾ ਮੁੰਡਿਆਂ ਵੱਲੋ ਪਿੱਛਾ ਕੀਤਾ ਜਾਂਦਾ ਰੋਜ ਰੋਜ ਦੇ ਇਸ ਡਰ ਨੂੰ ਨਾ ਉਹ ਆਪਣੇ ਘਰ ਦੱਸਣ ਦੀ ਹਿੰਮਤ ਕਰਦੀਆਂ ਅਤੇ ਨਾ ਹੀ ਸਮਾਜ ਵਿੱਚ ਇੱਜਤ ਦੇ ਡਰ ਤੋਂ ਉਹਨਾ ਸ਼ਰਾਰਤੀ ਅਨਸਰਾਂ ਦਾ ਵਿਰੋਧ ਕਰ ਪਾਉਂਦੀਆਂ।ਜੇਕਰ ਘਰ ਆਪਣੇ ਨਾਲ ਹੁੰਦੀਆਂ ਇਹਨਾ ਘਟਨਾਵਾਂ ਬਾਰੇ ਦਸਦੀਆਂ ਹਨ ਤਾਂ ਉਹਨਾ ਨੂੰ ਆਪਣੇ ਭਵਿੱਖ ਤੇ ਦੇਖੇ ਸੁਪਨਿਆਂ ਦੇ ਦਰਵਾਜੇ ਹਮੇਸ਼ਾ ਲਈ ਬੰਦ ਹੋ ਜਾਣਗੇ।

ਸਕੂਲ ਕਾਲਜ ਪੜਨ ਵਾਲੀਆਂ ਲੜਕੀਆਂ ਦੇ ਮਾਪੇ ਵੀ ਇਸ ਅਪਰਾਧ ਦੇ ਡਰੋਂ ਆਪਣੀਆਂ ਲੜਕੀਆਂ ਨੂੰ ਪੜਨ ਤੋ ਹਟਾ ਲੈਂਦੇ ਹਨ ਜਦ ਕਿ ਸਾਨੂੰ ਅਜਿਹੇ ਅਨਸਰਾਂ ਦਾ ਵਿਰੋਧ ਕਰਨਾ ਚਾਹੀਦਾ ਹੈ।ਪਰ ਅਸਲ ਵਿੱਚ ਸਮਾਜ ਵਿੱਚ ਇੱਜਤ ਦੀ ਖਾਤਿਰ ਇਕ ਪਰਿਵਾਰ ਆਪਣੀ ਬੇਕਸੂਰ ਲੜਕੀ ਨੂੰ ਉਸਦੇ ਸੁਪਨਿਆਂ ਤੋਂ ਵਾਂਝਾ ਰੱਖ ਦਿੰਦਾ ਹੈ।ਕਿਉਂ ਸਾਡੇ ਸਮਾਜ ਵਿੱਚ ਲੜਕੀਆਂ ਨੂੰ ਡਰ ਤੋਂ ਪੜਨ ਲਈ ਉਚੇਰੀ ਵਿੱਦਿਆ ਲਈ ਅੱਗੇ ਨਹੀ ਲਗਾਇਆ ਜਾਂਦਾ।ਮੈ ਅੱਜ ਵੀ ਅਜਿਹੇ ਬਹੁਤ ਪਰਿਵਾਰ ਦੇਖੇ ਹਨ ਜਿਹਨਾ ਵਿੱਚ ਸਕੂਲ ਦੀ ਪੜਾਈ ਬਾਦ ਕੁੜੀਆਂ ਨੂੰ ਇਹ ਕਹਿਕੇ ਅਗਲੇਰੀ ਪੜਾਈ ਲਈ ਸ਼ਹਿਰ ਦੇ ਕਾਲਜ ਨਹੀਂ ਪੜਨ ਲਗਾਇਆ ਜਾਂਦਾ ਕਿਉਂ ਕਿ ਜਮਾਨਾ ਠੀਕ ਨਹੀਂ,ਕੁੜੀਆਂ ਸੁਰੱਖਿਅਤ ਨਹੀਂ,ਕਾਲਜਾਂ ਦੇ ਮਹੌਲ ਠੀਕ ਨਹੀਂ,ਕੁੜੀਆਂ ਆਪ ਮੁਹਾਰੀਆਂ ਹੋ ਜਾਂਦੀਆਂ।ਇਕ ਕੁੜੀ ਤੇ ਕੀ ਬੀਤਦੀ ਹੈ ਜਿਸ ਦੀਆਂ ਸਾਰੀਆਂ ਸੱਧਰਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ।ਜ਼ੁਲਮ ਤੇ ਔਰਤ ਨਾਲ ਹੁੰਦੇ ਸ਼ੋਸ਼ਣ ਦੇ ਵਿਰੁੱਧ ਲੜਨ ਦੀ ਬਜਾਇ ਕਿਉਂ ਸਾਡਾ ਸਮਾਜ ਕਾਇਰ ਬਣਦਾ ਜਾ ਰਿਹਾ।ਇਸ ਵਿੱਚ ਕੁੜੀਆਂ ਦਾ ਕੀ ਦੋਸ਼।ਅਸਲ ਵਿੱਚ ਸਾਡੇ ਸਮਾਜ ਵਿੱਚ ਪਹਿਲਾਂ ਵਾਲਾ ਏਕਾ ਨਹੀ ਰਿਹਾ।ਹਰ ਕੋਈ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰ ਰਿਹਾ,ਆਪਣੇ ਫਾਇਦੇ ਲਈ ਉਹ ਚੰਗਾ ਮਾੜਾ ਨਹੀ ਸੋਚਦਾ।ਜਦੋ ਪੁਰਾਣੇ ਸਮੇ ਵਿੱਚ ਸਭ ਸਾਂਝੀਵਾਲਤਾ ਸੀ ਤਾਂ ਇਕ ਦੂਜੇ ਦਾ ਦੁਖ ਦਰਦ ਸਮਝਦੇ ਸਨ,ਅਪਰਾਧਾਂ ਦਾ ਨਿਪਟਾਰਾ ਪਿੰਡ ਦੀਆਂ ਸੱਥਾਂ ਚ ਹੋ ਜਾਂਦਾ ਸੀ ਪਰ ਅੱਜ ਪ੍ਰਸ਼ਾਸ਼ਨ ਦੇ ਹੁੰਦਿਆਂ ਵੀ ਕਚਹਿਰੀਆਂ ਵਿੱਚ ਸਾਲਾਂ ਲੱਗ ਜਾਂਦੇ ਇਨਸਾਫ ਲਈ।ਔਰਤ ਦੀ ਦਸ਼ਾ ਦਿਨੋ ਦਿਨ ਸੁਧਰਨ ਦੀ ਬਜਾਇ ਮੰਦਭਾਗੀ ਹੁੰਦੀ ਜਾ ਰਹੀ ਹੈ।ਬਲਾਤਕਾਰ ਦੇ ਕੇਸ,ਸਰੀਰਕ ਸ਼ੋਸ਼ਣ,ਮਾਨਸਿਕ ਸ਼ੋਸ਼ਣ ਤੇ ਹੋਰ ਕਿੰਨੇ ਹੀ ਅਪਰਾਧਾਂ ਦਾ ਸ਼ਿਕਾਰ ਇਕ ਔਰਤ ਹੁੰਦੀ ਜਾ ਰਹੀ ਹੈ।

ਅੱਜ ਸਾਨੂੰ ਲੋੜ ਹੈ ਇਕਜੁਟ ਹੋਣ ਦੀ ਆਪਣੀਆਂ ਧੀਆਂ ਦੇ ਮੋਢੇ ਨਾਲ ਮੋਢਾ ਲਗਾ ਕੇ ਉਹਨਾ ਦੇ ਸੁਪਨਿਆਂ ਨੂੰ ਪੂਰਾ ਕਰਨ ਦੀ।ਉਹਨਾ ਨੂੰ ਇਹ ਕਹਿਕੇ ਘਰੋ ਤੋਰਨਾ ਚਾਹੀਦਾ ਹੈ ਕਿ ਪੜਨ ਚੱਲੀ ਏਂ ਰਸਤੇ ਵਿੱਚ ਕੋਈ ਵੀ ਤੰਗ ਕਰੇ ਉਸੇ ਵੇਲੇ ਘਰ ਦੱਸਣ ਦਾ ਆਪਣਾ ਫਰਜ ਸਮਝਣਾ ਹੈ।ਜਦੋ ਤਕ ਸਾਡਾ ਸਮਾਜਿਕ ਪਰਿਵਾਰ ਇਕ ਜੁਟ ਹੋਕੇ ਇਹਨਾ ਗਲਤ ਅਨਸਰਾਂ ਵਿਰੁੱਧ ਲੜਨ ਦੀ ਹਿੰਮਤ ਨਹੀਂ ਕਰੇਗਾ ਉਦੋ ਤਕ ਇਹਨਾ ਗਲਤ ਅਨਸਰਾਂ ਦਾ ਹੌਸਲਾ ਵਧਦਾ ਰਹੇਗਾ।ਸਾਨੂੰ ਲੋੜ ਹੈ ਸਾਡੀਆਂ ਧੀਆਂ ਨੂੰ ਹੌਸਲਾ ਦੇਣ ਦੀ।ਉਹਨਾ ਨੂੰ ਲੜਨ ਦੀ।ਜੇਕਰ ਉਹਨਾ ਨੂੰ ਆਪਣੇ ਪਰਿਵਾਰ ਵੱਲੋ ਇਹ ਸਿਖਾਇਆ ਗਿਆ ਹੋਵੇ ਕਿ ਕੋਈ ਵੀ ਗਲਤ ਕਰੇ ਤਾਂ ਉਸ ਦਾ ਡਟ ਕੇ ਵਿਰੋਧ ਕਰਨਾ ਹੈ ਤਾਂ ਮੈ ਸਮਝਦੀ ਹਾਂ ਔਰਤ ਨਿਡਰ ਹੋਕੇ ਇਹਨਾ ਗਲਤ ਅਨਸਰਾਂ ਨੂੰ ਮੂੰਹ ਤੋੜ ਜਵਾਬ ਦੇ ਸਕਦੀਆਂ ਹਨ।ਬਸ ਇਕ ਡਰ ਜੋ ਹਮੇਸ਼ਾ ਕੁੜੀਆਂ ਦੇ ਮਨਾਂ ਵਿੱਚ ਰਿਹਾ ਕਿ ਉਹਨਾ ਨੇ ਜੇਕਰ ਇਹਨਾ ਘਟਨਾਵਾਂ ਨੂੰ ਘਰ ਦੱਸਿਆ ਤਾ ਮਾਪਿਆਂ ਨੇ ਪੜਨੋ ਹਟਾ ਲੈਣਾ ਹੈ।ਇਸ ਲਈ ਉਹ ਪਹਿਲਾਂ ਤਾਂ ਇਹ ਸਭ ਸਹਿੰਦੀਆਂ ਰਹਿੰਦੀਆਂ ਹਨ ਪਰ ਜਦੋਂ ਜੁਲਮ ਦੀ ਹੱਦ ਵਧ ਜਾਂਦੀ ਹੈ ਤਾਂ ਫਿਰ ਲੜਕੀ ਨੂੰ ਗਲਤ ਸਮਝਿਆ ਜਾਂਦਾ ਕਿਉਂ ਕਿ ਉਹਨੇ ਕਦੇ ਪਹਿਲਾਂ ਜੇਕਰ ਗਲਤ ਹੁੰਦਾ ਸੀ ਤਾਂ ਘਰ ਕਿਉ ਨਾ ਦੱਸਿਆ।ਅਜਕਲ ਤਾਂ ਇਟ ਪੁੱਟੋ ਤਾ ਹਜਾਰਾਂ ਨਿਊਜ ਚੈਨਲ ਨਿਕਲ ਆਉਂਦੇ ਹਨ ਤੇ ਸਹੀ ਖਬਰ ਦਾ ਪ੍ਰਚਾਰ ਘੱਟ ਤੇ ਗਲਤ ਦਾ ਮਸਾਲੇ ਲਗਾਕੇ ਹੱਦੋਂ ਵੱਧ ਕੀਤਾ ਜਾਂਦਾ ਹੈ।ਫੇਸਬੁਕ ਬੁੱਧੀਜੀਵੀ ਵੀ ਆਪਣਾ ਪੱਖ ਨਿਡਰ ਤੇ ਨਿਰਪੱਖ ਹੋਕੇ ਰੱਖਦੇ ਹਨ ਜੇਕਰ ਕਿਸੇ ਲੜਕੀ ਨਾਲ ਬਲਾਤਕਾਰ ਹੁੰਦਾ ਹੈ ਤਾਂ ਵਿੱਚੋ ਬਹੁਤੇ ਕੁਮਿੰਟ ਇਸ ਤਰਾਂ ਦੇ ਹੁੰਦੇ ਕਿ ਕੁੜੀ ਦੀ ਸਹਿਮਤੀ ਹੋਵੇਗੀ,ਕੁੜੀ ਗਲਤ ਹੋਵੇਗੀ ਕਈ ਤਾਂ ਹੇਠਲੇ ਪੱਧਰ ਤੇ ਨੀਚ ਦਰਜੇ ਦੇ ਵੀ ਕੁਮਿੰਟ ਕਰਦੇ ਹਨ।ਕਿਉਂ ਕਿ ਸਾਨੂੰ ਅਜਾਦੀ ਹੈ ਸਾਨੂੰ ਸ਼ੋਸ਼ਲ ਮੀਡੀਆ ਨੇ ਸਾਨੂੰ ਪੱਖ ਰੱਖਣ ਦਾ ਅਧਿਕਾਰ ਦਿੱਤਾ ਹੋਇਆ ਹੈ।ਅਸੀ ਕਿਸੇ ਨੂੰ ਵੀ ਚੰਗਾ ਮੰਦਾ ਬੋਲ ਸਕਦੇ ਹਾਂ ਇਹ ਸਾਡਾ ਅਧਿਕਾਰ ਹੈ।ਕਿਸੇ ਵੀ ਮਾਮਲੇ ਤੇ ਅਸੀਂ ਜੱਜ ਬਣ ਜਾਂਦੇ ਹਾਂ ਕਦੇ ਇਹ ਨਹੀਂ ਦੇਖਿਆ ਕਿ ਕੋਈ ਸਹੀ ਹੋਕੇ ਗਲਤ ਹੋ ਸਕਦਾ ਤੇ ਕੋਈ ਗਲਤ ਹੋਕੇ ਵੀ ਸਹੀ ਹੋ ਸਕਦਾ,ਜਿਵੇ ਕਿ ਨਿਊਜ ਚੈਨਲਾਂ ਵਾਲੇ ਅਧੂਰੇ ਤੱਥਾਂ ਨੂੰ ਪੇਸ਼ ਕਰਕੇ ਗਲਤ ਪ੍ਰਚਾਰ ਕਰਨ ਲੱਗ ਜਾਂਦੇ ਹਨ।ਸੋ ਪੰਜਾਬ ਸਾਡਾ ਅਮਨ ਸ਼ਾਂਤੀ ਦਾ ਪ੍ਰਤੀਕ ਰਿਹਾ ਸੀ।ਜਿੱਥੇ ਇਕ ਔਰਤ ਨੇ ਆਪਣੀ ਇੱਜਤ ਨੂੰ ਹਮੇਸ਼ਾ ਮਹਿਫੂਜ ਰੱਖਿਆ ਸੀ।ਅਤੇ ਸਾਡੇ ਪੰਜਾਬੀ ਖੂਨ ਵਿੱਚ ਔਰਤ ਦੀ ਇੱਜਤ ਨੂੰ ਹਮੇਸ਼ਾ ਉੱਚਾ ਦਰਜਾ ਦਿੱਤਾ ਸੀ।ਪਰ ਜਿਵੇ ਜਿਵੇ ਸਮਾਜ ਵਿੱਚ ਤਰੱਕੀ ਹੋਈ ਔਰਤ ਦੀ ਅਜਾਦੀ ਦਾ ਢੰਡੋਰਾ ਪਿੱਟਿਆ ਗਿਆ ਤਿਵੇ ਤਿਵੇਂ ਇਹ ਜੰਗਲੀ ਭੇੜੀਆਂ ਨੇ ਜਨਮ ਲੈਣਾ ਸ਼ੁਰੂ ਕਰ ਦਿੱਤਾ।ਅੱਜ ਸਾਨੂੰ ਲੋੜ ਹੈ ਪੂਰੇ ਪੰਜਾਬ ਵਿੱਚ ਇਕ ਦੂਜੇ ਦੀ ਲੋੜ,ਭਾਈਚਾਰਕ ਸਾਂਝ ਨੂੰ ਵਧਾਉਣਾ,ਇਕ ਦੂਜੇ ਦੀ ਧੀ ਨੂੰ ਆਪਣੀ ਧੀ ਸਮਝਣਾ ਤੇ ਸਭ ਤੋ ਵੱਢਾ ਫਰਜ ਸਾਨੂੰ ਸਕੂਲ ਕਾਲਜ ਪੜਨ ਜਾਂਦੀਆਂ ਲੜਕੀਆਂ ਨਾਲ ਜਿਥੇ ਵੀ ਕੋਈ ਸ਼ਰਾਰਤੀ ਅਨਸਰ ਤੰਗ ਕਰਦਾ ਦਿਖੇ ਤਾਂ ਉਸਦਾ ਉਥੇ ਹੀ ਚੰਗੀ ਤਰਾਂ ਸੋਧਾ ਲਗਾ ਦੇਣਾ ਚਾਹੀਦਾ ਹੈ ਤਾਂ ਜੋ ਕੋਈ ਕਾਲਜਾਂ ਸਕੂਲਾਂ ਦੇ ਗੇਟਾਂ ਮੂਹਰੇ ਅਜਿਹੇ ਗਲਤ ਅਨਸਰਾਂ ਦੇ ਟੋਲੇ ਇਕੱਠੇ ਨਾ ਹੋ ਸਕਣ।ਅਖੀਰ ਮੈਂ ਸਾਡੇ ਪੰਜਾਬੀ ਹੋਣ ਤੇ ਆਪਣੀ ਪੰਜਾਬੀ ਜਮੀਰ ਨੂੰ ਜਿਊਂਦੇ ਰੱਖਣ ਲਈ ਸਾਰੇ ਪੰਜਾਬੀਆਂ ਨੂੰ ਇਸ ਮਸਲੇ ਤੇ ਗੰਭੀਰਤਾ ਨਾਲ ਸੋਚਣ ਤੇ ਆਪਣਾ ਫਰਜ ਸਮਝਕੇ ਔਰਤ ਨਾਲ ਹੁੰਦੇ ਸ਼ੋਸ਼ਣ ਦਾ ਡਟ ਕੇ ਵਿਰੋਧ ਕਰਨ ਲਈ ਬੇਨਤੀ ਕਰਦੀ ਹਾਂ ਤਾਂ ਜੋ ਸਾਡਾ ਪੰਜਾਬ ਇਕ ਖੁਸ਼ਹਾਲ ਤੇ ਸ਼ਾਂਤੀ ਦਾ ਪ੍ਰਤੀਕ ਬਣਿਆ ਰਹੇ।

**ਰਵਨਜੋਤ ਕੌਰ ਸਿੱਧੂ “ਰਾਵੀ”**
**ਪਿੰਡ ਜੱਬੋਵਾਲ, ਜ਼ਿਲਾਂ ਸ਼ਹੀਦ ਭਗਤ ਸਿੰਘ ਨਗਰ**

# ਸੰਗੀਤ ਅਤੇ ਫ਼ਿਲਮ ਇੰਡਸਟਰੀ 'ਚ ਕਦਮ ਵਧਾ ਰਹੀ ਖ਼ੂਬਸੂਰਤੀ ਅਤੇ ਕਲਾ ਦਾ ਸੁਮੇਲ ਐ-ਦੀਪ ਸਿਖਾ



ਹਰ ਇਨਸਾਨ ਵਿੱਚ ਕੋਈ ਨਾ ਕੋਈ ਕਲਾ ਛੁਪੀ ਹੁੰਦੀ ਹੈ। ਲੋੜ ਸਿਰਫ਼ ਇਸ ਗੱਲ ਦੀ ਹੁੰਦੀ ਹੈ ਕਿ ਇਸ ਕਲਾ ਨੂੰ ਵਕਤ ਸਿਰ ਪਹਿਚਾਨਣ ਅਤੇ ਹੀਰੇ ਨੂੰ ਤਰਾਸ਼ਣ ਵਾਲੇ ਕਿਸੇ ਜੌਹਰੀ ਦੀ ਨਿਗਾ ਉਸ ਇਨਸਾਨ 'ਤੇ ਪੈ ਜਾਵੇ। ਜਿਸ ਨਾਲ਼ ਇਹ ਸੁਮੇਲ ਹੋ ਜਾਂਦਾ ਹੈ, ਉਹ ਆਪਣੀ ਮਿਹਨਤ ਅਤੇ ਲਗਨ ਨਾਲ਼ ਇਸ ਕਲਾ ਦੇ ਸਿਰ 'ਤੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਲੱਗ ਜਾਂਦਾ ਹੈ। ਕਹਿੰਦੇ ਹਨ ਕਿ 'ਲਹਿਰੋਂ ਸੇ ਡਰ ਕਰ ਕਭੀ ਨੌਕਾ ਪਾਰ ਨਹੀਂ ਹੋਤੀ ਔਰ ਕੋਸ਼ਿਸ਼ ਕਰਨੇ ਵਾਲੋਂ ਕੀ ਕਭੀ ਹਾਰ ਨਹੀਂ ਹੋਤੀ'। ਅਜਿਹੀ ਹੀ ਇੱਕ ਮਿਹਨਤੀ ਤੇ ਦ੍ਰਿੜ ਇਰਾਦੇ ਵਾਲ਼ੀ ਸੰਗੀਤ ਅਤੇ ਫ਼ਿਲਮ ਇੰਡਸਟਰੀ ਵਿੱਚ ਦਿਨ ਬ ਦਿਨ ਸਥਾਪਤੀ ਵੱਲ ਕਦਮ ਵਧਾ ਰਹੀ, ਖ਼ੂਬਸੂਰਤੀ ਅਤੇ ਕਲਾ ਦਾ ਸੁਮੇਲ ਐ - ਦੀਪ ਸਿਖਾ

ਦੀਪ ਸਿਖਾ ਨੇ ਬਹੁਤ ਹੀ ਥੋੜੇ ਸਮੇਂ ਵਿੱਚ ਪ੍ਰਸਿੱਧੀ ਦੀਆਂ ਬੁਲੰਦੀਆਂ ਛੂਹ ਲਈਆਂ ਹਨ। ਅੱਜ ਐਕਟਿੰਗ ਅਤੇ ਮਾਡਲਿੰਗ ਦੇ ਖ਼ੇਤਰ ਵਿੱਚ ਦੀਪ ਸਿਖਾ ਕਿਸੇ ਜਾਣ-ਪਹਿਚਾਣ ਦੀ ਮੁਹਤਾਜ ਨਹੀਂ ਹੈ। ਉਸ ਦੁਆਰਾ ਕੀਤੀਆਂ ਵੀਡੀਓ ਐਲਬਮਾਂ ਦੀ ਦਰਸ਼ਕਾਂ ਨੂੰ ਉਡੀਕ ਰਹਿੰਦੀ ਹੈ। ਇਸ ਦੀ ਜਿਉਂਦੀ ਜਾਗਦੀ ਮਿਸਾਲ ਸੰਸਾਰ ਪ੍ਰਸਿੱਧ ਗਾਇਕ ਜੈਜ਼ੀ ਬੀ, ਅਮਰਿੰਦਰ ਗਿੱਲ, ਅੰਮ੍ਰਿਤ ਮਾਨ, ਕੌਰ ਬੀ, ਗਿੰਨੀ ਕਪੂਰ ਅਤੇ ਹੋਰ ਵੀ ਬਹੁਤ ਸਾਰੇ ਕਲਾਕਾਰਾਂ ਦੇ ਗੀਤਾਂ ਵਿੱਚ ਆਪਣੀ ਖ਼ੂਬਸੂਰਤੀ ਅਤੇ ਕਲਾ ਦੇ ਜੌਹਰ ਵਿਖਾ ਕੇ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰਨਾ ਸ਼ੁਰੂ ਕਰ ਦਿੱਤਾ ਹੈ। ਚੰਡੀਗੜ੍ਹ ਵਿਖੇ 2 ਦਸੰਬਰ 1998 ਨੂੰ ਪਿਤਾ ਧਰਮੇਂਦਰ ਸਿੰਘ ਅਤੇ ਮਾਤਾ ਮਾਂਡਵੀ ਦੇਵੀ ਦੇ ਘਰ ਜਨਮੀਂ ਦੀਪ ਸਿਖਾ ਨੇ 32 ਮਾਡਲ ਗੌਰਮਿੰਟ ਸਕੂਲ (ਸੀ ਬੀ ਐਸ ਈ) ਤੋਂ +2 ਤੱਕ ਦੀ ਪੜ੍ਹਾਈ ਫੈਸ਼ਨ ਡਿਜ਼ਾਇਨਿੰਗ ਵਿੱਚ ਪਾਸ ਕੀਤੀ। ਚੰਡੀਗੜ ਵਿਖੇ ਰਹਿ ਕੇ ਐਕਟਿੰਗ ਅਤੇ ਮਾਡਲਿੰਗ ਦੇ ਖ਼ੇਤਰ ਵਿੱਚ ਸਰਗਰਮ ਦੀਪ ਸਿਖਾ ਨੇ ਬਾਲੀਵੁੱਡ ਕਵਰ ਸੌਂਗ 'ਜਾਨ ਬਣ ਗਏ' ਆਡੀਓ ਲੈਪ ਪ੍ਰੋਡਕਸ਼ਨ ਰਾਹੀਂ ਕੀਤਾ, ਜਿਸ ਨੇ ਬੇਹੱਦ ਮਕਬੂਲੀਅਤ ਦਿਵਾਈ। ਉਸ ਨੇ ਬਹੁਤ ਸਾਰੇ ਪ੍ਰਿੰਟ ਐਡਜ਼, ਟੀ.ਵੀ. ਐਡਜ਼ ਅਤੇ ਮਿਊਜ਼ਿਕ ਵੀਡੀਓਜ਼ ਵਿੱਚ ਮਾਡਲਿੰਗ ਕਰਕੇ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾਇਆ ਹੈ। ਦੀਪ ਸਿਖਾ ਹੁਣ ਤੱਕ ਪੰਜਾਬੀ ਦੇ ਸੁਪ੍ਰਸਿੱਧ ਗਾਇਕਾਂ ਦੇ ਵੀਡੀਓਜ਼ ਵਿੱਚ ਕੰਮ ਕਰ ਚੁੱਕੀ ਹੈ। ਸਪੋਰਟਿੰਗ ਆਰਟਿਸਟ ਤੌਰ ਤੇ ਉਸ ਨੇ 2016 ਵਿੱਚ ਕੰਮ ਕਰਨਾ ਸ਼ੁਰੂ ਕੀਤਾ, ਉਸ ਤੋਂ ਬਾਅਦ ਦੀਪ ਸਿਖਾ ਨੇ ਪਿਛਾਂਹ ਮੁੜ ਕੇ ਨਹੀਂ ਵੇਖਿਆ। ਕਾਫੀ ਸਾਰੇ ਕੰਪੀਟੀਸ਼ਨਾਂ ਵਿੱਚ ਹਿੱਸਾ ਲਿਆ, ਜਿੰਨ੍ਹਾਂ ਵਿੱਚ ਉਹ ਪਹਿਲੇ ਜਾਂ ਦੂਜੇ ਸਥਾਨ ਤੇ ਆਉਂਦੀ ਰਹੀ ਹੈ। ਪਰੰਮਪਰਾ ਆਰਟਸ ਥੀਏਟਰ ਚੰਡੀਗੜ੍ਹ ਨਾਲ ਟੈਗੋਰ ਥੀਏਟਰ ਚੰਡੀਗੜ੍ਹ ਵਿੱਚ 'ਟੋਬਾ ਟੇਕ ਸਿੰਘ', 'ਇੱਕ ਘੁੱਟ ਦਾਰੂ ਦੀ', 'ਕੁਰਸੀ ਨਾਚ ਨਚਾਏ', 'ਸਰਹੰਦ ਦੀ ਦੀਵਾਰ' ਅਤੇ ਹੋਰ ਵੀ ਬਹੁਤ ਸਾਰੇ ਨਾਟਕਾਂ ਵਿੱਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ ਅਤੇ ਖ਼ੂਬ ਨਾਮਣਾ ਖੱਟਿਆ। ਚੰਡੀਗੜ੍ਹ ਦੇ ਸੈਕਟਰ 32 ਬੀ, 1242/01, ਨੇੜੇ ਸ਼ਿਵ ਸ਼ਕਤੀ ਮੰਦਿਰ ਵਿਖੇ ਆਪਣੇ ਪਰਿਵਾਰ ਨਾਲ ਖੁਸ਼ੀਆਂ ਭਰੀ ਜ਼ਿੰਦਗੀ ਬਤੀਤ ਕਰ ਰਹੀ ਦੀਪ ਸਿਖਾ ਦਾ ਆਉਣ ਵਾਲੇ ਸਮੇਂ ਵਿੱਚ ਫ਼ਿਲਮ, ਸੰਗੀਤ ਅਤੇ ਗਲੈਮਰ ਸੰਸਾਰ ਵਿੱਚ ਇੱਕ ਵੱਖਰਾ ਮੁਕਾਮ ਹੋਵੇਗਾ। ਇਹ ਮਾਣਮੱਤੀ ਮੁਟਿਆਰ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰੇ, ਪੰਜਾਬੀ ਫ਼ਿਲਮ ਸੰਗੀਤ ਅਤੇ ਗਲੈਮਰ ਇੰਡਸਟਰੀ ਨੂੰ ਅਗਲੇ ਮੁਕਾਮ ਤੱਕ ਪਹੁੰਚਾਵੇ ਅਤੇ ਦੀਪ ਸਿਖਾ ਦਾ ਹਰ ਇੱਕ ਸੁਪਨਾ ਪੂਰਾ ਹੋਵੇ, ਹਰ ਦਿਲ ਤੇ ਰਾਜ ਕਰੇ ਅਤੇ ਸਾਰੀ ਦੁਨੀਆਂ ਤੇ ਉਹਦਾ ਨਾਮ ਹੋਵੇ।

**ਗੁਰਬਾਜ ਗਿੱਲ 98723-62507**
**(ਸੰਗੀਤਕ ਤੇ ਫ਼ਿਲਮੀ ਪੱਤਰਕਾਰ)**
**ਨੇੜੇ ਬੱਸ ਸਟੈਂਡ, ਸਾਹਮਣੇ ਛੋਟਾ ਗੇਟ, ਬਠਿੰਡਾ (ਪੰਜਾਬ)-151001**

## ਬਾਂਝ

ਕਰਤਾਰੋ ਇਕਲੌਤੇ ਪੁੱਤ ਸ਼ਿੰਦੇ ਦੀ ਮਾਂ ਹੋਣ ਕਰ ਕੇ ਹਮੇਸ਼ਾ ਧੌਣ ਉੱਚੀ ਹੀ ਰੱਖਦੀ ਸੀ, ਪਰ ਕਰਤਾਰੋ ਦੀ ਦਰਾਣੀ ਧੰਨ ਕੌਰ ਬੜੀ ਨਿਮਰਤਾ ਵਿੱਚ ਰਹਿੰਦੀ ਸੀ। ਉਸ ਦੇ ਵਿਆਹ ਨੂੰ ਨੌਂ-ਦਸ ਸਾਲ ਹੋ ਚੁੱਕੇ ਸਨ, ਪਰ ਔਲਾਦ ਦਾ ਸੁੱਖ ਉਸ ਨੂੰ ਹਾਲੇ ਤੱਕ ਨਸੀਬ ਨਹੀਂ ਸੀ ਹੋਇਆ। ਕਰਤਾਰੋ ਧੰਨ ਕੌਰ ਨੂੰ ਅਕਸਰ ਟਾਂਚਾਂ ਕਰਦੀ ਰਹਿੰਦੀ ਸੀ। ਆਨੇ ਬਹਾਨੇ ਉਹ ਧੰਨ ਕੌਰ ਨੂੰ ਬਾਂਝ ਤੱਕ ਵੀ ਆਖ ਦਿੰਦੀ ਸੀ। ਧੰਨ ਕੌਰ ਸੁਣਕੇ ਬਹੁਤ ਦੁਖੀ ਹੁੰਦੀ ਸੀ ਤੇ ਸੋਚਦੀ ਸੀ ਕਿ ਉਹ ਠੀਕ ਹੀ ਤਾਂ ਕਹਿੰਦੀ ਹੈ। ਧੰਨ ਕੌਰ ਰੱਬ ਨੂੰ ਅਰਦਾਸਾਂ ਕਰਦੀ ਰਹਿੰਦੀ ਸੀ ਕਿ ਰੱਬ ਉਸ ਨੂੰ ਵੀ ਔਲਾਦ ਦਾ ਸੁੱਖ ਦੇਵੇ। ਮੁੰਡਾ ਹੋਵੇ ਜਾਂ ਕੁੜੀ, ਬੱਸ ਉਸ ਨੂੰ ਤਾਂ ਔਲਾਦ ਚਾਹੀਦੀ ਸੀ।

ਸੁਭਾਗਾ ਸਮਾਂ ਆਇਆ, ਵਿਆਹ ਤੋਂ ਗਿਆਰਾਂ ਸਾਲਾਂ ਬਾਅਦ ਜਿਵੇਂ ਰੱਬ ਨੇ ਧੰਨ ਕੌਰ ਦੀ ਸੁਣ ਲਈ। ਉਸ ਦੇ ਘਰ ਧੀ ਨੇ ਜਨਮ ਲਿਆ, ਜਿਸ ਦਾ ਨਾਂ ਧੰਨ ਕੌਰ ਨੇ ਆਪ ਰੁਪਿੰਦਰ ਰੱਖਿਆ। ਹੁਣ ਉਹ ਬਹੁਤ ਖ਼ੁਸ਼ ਸੀ, ਪਰ ਕਰਤਾਰੋ ਦੀ ਤਾਂ ਸੋਚ ਹੀ ਪੁੱਠੀ ਸੀ। ਉਹ ਕਹਿੰਦੀ ਕਿ ਏਨਾ ਦੁੱਖ ਵੀ ਕੱਟਿਆ ਤੇ ਫੇਰ ਵੀ ਕੁੜੀ ਹੀ ਜੰਮੀ। ਕਰਤਾਰੋ ਤਾਂ ਹੁਣ ਵੀ ਉਸ ਨੂੰ ਬਾਂਝ ਹੀ ਸਮਝਦੀ ਸੀ।

ਦਿਨ ਬੀਤਦੇ ਗਏ। ਜਵਾਨ ਹੋ ਕੇ ਸ਼ਿੰਦਾ ਆਪਣੇ ਹਿੱਸੇ ਦੀ ਜ਼ਮੀਨ ਅਤੇ ਘਰ ਵੇਚ ਕੇ ਜਰਮਨ ਚਲਾ ਗਿਆ। ਉੱਥੇ ਪੱਕਾ ਹੋਣ ਲਈ ਸ਼ਿੰਦੇ ਨੇ ਗੋਰੀ ਨਾਲ ਵਿਆਹ ਕਰਾ ਲਿਆ। ਜਾਣ ਤੋਂ ਪਹਿਲਾਂ ਉਹ ਕਰਤਾਰੋ ਨੂੰ ਸ਼ਹਿਰ ਵਿਖੇ ਇੱਕ ਬਿਰਧ-ਆਸ਼ਰਮ ਵਿੱਚ ਛੱਡ ਗਿਆ ਸੀ ਤੇ ਉਸ ਨੂੰ ਜਲਦੀ ਹੀ ਜਰਮਨ ਬੁਲਾ ਲੈਣ ਦਾ ਵਾਅਦਾ ਕੀਤਾ ਸੀ। ਪਰ ਉੱਥੇ ਜਾ ਕੇ ਸ਼ਿੰਦਾ ਆਪਣੀ ਮਾਂ, ਪਿੰਡ ਤੇ ਆਪਣਾ ਦੇਸ਼, ਸਭ ਕੁਝ ਹੀ ਭੁੱਲ ਗਿਆ। ਕਰਤਾਰੋ ਦੀਆਂ ਬਿਰਧ ਅੱਖਾਂ ਹਰ ਵੇਲੇ ਸ਼ਿੰਦੇ ਦੀ ਉਡੀਕ 'ਚ ਹੀ ਰਹਿੰਦੀਆਂ ਸਨ।

ਦੂਜੇ ਪਾਸੇ ਧੰਨ ਕੌਰ ਦੀ ਧੀ ਰੁਪਿੰਦਰ ਨੇ ਆਈ.ਏ.ਐੱਸ. ਦਾ ਟੈੱਸਟ ਪਾਸ ਕਰ ਕੇ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਦਾ ਅਹੁਦਾ ਸੰਭਾਲ ਲਿਆ ਸੀ। ਅੱਜ ਤੜਕੇ ਸਵੇਰੇ-ਸਵੇਰੇ ਲਾਲ ਬੱਤੀਆਂ ਵਾਲੀਆਂ ਗੱਡੀਆਂ ਦਾ ਕਾਫ਼ਲਾ ਬਿਰਧ-ਆਸ਼ਰਮ ਦੇ ਬਾਹਰ ਰੁਕਿਆ। ਸਾਹਮਣੇ ਰੁਪਿੰਦਰ ਕਰਤਾਰੋ ਨੂੰ ਕਹਿ ਰਹੀ ਸੀ,''ਤਾਈ ਜੀ, ਤੁਸੀਂ ਘਰ ਚੱਲੋ, ਮੈਂ ਤੁਹਾਨੂੰ ਲੈਣ ਆਈ ਹਾਂ।''

ਰਸਤੇ ਵਿੱਚ ਘਰ ਵਾਪਸ ਆਉਂਦਿਆਂ ਕਰਤਾਰੋ ਨੂੰ ਮਹਿਸੂਸ ਹੋ ਰਿਹਾ ਸੀ ਕਿ ਬਾਂਝ ਧੰਨ ਕੌਰ ਨਹੀਂ, ਸਗੋਂ ਬਾਂਝ ਤਾਂ ਉਹ ਆਪ ਸੀ।

**ਅਮਰਬੀਰ ਸਿੰਘ ਚੀਮਾ**
**ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ**
**ਮੋਬਾਈਲ ਨੰ: 9888940211**

# ਆਖਿਰਕਾਰ ਕੱਚੇ ਮੁਲਾਜਮਾਂ ਦਾ ਕਸੂਰ ਕੀ ਹੈ ਸਰਕਾਰ ਕਿਉਂ ਨਹੀਂ ਕਰ ਰਹੀ ਪੱਕੇ ,ਕੋਈ ਸਰਕਾਰ ਕੱਚੇ ਮੁਲਾਜਮਾਂ ਦਾ ਕਸੂਰ ਤੇ ਦੱਸੇ ?

## ਸੰਗਰੂਰ ਜ਼ਿਮਨੀ ਚੋਣ ਦੌਰਾਨ ਵੋਟਰ ਇਹ ਸਵਾਲ ਜਰੂਰ ਕਰਨ ਕਿ ਕੀਤੇ ਵਾਅਦੇ ਅਨੁਸਾਰ ਆਮ ਆਦਮੀ ਪਾਰਟੀ ਨੇ 35000 ਵਿਚੋਂ ਕਿੰਨੇ ਮੁਲਾਜਮ ਪੱਕੇ ਕੀਤੇ ਹਨ

ਠੇਕਾ ਮੁਲਾਜਮਾਂ ਵਾਸਤੇ ਹਮੇਸਾ ਹਰੇਕ ਸਰਕਾਰ ਦਾ ਖਜਾਨਾ ਖਾਲੀ ਹੁੰਦਾ ਹੈ ਪਰ ਵਿਧਾਇਕਾਂ ਵਾਸਤੇ ਗੱਫੇ ਕਿਉਂ ? ਜਿੰਨੀਆਂ ਤਨਖਾਹਾਂ ਪੱਕੇ ਮੁਲਾਜਮਾਂ ਦੀਆਂ 6ਵੇ ਪੇ ਕਮਿਸਨ ਵਿੱਚ ਵਧੀਆ ਹਨ ਉਸ ਤੋਂ ਘੱਟ ਤਨਖਾਹ ਤੇ ਠੇਕਾ ਮੁਲਾਜਮ ਪਿਛਲੇ 10-15 ਸਾਲਾਂ ਤੋਂ ਨੌਕਰੀ ਕਰ ਰਹੇ ਹਨ। ਜਿੰਨਾ ਰੈਗੂਲਰ ਮੁਲਾਜਮਾਂ ਦੀ ਤਨਖਾਹ ਪਹਿਲਾਂ ਹੀ 60000 ਰੁਪਏ ਪ੍ਰਤੀ ਮਹੀਨਾ ਹੈ ਉਹਨਾਂ ਮੁਲਾਜਮਾਂ ਦੀ ਹੀ ਤਨਖਾਹ 10000 ਤੋ 20000 ਤੱਕ ਵਧ ਰਹੀ ਹੈ ਪਰ ਬੜੇ ਅਫਸੋਸ ਦੀ ਗੱਲ ਹੈ 10000 ਪ੍ਰਤੀ ਮਹੀਨਾ ਲੈਣ ਵਾਲੇ ਠੇਕਾ ਮੁਲਾਜਮਾਂ ਦੀ ਤਨਖਾਹ ਵਿੱਚ 6 ਵੇ ਪੇ ਕਮਿਸਨ ਦੇ ਹਿਸਾਬ ਨਾਲ 1 ਰੁਪਈਆ ਵੀ ਤਨਖਾਹ ਨਹੀਂ ਵੱਧ ਰਹੀ ਕਿਉਂਕਿ ਉਹ ਠੇਕੇ ਵਾਲੇ ਮੁਲਾਜਮ ਹਨ, ਸਰਕਾਰ ਨੇ ਤਾਂ ਪੱਕੇ ਮੁਲਾਜਮਾਂ ਦੀ ਤਨਖਾਹ ਵਧਾਈ ਹੈ। ਆਖਿਰਕਾਰ ਕਸੂਰ ਕੀ ਹੈ ਠੇਕਾ ਮੁਲਾਜਮਾਂ ਦਾ,ਉਹ ਵੀ ਰੈਗੂਲਰ ਮੁਲਾਜਮਾਂ ਦੇ ਬਰਾਬਰ ਹੀ ਕੰਮ ਕਰ ਰਹੇ ਹਨ ਪਰ ਤਨਖਾਹ ਵਿੱਚ ਪੰਜ ਗੁਣਾ ਦਾ ਅੰਤਰ।ਸਰਮ ਆਉਂਦੀ ਚਾਹੀਦੀ ਹੈ ਸਰਕਾਰਾਂ ਨੂੰ ਪਿਛਲੇ ਲੰਮੇ ਸਮੇਂ ਤੋਂ ਪੱਕਾ ਕਰਨ ਦੇ ਨਾਮ ਤੇ ਸਿਆਸਤ ਕਰ ਰਹੀਆਂ ਹਨ ਸਰਕਾਰਾਂ ਚਾਹੇ ਉਹ ਅਕਾਲੀ ਦਲ ਸਰਕਾਰ ਹੋਵੇ,ਚਾਹੇ ਕਾਂਗਰਸ ਸਰਕਾਰ ਅਤੇ ਚਾਹੇ ਆਮ ਆਦਮੀ ਪਾਰਟੀ ਦੀ ਸਰਕਾਰ ਹੋਵੇ। ਸਰਕਾਰ ਦੇ ਕਹਿਣ ਤੇ ਕੀ ਨਹੀਂ ਹੁੰਦਾ, ਕਾਂਗਰਸ ਸਰਕਾਰ ਨੇ ਸਿੱਧਾਂ ਵਿਧਾਇਕ ਦੇ ਰਿਸਤੇਦਾਰਾਂ ਨੂੰ ਡੀ ਐਸ ਪੀ ਭਰਤੀ ਕਰ ਦਿੱਤਾ ਸੀ ਤਾਂ ਫਿਰ ਕੱਚੇ ਮੁਲਾਜਮ ਜੇਕਰ ਵਾਕਿਆ ਹੀ ਪੱਕੇ ਕਰਨੇ ਹੋਣ ਤਾਂ ਕਿੰਨੀ ਕੁ ਵੱਡੀ ਗੱਲ ਸੀ।ਬਾਕੀ ਨਾ ਕਰਨੇ ਹੋਣ ਤਾਂ ਬਹਾਨੇ ਬਣਾ ਕੇ ਸਿਆਸਤ ਜਿੰਨੀ ਮਰਜੀ ਕਰ ਲਵੇ ਸਰਕਾਰ।ਉਹੀ ਰਾਜਨੀਤੀ ਹੁਣ ਭਗਵੰਤ ਮਾਨ ਸਰਕਾਰ ਕਰ ਰਹੀ ਹੈ ਜੋ ਕਹਿੰਦੀ ਹੁੰਦੀ ਸੀ ਸਰਕਾਰ ਬਨਣ ਤੇ ਸਭ ਤੋਂ ਪਹਿਲਾਂ ਕੱਚੇ ਅਤੇ ਆਊਟਸੋਰਸ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇਗਾ ਪਰ ਹੁਣ 3 ਮਹੀਨੇ ਬੀਤ ਜਾਣ ਦੇ ਬਾਵਜੂਦ ਕੱਚੇ ਮੁਲਾਜਮਾਂ ਨੂੰ ਪੱਕੇ ਕਰਨ ਦੀ ਕੋਈ ਗੱਲਬਾਤ ਹੀ ਨਹੀਂ ਹੋ ਰਹੀ। ਜੇਕਰ ਸਰਕਾਰ ਕੱਚੇ ਮੁਲਾਜਮ ਪੱਕੇ ਨਹੀਂ ਕਰ ਸਕਦੀ ਤਾਂ ਹਰੇਕ ਵਿਧਾਇਕ ਨੂੰ ਵੀ ਕੱਚੇ ਮੁਲਾਜਮਾਂ ਵਾਂਗ ਉੱਕਾ ਪੁੱਕਾ ਤਨਖਾਹ ਦੇਵੇ ਅਤੇ ਹੋਰ ਕੋਈ ਭੱਤਾ ਨਾ ਦਿੱਤਾ ਜਾਵੇ। ਵਿਧਾਇਕ ਵੀ 10000 ਰੁਪਏ ਪ੍ਰਤੀ ਮਹੀਨਾ ਤਨਖਾਹ ਲੈਣ। ਰਮਸਾ ਅਧੀਨ ਕੰਮ ਕਰ ਰਹੇ ਲੈਬ ਅਟੈਂਡਟਾ ਪਿਛਲੇ 10 ਸਾਲਾਂ ਤੋਂ ਠੇਕੇ ਅਧੀਨ ਕੰਮ ਕਰ ਰਹੇ ਹਨ ਅਤੇ ਉਹਨਾਂ ਦੀ ਤਨਖਾਹ ਵਿੱਚ ਪਿਛਲੇ 7 ਸਾਲਾਂ ਤੋਂ ਇੱਕ ਪੈਸੇ ਦਾ ਵੀ ਵਾਧਾ ਨਹੀਂ ਹੋਇਆ ਰੈਗੂਲਰ ਕਰਨਾ ਤਾਂ ਸਰਕਾਰ ਲਈ ਦੂਰ ਦੀ ਗੱਲ ਹੈ। ਅਜਿਹੇ ਅਨੇਕਾਂ ਮੁਲਾਜਮ ਹਨ ਜੋਂ ਇਸ ਤਰ੍ਹਾਂ ਸਰਕਾਰ ਦੀਆਂ ਗਲਤ ਨੀਤੀਆਂ ਦਾ ਸ਼ਿ ?ਕਾਰ ਹੋ ਕੇ ਪਿਛਲੇ ਲੰਮੇ ਸਮੇਂ ਤੋਂ ਠੇਕਾ ਭਰਤੀ ਅਧੀਨ ਹੀ ਕੰਮ ਕਰਦੇ ਆ ਰਹੇ ਹਨ। ਹੈਲਥ ਡਿਪਾਰਟਮੇਂਟ ਜਿਸਨੇ ਕਰੋਨਾ ਕਾਲ ਦੌਰਾਨ ਫਰੰਟ ਲਾਇਨ ਤੇ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਨੂੰ ਜੋਖਮ ਵਿੱਚ ਪਾ ਕੇ ਫਰੰਟ ਲਾਈਨ ਵਜੋਂ ਕੰਮ ਕੀਤਾ ਪਰ ਸਰਕਾਰ ਨੇ ਉਹਨਾਂ ਮੁਲਾਜਮਾਂ ਨੂੰ ਵੀ ਪੱਕਾ ਨਾ ਕਰਕੇ ਉਲਟਾ ਜਲੀਲ ਕੀਤਾ। ਕੰਪਿਊਟਰ ਅਧਿਆਪਕਾਂ ਨੂੰ ਪਿਛਲੇ ਲੰਮੇ ਸਮੇਂ ਤੋਂ ਬਣਦੇ ਲਾਭ ਨਾਂ ਦੇ ਕੇ ਰੈਗੂਲਰ ਨਹੀਂ ਕੀਤਾ ਜਾ ਰਿਹਾ, ਸਿੱਖਿਆ ਪ੍ਰੋਵਾਇਡਰ,ਐਸ.ਟੀ.ਆਰ ਅਤੇ ਈ.ਜੀ.ਐਸ ਵਲੰਟੀਅਰ ਲਗਭਗ 6000 ਰੁਪਏ ਪ੍ਰਤੀ ਮਹੀਨਾ ਤਨਖਾਹ ਲੈ ਰਹੇ ਹਨ ,ਸਾਰੀਆਂ ਸਰਕਾਰਾਂ ਨੂੰ ਸਰਮ ਆਉਣੀ ਚਾਹੀਦੀ ਹੈ ਕਿ 6000 ਰੁਪਏ ਪ੍ਰਤੀ ਮਹੀਨਾ ਤਨਖਾਹ ਲੈਣ ਵਾਲੇ ਮੁਲਾਜਮਾਂ ਦਾ ਘਰ ਕਿਵੇਂ ਚਲਦਾ ਹੋਵੇਗਾ । ਪੰਜਾਬ ਰੋਡਵੇਜ ਦੇ ਆਊਟਸੋਰਸ ਮੁਲਾਜਮ ਅਤੇ ਐਨ.ਐਸ.ਕਿਉ.ਐਫ ਭਰਤੀ ਮੁਲਾਜਮ ਵੀ ਆਊਟਸੋਰਸ ਨੀਤੀ ਦਾ ਸ਼ਿ ?ਕਾਰ ਹੋ ਕੇ ਦਿਨ ਰਾਤ ਤਰਸਯੋਗ ਹਾਲਤ ਵਿੱਚ ਗੁਜਾਰ ਰਹੇ ਹਨ ਕਿਉਂਕਿ ਸਰਕਾਰਾਂ ਨੂੰ ਕਿ ਫਰਕ ਪੈਂਦਾ ਹੈ ਕਿ ਕਿਸੇ ਦੇ ਘਰ ਖਾਣ ਪੀਣ ਦਾ ਰਾਸਨ ਇੰਨੇ ਪੈਸੇ ਵਿੱਚ ਆਉਂਦਾ ਹੈ ਕਿ ਨਹੀਂ ਜਦਕਿ ਦੂਸਰੇ ਪਾਸੇ ਸਰਕਾਰਾਂ ਦੇ ਮੰਤਰੀ ਕਰੋੜਾਂ, ਅਰਬਾਂ ਅਤੇ ਖਰਬਾਂ ਦਾ ਖਪਲਾ ਕਰਕੇ ਆਪਣਾ ਘਰ ਭਰ ਰਹੇ ਹਨ।

**ਸਕਾਊਟ ਮਾਸਟਰ ਸੰਦੀਪ ਕੰਬੋਜ**
**ਫਿਰੋਜਪੁਰ**
**98594-00002**

# ਪੂਰੀ ਦੁਨੀਆ ਦੀ ਸਮਾਜਸੇਵਾ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ ਰੋਟਰੀ ਇੰਟਰਨੈਸਨਲ ਅਧੀਨ ਚੱਲ ਰਹੇ ਰੋਟਰੀ ਕਲੱਬ

ਰੋਟਰੀ ਇੰਟਰਨੈਸਨਲ ਇੱਕ ਮਾਨਵਤਾਵਾਦੀ ਸੇਵਾ ਸੰਸਥਾ ਹੈ ਜੋ ਕਮਿਊਨਿਟੀ ਸੇਵਾ ਪ੍ਰਦਾਨ ਕਰਨ, ਅਖੰਡਤਾ ਨੂੰ ਉਤਸਾਹਿਤ ਕਰਨ ਅਤੇ ਸੰਸਾਰ ਵਿੱਚ ਸਦਭਾਵਨਾ, ਸਾਂਤੀ ਅਤੇ ਸਮਝ ਨੂੰ ਅੱਗੇ ਵਧਾਉਣ ਲਈ ਵਪਾਰਕ ਅਤੇ ਪੇਸੇਵਰ ਨੇਤਾਵਾਂ ਨੂੰ ਇਕੱਠਾ ਕਰਦੀ ਹੈ। ਰੋਟਰੀ ਦੀ ਸਥਾਪਨਾ ਫੈਲੋਸ਼ਿ ?ਪ 'ਤੇ ਕੀਤੀ ਗਈ ਸੀ, ਇੱਕ ਆਦਰਸ ਜੋ ਅੱਜ ਮੈਂਬਰਸ਼ਿ ?ਪ ਦਾ ਇੱਕ ਪ੍ਰਮੁੱਖ ਆਕਰਸਣ ਬਣਿਆ ਹੋਇਆ ਹੈ। ਕਲੱਬ ਦੇ ਮੈਂਬਰ ਸਮਾਨ ਸੋਚ ਵਾਲੇ ਪੇਸੇਵਰਾਂ ਨਾਲ ਦੋਸਤੀ ਦਾ ਆਨੰਦ ਲੈਂਦੇ ਹਨ, ਅਤੇ ਕਲੱਬ ਪ੍ਰੋਜੈਕਟ ਸਥਾਈ ਦੋਸਤੀ ਨੂੰ ਵਿਕਸਤ ਕਰਨ ਦੇ ਵਾਧੂ ਮੌਕੇ ਪ੍ਰਦਾਨ ਕਰਦੇ ਹਨ। ਘੁੰਮਣ ਵਾਲੇ ਰੋਟਰੀ ਕਲੱਬ ਦੇ ਮੈਂਬਰ ਦੁਨੀਆ ਦੇ ਲਗਭਗ ਹਰ ਸਹਿਰ ਵਿੱਚ ਦੋਸਤਾਨਾ ਸੰਪਰਕ ਰੱਖਦੇ ਹਨ।ਰੋਟਰੀ ਵਿਭਿੰਨਤਾ ਦੀ ਕਦਰ ਕਰਦੀ ਹੈ।200 ਤੋਂ ਵੱਧ ਦੇਸਾਂ ਅਤੇ ਭੂਗੋਲਿਕ ਖੇਤਰਾਂ ਵਿੱਚ 35,000 ਤੋਂ ਵੱਧ ਕਲੱਬਾਂ ਦੇ ਨਾਲ, ਰੋਟੇਰੀਅਨ ਅੰਤਰਰਾਸਟਰੀ ਸੇਵਾ ਪ੍ਰੋਜੈਕਟਾਂ ਅਤੇ ਐਕਸਚੇਂਜ ਪ੍ਰੋਗਰਾਮਾਂ ਰਾਹੀਂ ਮਾਨਵਤਾਵਾਦੀ ਮੁੱਦਿਆਂ ਦੀ ਸਮਝ ਪ੍ਰਾਪਤ ਕਰਦੇ ਹਨ। ਜੇਕਰ ਅਸੀਂ ਆਪਣੇ ਇਲਾਕੇ ਵਿੱਚ ਰੋਟਰੀ ਰੋਟਰੀ ਇੰਟਰਨੈਸਨਲ ਕਲੱਬ ਦਾ ਗਠਨ ਕਰਣਾ ਚਾਹੁੰਦੇ ਹਾਂ ਤਾਂ ਸਾਨੂੰ ਰੋਟਰੀ ਇੰਟਰਨੈਸਨਲ ਕਲੱਬ ਬਣਾਉਣ ਲਈ ਘੱਟੋ-ਘੱਟ 20 ਮੈਂਬਰਾਂ ਦਾ ਰਜਿਸਟ੍ਰੇਸਨ ਕਰਵਾਉਣਾ ਬਹੁਤ ਜਰੂਰੀ ਹੈ। ਰਜਿਸਟਰਡ ਹੋ ਕੇ ਸਾਡੇ ਸਾਰੇ ਮੈਂਬਰਾਂ ਦਾ ਨਾਮ ਆਨਲਾਈਨ ਰੋਟਰੀ ਦੀ ਵੈਬਸਾਈਟ ਤੇ ਦਿਖਣ ਲੱਗ ਜਾਵੇਗਾ ਅਤੇ ਅਸੀਂ ਜੋਂ ਵੀ ਦਾਨ ਰੋਟਰੀ ਇੰਟਰਨੈਸਨਲ ਨੂੰ ਕਰਾਂਗੇ ਉਹ ਅਸੀਂ ਆਨਲਾਈਨ ਕਦੋਂ ਮਰਜੀ ਕੱਢ ਸਕਦੇ ਹਾਂ। ਰੋਟਰੀ ਕਲੱਬ ਰਜਿਸਟ੍ਰੇਸਨ ਕਰਵਾਉਣ ਤੋ ਬਾਅਦ ਅਸੀਂ ਰੋਟਰੀ ਕਲੱਬ ਦੇ ਮੈਂਬਰ ਗਰੀਬਾਂ ਦੀ ਹਰ ਸੰਭਵ ਮਦਦ,ਸਮਾਜ ਸੇਵਾ ਦੇ ਕੰਮ,ਆਮ ਲੋਕਾਂ ਦੇ ਕੰਮ ,ਬਲੱਡ ਕੈਂਪ,ਆਈ ਚੈਕ ਅੱਪ ਕੈਂਪ ਅਤੇ ਪ੍ਰਸਾਸਨ ਦੇ ਬਹੁਤ ਸਾਰੇ ਕੰਮਾਂ ਵਿੱਚ ਮਦਦ ਕਰ ਸਕਦੇ ਹਾਂ ।ਰੋਟਰੀ ਦੇ ਸਭ ਤੋਂ ਉੱਚੇ ਉਦੇਸਾਂ ਵਿੱਚੋਂ ਇੱਕ ਹੈ ਵਿਸਵ ਭਰ ਵਿੱਚ ਸਦਭਾਵਨਾ ਅਤੇ ਸਾਂਤੀ ਦਾ ਨਿਰਮਾਣ ਕਰਨਾ।ਰੋਟਰੀ ਸਪਾਂਸਰ ਦੁਨੀਆਂ ਦੇ ਸਭ ਤੋਂ ਵੱਡੇ ਯੂਥ ਐਕਸਚੇਂਜ, ਵਿਦਿਅਕ ਅਦਾਨ-ਪ੍ਰਦਾਨ, ਅਤੇ ਸਕਾਲਰਸ਼ਿ ?ਪ ਪ੍ਰੋਗਰਾਮਾਂ ਵਿੱਚੋਂ ਇੱਕ ਹੈ। ਰੋਟਰੀ ਕਲੱਬ ਨੌਜਵਾਨ ਨੇਤਾਵਾਂ ਲਈ ਨਵੀਨਤਾਕਾਰੀ ਸਿਖਲਾਈ ਦੇ ਮੌਕੇ ਅਤੇ ਸਲਾਹ ਪ੍ਰਦਾਨ ਕਰਦੇ ਹਨ ਅਤੇ ਸਮਾਜਿਕ ਅਤੇ ਸੇਵਾ ਗਤੀਵਿਧੀਆਂ ਦੀ ਇੱਕ ਵਿਸਾਲ ਸ੍ਰੇਣੀ ਵਿੱਚ ਪਰਿਵਾਰਕ ਮੈਂਬਰਾਂ ਨੂੰ ਸਾਮਲ ਕਰਦੇ ਹਨ।ਸਮਾਜਿਕ ਗਤੀਵਿਧੀਆਂ ਰੋਟੇਰੀਅਨਾਂ ਨੂੰ ਖੁੱਲ੍ਹਣ ਅਤੇ ਮੌਜ-ਮਸਤੀ ਕਰਨ ਦਾ ਮੌਕਾ ਦਿੰਦੀਆਂ ਹਨ। ਹਰ ਰੋਟਰੀ ਕਲੱਬ ਅਤੇ ਡਿਸਟ੍ਰਿਕਟ ਪਾਰਟੀਆਂ ਅਤੇ ਸਮਾਜਕ ਸਰਗਰਮੀਆਂ ਦੀ ਮੇਜਬਾਨੀ ਕਰਦਾ ਹੈ ਜੋ ਅੱਜ ਦੀ ਮੰਗ ਵਾਲੇ ਪੇਸੇਵਰ ਅਤੇ ਨਿੱਜੀ ਸਮਾਂ-ਸਾਰਣੀ ਤੋਂ ਵਿਭਿੰਨਤਾ ਦੀ ਪੇਸਕਸ ਕਰਦੇ ਹਨ। ਇਹ ਇੱਕ ਗੈਰ-ਸਿਆਸੀ ਅਤੇ ਗੈਰ-ਧਾਰਮਿਕ ਸੰਸਥਾ ਹੈ।ਰੋਟਰੀ 1.4 ਮਿਲੀਅਨ ਗੁਆਂਢੀਆਂ, ਦੋਸਤਾਂ, ਨੇਤਾਵਾਂ, ਅਤੇ ਸਮੱਸਿਆ-ਹੱਲ ਕਰਨ ਵਾਲਿਆਂ ਦਾ ਇੱਕ ਗਲੋਬਲ ਨੈਟਵਰਕ ਹੈ ਜੋ ਇੱਕ ਅਜਿਹੀ ਦੁਨੀਆ ਨੂੰ ਦੇਖਦੇ ਹਨ ਜਿੱਥੇ ਲੋਕ ਇੱਕਜੁੱਟ ਹੁੰਦੇ ਹਨ ਅਤੇ ਦੁਨੀਆ ਭਰ ਵਿੱਚ, ਸਾਡੇ ਭਾਈਚਾਰਿਆਂ ਵਿੱਚ ਅਤੇ ਆਪਣੇ ਆਪ ਵਿੱਚ ਸਥਾਈ ਤਬਦੀਲੀ ਲਿਆਉਣ ਲਈ ਕਾਰਵਾਈ ਕਰਦੇ ਹਨ ।ਅਸਲ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਸਲ ਵਚਨਬੱਧਤਾ ਅਤੇ ਦ੍ਰਿਸਟੀ ਦੀ ਲੋੜ ਹੁੰਦੀ ਹੈ। 110 ਸਾਲਾਂ ਤੋਂ ਵੱਧ ਸਮੇਂ ਤੋਂ, ਰੋਟਰੀ ਦੇ ਕਾਰਜਸੀਲ ਲੋਕਾਂ ਨੇ ਪ੍ਰੋਜੈਕਟਾਂ ਤੇ ਕਾਰਵਾਈ ਕਰਨ ਲਈ ਆਪਣੇ ਜਨੂੰਨ, ਊਰਜਾ ਅਤੇ ਬੁੱਧੀ ਦੀ ਵਰਤੋਂ ਕੀਤੀ ਹੈ। ਸਾਖਰਤਾ ਅਤੇ ਸਾਂਤੀ ਤੋਂ ਲੈ ਕੇ ਪਾਣੀ ਅਤੇ ਸਿਹਤ ਤੱਕ, ਅਸੀਂ ਹਮੇਸਾ ਆਪਣੇ ਸੰਸਾਰ ਨੂੰ ਬਿਹਤਰ ਬਣਾਉਣ ਲਈ ਕੰਮ ਕਰ ਰਹੇ ਹਾਂ, ਅਤੇ ਅਸੀਂ ਅੰਤ ਤੱਕ ਵਚਨਬੱਧ ਰਹਿੰਦੇ ਹਾਂ।ਅਸੀਂ ਦੂਜਿਆਂ ਨੂੰ ਸੇਵਾ ਪ੍ਰਦਾਨ ਕਰਦੇ ਹਾਂ, ਇਮਾਨਦਾਰੀ ਨੂੰ ਉਤਸਾਹਿਤ ਕਰਦੇ ਹਾਂ ਅਤੇ ਵਪਾਰਕ, ਪੇਸੇਵਰ ਅਤੇ ਕਮਿਊਨਿਟੀ ਲੀਡਰਾਂ ਦੀ ਸਾਡੀ ਸੰਗਤ ਦੁਆਰਾ ਵਿਸਵ ਸਮਝ, ਸਦਭਾਵਨਾ ਅਤੇ ਸਾਂਤੀ ਨੂੰ ਅੱਗੇ ਵਧਾਉਂਦੇ ਹਾਂ। ਕਾਨਫਰੰਸਾਂ, ਸੰਮੇਲਨਾਂ, ਅਸੈਂਬਲੀਆਂ, ਅਤੇ ਸਮਾਜਿਕ ਸਮਾਗਮ ਮਨੋਰੰਜਨ ਦੇ ਨਾਲ-ਨਾਲ ਰੋਟਰੀ ਜਾਣਕਾਰੀ, ਸਿੱਖਿਆ ਅਤੇ ਸੇਵਾ ਪ੍ਰਦਾਨ ਕਰਦੇ ਹਨ।ਰੋਟਰੀ ਸਫਲ ਪੇਸੇਵਰਾਂ ਦੀ ਇੱਕ ਸੰਸਥਾ ਹੈ। ਟੀਮ ਬਣਾਉਣਾ, ਫੰਡ ਇਕੱਠਾ ਕਰਨਾ, ਜਨਤਕ ਭਾਸਣ, ਯੋਜਨਾਬੰਦੀ, ਸੰਗਠਨ, ਅਤੇ ਸੰਚਾਰ ਲੀਡਰਸ਼ਿ ?ਪ ਦੇ ਹੁਨਰਾਂ ਦਾ ਇੱਕ ਨਮੂਨਾ ਹੈ ਜੋ ਕਲੱਬ ਦੇ ਮੈਂਬਰ ਅਭਿਆਸ ਕਰ ਸਕਦੇ ਹਨ ਅਤੇ ਵਧਾ ਸਕਦੇ ਹਨ। ਰੋਟਰੀ ਲੀਡਰ ਹੋਣ ਨਾਲ ਇਹ ਸਿੱਖਣ ਵਿੱਚ ਹੋਰ ਤਜਰਬਾ ਮਿਲਦਾ ਹੈ ਕਿ ਦੂਜਿਆਂ ਨੂੰ ਕਿਵੇਂ ਪ੍ਰੇਰਿਤ ਕਰਨਾ, ਪ੍ਰੇਰਿਤ ਕਰਨਾ ਅਤੇ ਮਾਰਗਦਰਸਨ ਕਰਨਾ ਹੈ। ਮੈਂਬਰ ਸਾਲ ਦੌਰਾਨ ਵੱਖ-ਵੱਖ ਸਮਿਆਂ 'ਤੇ ਪੇਸ ਕੀਤੇ ਜਾਣ ਵਾਲੇ ਤਿੰਨ ਦਿਨਾਂ ਰੋਟਰੀ ਲੀਡਰਸ਼ਿ ?ਪ ਇੰਸਟੀਚਿਊਟ ਕੋਰਸਾਂ ਵਿੱਚ ਹਿੱਸਾ ਲੈ ਸਕਦੇ ਹਨ।ਆਪਣੇ ਪੇਸੇ ਵਿੱਚ ਉੱਚ ਨੈਤਿਕ ਮਿਆਰਾਂ ਨੂੰ ਉਤਸਾਹਿਤ ਕਰਨਾ ਅਤੇ ਸਾਰੇ ਯੋਗ ਕਿੱਤਿਆਂ ਲਈ ਸਤਿਕਾਰ ਰੋਟਰੀ ਦੀ ਸੁਰੂਆਤੀ ਦਿਨਾਂ ਤੋਂ ਵਿਸੇਸਤਾ ਰਹੀ ਹੈ।

**ਸਕਾਊਟ ਮਾਸਟਰ ਸੰਦੀਪ ਕੰਬੋਜ**
**ਪਿੰਡ ਗੋਲੂ ਕਾ ਮੋੜ( ਫਿਰੋਜਪੁਰ)**
**ਸੰਪਰਕ ਨੰਬਰ - 98594-00002**



# ਪ੍ਰੋ. ਅਜਮੇਰ ਔਲਖ ਨੂੰ ਯਾਦ ਕਰਦਿਆਂ

**ਜਨਮ ਤੇ ਪਰਿਵਾਰ:-**

ਨਾਟਕਕਾਰ ਅਜਮੇਰ ਔਲਖ਼ ਦਾ ਜਨਮ 19 ਅਗਸਤ ਸੰਨ 1942 ਈਸਵੀ ਨੂੰ ਪਿੰਡ ਕੁੰਭੜਵਾਲ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਪ੍ਰੋ. ਔਲਖ ਦੇ ਪਿਤਾ ਦਾ ਨਾਂ ਸ. ਕੌਰ ਸਿੰਘ ਤੇ ਮਾਤਾ ਦਾ ਨਾਂ ਸ੍ਰੀਮਤੀ ਹਰਨਾਮ ਕੌਰ ਸੀ। 1944-45 ਦੇ ਆਸ-ਪਾਸ ਸਾਰਾ ਔਲਖ਼ ਪਰਿਵਾਰ ਪਿੰਡ ਕੁੰਭੜਵਾਲ ਛੱਡ ਕੇ ਪਿੰਡ ਕਿਸ਼ਨਗੜ੍ਹ ਫ਼ਰਵਾਹੀ ਵਿਖੇ ਆ ਵਸਿਆ। ਪ੍ਰੋ. ਅਜਮੇਰ ਔਲਖ ਦਾ ਵਿਆਹ ਮਨਜੀਤ ਕੌਰ ਨਾਲ ਹੋਇਆ। ਜੋ ਕਿ ਕਿੱਤੇ ਪੱਖੋਂ ਅਧਿਆਪਕਾ ਸਨ। ਉਨ੍ਹਾਂ ਦੇ ਘਰ ਸੁਪਨਦੀਪ ਕੌਰ, ਸੁਹਜਪ੍ਰੀਤ ਕੌਰ ਅਤੇ ਅਮਨਜੀਤ ਕੌਰ, ਤਿੰਨ ਲੜਕੀਆਂ ਪੈਦਾ ਹੋਈਆਂ।

**ਪੜ੍ਹਾਈ ਤੇ ਨੌਕਰੀ:-**

ਪ੍ਰੋ. ਔਲਖ਼ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਕਿਸ਼ਨਗੜ੍ਹ ਫ਼ਰਵਾਹੀ ਦੇ ਪ੍ਰਾਇਮਰੀ ਸਕੂਲ ਤੋਂ ਸੰਨ 1952 ਵਿੱਚ ਕੀਤੀ। ਦਸਵੀਂ ਦੀ ਪੜ੍ਹਾਈ ਪਿੰਡ ਕਿਸ਼ਨਗੜ੍ਹ ਫ਼ਰਵਾਹੀ ਤੋਂ 5-6 ਕਿਲੋਮੀਟਰ ਦੂਰ ਕਸਬਾ ਭੀਖੀ ਤੋਂ ਕਰਨ ਉਪਰੰਤ ਚਿੱਠੀ ਪੱਤਰ ਰਾਹੀਂ ਬੀ.ਏ. ਪੰਜਾਬ ਯੂਨੀਵਰਸਟੀ ਚੰਡੀਗੜ੍ਹ ਤੋਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐੱਮ.ਏ ਦੀ ਪੜ੍ਹਾਈ ਕੀਤੀ। ਪ੍ਰੋ. ਅਜਮੇਰ ਔਲਖ਼ ਨੇ 28 ਅਗਸਤ 1965 ਤੋਂ ਸੰਨ 2000 ਤੱਕ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿੱਚ ਪੰਜਾਬੀ ਲੈਕਚਰਾਰ ਦੀ ਨੌਕਰੀ ਕੀਤੀ। ਉਥੇ ਹੀ ਪ੍ਰੋ. ਔਲਖ ਨਾਟਕਕਾਰ, ਪ੍ਰੋਡਿਊਸਰ, ਡਾਇਰੈਕਟਰ ਤੇ ਅਦਾਕਾਰ ਬਣਿਆ ਅਤੇ ਆਪਣੀ ਪਤਨੀ ਮਨਜੀਤ ਕੌਰ ਤੇ ਤਿੰਨੇ ਧੀਆਂ ਨੂੰ ਵੀ ਅਦਾਕਾਰ ਬਣਾਇਆ। ਪ੍ਰੋ. ਔਲਖ ਨੇ ਇੱਥੇ ਰਹਿੰਦਿਆਂ ਹੀ 1976 ਵਿੱਚ ਲੋਕ ਕਲਾ ਮੰਚ ਮਾਨਸਾ ਦੀ ਸਥਾਪਨਾ ਕੀਤੀ।

**ਸਾਹਿਤਕ ਸਫਰ:-**

ਪ੍ਰੋ. ਔਲਖ ਆਪਣੀ ਸਾਹਿਤਕ ਸਵੈਜੀਵਨੀ 'ਮੇਰੀ ਨਾਟ-ਯਾਤਰਾ' ਵਿਚ ਲਿਖਦਾ ਹੈ ਕਿ ਜਦ ਮੈਂ ਬਚਪਨ ਤੋਂ ਲੈ ਕੇ ਆਪਣੇ ਨਾਟਕਕਾਰ ਬਣਨ ਤਕ ਦੇ ਸਾਹਿਤਕ ਸਫਰ ਉਤੇ ਝਾਤ ਮਾਰਦਾ ਹਾਂ ਤਾਂ ਨਾਟਕ ਲਿਖਣ ਵੱਲ ਰੁਚਿਤ ਹੋਣ ਦਾ ਵਰਤਾਰਾ ਮੈਨੂੰ 'ਮਹਿਜ ਇਕ ਇਤਫਾਕ' ਤੋਂ ਬਿਨਾਂ ਹੋਰ ਕੁਝ ਨਜਰ ਨਹੀਂ ਆਉਂਦਾ। ਆਪਣੀ ਉਮਰ ਦੇ 27-28 ਵਰ੍ਹਿਆਂ ਤਕ ਮੈਨੂੰ ਆਪਣੇ ਆਪ ਨੂੰ ਵੀ ਨਹੀਂ ਸੀ ਪਤਾ ਕਿ ਮੈਂ ਕਦੇ ਨਾਟਕ ਵੀ ਲਿਖਾਂਗਾ ਤੇ ਪੰਜਾਬੀ ਸਾਹਿਤ-ਜਗਤ ਵਿਚ ਮੇਰੀ ਪਛਾਣ 'ਇੱਕ ਨਾਟਕਕਾਰ' ਦੇ ਰੂਪ ਵਿਚ ਹੋਵੇਗੀ। ਮੈਂ ਪਹਿਲਾਂ ਕਵਿਤਾ/ਗੀਤ ਲਿਖਣੇ ਸੁਰੂ ਕੀਤੇ ਸਨ। ਜਦ ਮੈ ਗੁਰਮੁਖੀ ਅੱਖਰ ਜੋੜਨ ਦੇ ਯੋਗ ਹੋ ਗਿਆ ਤਾਂ ਸਬਦਾਂ ਨੂੰ ਗੁਣ-ਗੁਣਾਉਂਦਿਆਂ ਕਾਗਜਾਂ ਉਤੇ ਉਤਾਰਨ ਲੱਗ ਪਿਆ। ਮੈਂ ਆਪਣੀ ਪਹਿਲੀ ਸਾਹਿਤਕ ਰਚਨਾ ਕਦੋਂ ਤੇ ਕਿੰਨੀ ਉਮਰ ਵਿਚ ਕੀਤੀ ਇਸ ਬਾਰੇ ਮੈਨੂੰ ਕੁਝ ਪੱਕਾ ਯਾਦ ਨਹੀਂ। ਜਿਥੋਂ ਤਕ ਮੈਨੂੰ ਯਾਦ ਹੈ, ਮੈਂ ਐਨੀ ਕੁ ਗੱਲ ਪੱਕੇ ਵਿਸਵਾਸ ਨਾਲ ਕਹਿ ਸਕਦਾ ਹਾਂ ਕਿ ਮੈਂ 8-10 ਸਾਲ ਦੀ ਉਮਰ ਵਿਚ ਕੁਝ ਨਾ ਕੁਝ ਤੁਕਬੰਦੀ ਕਰ ਕੇ ਉਸ ਨੂੰ ਗਾਉਣ ਲੱਗ ਪਿਆ ਸੀ...। ਜਿਵੇਂ ਅਸੀਂ ਪ੍ਰੋ.ਅਜਮੇਰ ਔਲਖ਼ ਦੇ ਸਵੈ ਕਥਨ ਤੋਂ ਜਾਣਿਆ ਕਿ ਉਹਨਾਂ ਦੇ ਸਾਹਿਤਕ ਸਫਰ ਦੀ ਸੁਰੂਆਤ ਕਵਿਤਾ ਤੇ ਗੀਤ ਸਾਹਿਤ ਰੂਪਾਂ ਨਾਲ ਹੋਈ ਸੀ। ਇਸ ਤੋਂ ਇਲਾਵਾ ਉਹਨਾਂ ਦਾ ਦਸਵੀਂ ਦੇ ਇਮਤਿਹਾਨ ਤੋਂ ਬਾਅਦ ਇੱਕ ਨਾਵਲ 'ਜਗੀਰਦਾਰ' ਲਿਖਣ ਦਾ ਵੇਰਵਾ ਵੀ ਮਿਲਦਾ ਹੈ। ਕਵਿਤਾ, ਗੀਤ, ਨਾਵਲ ਤੋਂ ਬਿਨਾਂ ਕਹਾਣੀ ਸਾਹਿਤ ਰੂਪ ਤੇ ਵੀ ਉਹਨਾਂ ਨੇ ਆਪਣੀ ਕਲਮ ਅਜਮਾਈ ਸੀ। ਕਾਲਜ ਵਿੱਚ ਸੱਭਿਆਚਾਰਕ ਸਰਗ਼ਰਮੀਆਂ ਦਾ ਮੁਖੀ ਬਣਾਏ ਜਾਣ ਤੋਂ ਬਾਅਦ ਸੰਨ 1960-70 ਵਿੱਚ ਕਾਲਜ ਦੇ ਵਿਦਿਆਰਥੀਆਂ ਨੂੰ ਨਾਟਕਾਂ ਦੀ ਤਿਆਰੀ ਕਰਵਾਉਂਦਿਆਂ-ਕਰਵਾਉਂਦਿਆਂ ਪ੍ਰੋ. ਔਲਖ ਦਾ ਰੁਝਾਨ ਨਾਟਕ ਲਿਖਣ 'ਤੇ ਕਰਵਾਉਣ ਵੱਲ ਹੀ ਹੋ ਗਿਆ। ਉਹ ਸਾਰੀ ਜ਼ਿੰਦਗੀ ਆਪਣੇ ਸਾਹਿਤਕ ਸਫਰ ਵਿੱਚ ਇੱਕ ਵਗਦੇ ਦਰਿਆ ਵਾਂਗ ਵਗਦੇ ਰਹੇ। ਉਹਨਾਂ ਦੇ ਪੂਰੇ ਨਾਟਕਾਂ ਦਾ ਵੇਰਵਾ:- ਸੱਤ ਬਿਗਾਨੇ, ਕਿਹਰ ਸਿੰਘ ਦੀ ਮੌਤ, ਇੱਕ ਸੀ ਦਰਿਆ, ਸਲਵਾਨ, ਝਨਾਂ ਦੇ ਪਾਣੀ, ਨਿੱਕੇ ਸੂਰਜਾਂ ਦੀ ਲੜਾਈ, ਭੱਜੀਆਂ ਬਾਹਾਂ ਤੇ ਨਿਉਂ ਜੜ੍ਹ।

ਇਕਾਂਗੀ ਨਾਟਕਾਂ ਦਾ ਵੇਰਵਾ:- ਬਾਲ ਨਾਥ ਦੇ ਟਿੱਲੇ 'ਤੇ, ਮਿਰਜੇ ਦੀ ਮੌਤ, ਤੂੜੀ ਵਾਲਾ ਕੋਠਾ, ਜਦੋਂ ਬੋਹਲ ਰੋਂਦੇ ਹਨ, ਅੰਨ੍ਹੇ ਨਿਸਾਨਚੀ, ਸਿੱਧਾ ਰਾਹ ਵਿੰਗਾ ਰਾਹ, ਢਾਂਡਾ, ਐਸੇ ਰਚਿਉ ਖਾਲਸਾ, ਆਪਣਾ-ਆਪਣਾ ਹਿੱਸਾ, ਇਸਕ ਬਾਝ ਨਮਾਜ ਦਾ ਹੱਜ ਨਾਹੀਂ, ਹਰਿਉ ਬੂਟ, ਅੰਨ੍ਹੇਰ-ਕੋਠੜੀ ਤੇ ਹਾਏ ਨੀ ਮਨਮੀਤ ਕੁਰੇ।

ਲਘੂ ਨਾਟਕਾਂ ਦਾ ਵੇਰਵਾ:- ਅਰਬਦ ਨਰਬਦ ਧੁੰਦੂਕਾਰਾ, ਬਿਗਾਨੇ ਬੋਹੜ ਦੀ ਛਾਂ, ਸੁੱਕੀ ਕੁੱਖ, ਇੱਕ ਰਮਾਇਣ ਹੋਰ, ਭੱਠ ਖੇੜਿਆਂ ਦਾ ਰਹਿਣਾ, ਗਾਨੀ, ਤੇੜਾਂ, ਲੋਹੇ ਦਾ ਪੁੱਤ, ਐਇੰ ਨੀ ਹੁਣ ਸਰਨਾ, ਉਂਈ-ਮੂੰਈਂ ਦਾ ਕੁਸ ਨੀ ਹੁੰਦਾ, ਕਉਲੇ ਉੱਤੇ ਰੱਖਿਆ ਕੌਲਾ, ਚੱਲ ਵੀਰਨਾ ਵੇ ਉਥੇ ਚੱਲੀਏ, ਬੰਦ ਬੂਹਿਆਂ ਵਾਲੀ ਹਵੇਲੀ ਤੇ ਪੱਪੂ ਦੀ ਪੈਂਟ ਆਦਿ।

ਪ੍ਰੋ. ਔਲਖ ਨੇ ਅਜਿਹੇ ਅਨੇਕਾਂ ਹੀ ਖ਼ੂਬਸੂਰਤ ਪੂਰੇ ਨਾਟਕ/ਇਕਾਂਗੀ ਨਾਟਕ/ਲਘੂ ਨਾਟਕ ਲਿਖੇ ਅਤੇ ਬਹੁਤ ਹੀ ਸਫ਼ਲਤਾ ਨਾਲ ਉਨ੍ਹਾਂ ਦਾ ਮੰਚਨ ਵੀ ਕੀਤਾ। ਇਸ ਤੋਂ ਇਲਾਵਾ ਪ੍ਰੋ. ਔਲਖ ਨੇ ਹੋਰਨਾਂ ਲੇਖਕਾਂ ਦੀਆਂ ਕੁਝ ਕਹਾਣੀਆਂ ਤੇ ਨਾਵਲਾਂ ਨੂੰ ਵੀ ਨਾਟਕੀ ਰੂਪ ਵੀ ਦਿੱਤਾ ਸੀ। ਆਪਣੇ ਸਾਹਿਤਕ ਸਫਰ ਵਿੱਚ ਉਹਨਾਂ ਨੇ ਆਪਣੀ ਸਵੈਜੀਵਨੀ ਦਾ ਨਾਂ 'ਨੰਗਾ ਢਿੱਡ' ਵੀ ਚਿਤਵਿਆ ਸੀ ਜਿਸ ਦੇ ਕੁਝ ਕੁ ਕਾਂਡ ਲਿਖੇ ਗਏ ਸੀ ਜੋ ਕਿ ਜੀਵਨ ਯਾਦਾਂ ਦੀ ਪੁਸਤਕ 'ਭੁੰਨੀ ਹੋਈ ਛੱਲੀ' ਵਿਚ ਛਪੇ ਹਨ।

ਵੱਖ-ਵੱਖ ਵਿਦਵਾਨਾਂ ਦੇ ਪ੍ਰੋ. ਔਲਖ ਤੇ ਉਸਦੀ ਨਾਟ ਕਲਾ ਬਾਰੇ ਵਿਚਾਰ:-

ਪ੍ਰੋਫੈਸਰ ਗੁਰਦਿਆਲ ਸਿੰਘ:- 'ਹੁਣ ਤੱਕ ਔਲਖ ਨੇ ਜਿੰਨੇ ਵੀ ਨਾਟਕ ਲਿਖੇ ਹਨ ਉਨ੍ਹਾਂ ਦੀ ਤਿੱਖੀ ਤੇ ਪ੍ਰਭਾਵਸ਼ਾਲੀ ਹੋਣ ਦਾ ਮੂਲ ਕਾਰਨ ਉਹਦੇ ਜੀਵਨ ਅਨੁਭਵ ਦੀ ਪ੍ਰਪੱਕਤਾ ਹੈ ਤੇ ਉਹਨੇ ਹੌਲੀ-ਹੌਲੀ ਨਾਟਕਕਾਰ ਦੇ ਤੌਰ ਤੇ ਆਪਣੀ ਵੱਖਰੀ ਥਾਂ ਬਣਾ ਲਈ ਹੈ।

ਭਾਅ ਜੀ ਗੁਰਸ਼ਰਨ ਸਿੰਘ:- 'ਬਿਗਾਨੇ ਬੋਹੜ ਦੀ ਛਾਂ' ਔਲਖ ਦਾ ਸਾਰਿਆਂ ਨਾਟਕਾਂ ਨਾਲੋਂ ਮਕਬੂਲ ਨਾਟਕ ਹੈ ਪਰ ਮੇਰੀ ਨਜ਼ਰ ਵਿੱਚ 'ਬਹਿਕਦਾ ਰੋਹ' ਉਸਦੀ ਸ਼ਾਹਕਾਰ ਰਚਨਾ ਹੈ।

ਰੰਗਕਰਮੀ ਸਾਹਿਬ ਸਿੰਘ:-ਅਜਮੇਰ ਔਲਖ ਸਮਾਜ ਅੰਦਰ ਵਾਪਰ ਰਹੇ ਕਿਸੇ ਅਣਮਨੁੱਖੀ ਵਰਤਾਰੇ ਨੂੰ ਪਹਿਲਾਂ ਆਪਣੇ ਤਜਰਬੇ 'ਚੋਂ ਨਿਕਲੀ ਕਿਸੇ ਘਟਨਾ ਜਾਂ ਪਾਤਰ ਨਾਲ ਜੋੜਦਾ, ਫਿਰ ਇਸ ਨੂੰ ਨਵਿਆਉਂਦਾ ਤੇ ਫੇਰ ਸਮੇਂ ਦਾ ਹਾਣੀ ਬਣਾ ਕੇ ਪੇਸ ਕਰਦਾ। "ਝਨਾਂ ਦੇ ਪਾਣੀ", " ਸੱਤ ਬਿਗਾਨੇ", ਬਿਗਾਨੇ ਬੋਹੜ ਦੀ ਛਾਂ" ਆਦਿ ਨਾਟਕ ਇਸ ਦੀ ਪ੍ਰਤੱਖ ਉਦਾਹਰਨ ਹਨ।

ਲੇਖਕ ਗੁਰਬਚਨ ਸਿੰਘ ਭੁੱਲਰ:- ਅਜਮੇਰ ਸਿੰਘ ਔਲਖ ਸਬਦ ਦੇ ਸਹੀ ਅਰਥਾਂ ਵਿੱਚ ਸੂਰਮਾ ਸੀ। ਜਿੰਨੀ ਸੂਰਬੀਰਤਾ ਨਾਲ ਉਹ ਪੂੰਜੀਵਾਦੀ ਅਰਥ-ਵਿਵਸਥਾ ਦੇ ਝੰਬੇ ਹੋਏ ਮਜਦੂਰਾਂ ਤੇ ਕਿਸਾਨਾਂ ਦੀ ਪੀੜ ਹਰਨ ਵਾਸਤੇ ਆਪਣੇ ਨਾਟਕਾਂ ਰਾਹੀਂ ਮੰਚ ਉੱਤੇ ਲੜਿਆ, ਓਨੀ ਹੀ ਸੂਰਬੀਰਤਾ ਨਾਲ ਉਹ ਬੇਹੱਦ ਚੰਦਰੇ ਰੋਗ ਦੇ ਝੰਬੇ ਹੋਏ ਸਰੀਰ ਦੀ ਪੀੜ ਹਰਨ ਵਾਸਤੇ ਆਪਣੇ ਅਡੋਲ ਹੌਸਲੇ ਨਾਲ ਹਸਪਤਾਲੀ ਕਮਰਿਆਂ ਵਿੱਚ ਲੜਿਆ।

ਸਾਇਰ ਡਾ. ਸੁਰਜੀਤ ਪਾਤਰ:- ਭਾਅ ਜੀ ਗੁਰਸਰਨ ਸਿੰਘ ਦੀ ਸੂਹੀ ਲਾਟ ਦੇ ਵਾਰਸ, ਪਿੰਡਾਂ ਦੇ ਲੋਕਾਂ ਦੇ ਦਿਲਾਂ ਦਾ ਦਰਦ ਪਛਾਨਣ ਵਾਲੇ ਅਜਮੇਰ ਸਿੰਘ ਔਲਖ ਹੀ ਸਨ। ਮੈਂ ਕਦੀ ਲਿਖਿਆ ਸੀ ਕਿ-

"ਏਸ ਤਪਦੇ ਥਲ ਵਿੱਚ, ਦੂਸਰਾ ਕਿਹੜਾ ਖਲੋਵੇਗਾ।

ਏਸੇ ਹੀ ਥਲ 'ਚੋਂ ਉੱਗਿਆ ਕੋਈ ਰੁੱਖ ਹੋਵੇਗਾ"।

ਸੋ, ਏਸ ਲਈ ਔਲਖ ਇਸ ਧਰਤੀ 'ਚੋਂ ਉੱਗਿਆ ਰੁੱਖ, ਜਿਸਨੇ ਉਹ ਦੁੱਖ ਦੇਖੇ, ਉਹ ਪੀੜਾਂ ਦੇਖੀਆਂ।

ਪ੍ਰੋ. ਔਲਖ ਆਪਣੇ ਨਾਟਕਾਂ ਬਾਰੇ ਕਹਿੰਦਾ ਹੁੰਦਾ ਸੀ- ਮੇਰੇ ਨਾਟਕਾਂ ਵਿੱਚ ਮੇਰੇ ਆਪਣੇ ਹੀ ਰੰਗਮੰਚ ਉਤੇ ਪੇਸ਼ ਹੁੰਦੇ ਦਿਸਦੇ ਹਨ। ਉਹ ਲੜਦੇ-ਝਗੜਦੇ ਹਨ, ਰੋਂਦੇ-ਕਰਲਾਉਂਦੇ ਹਨ, ਰੁਸਦੇ-ਮੰਨਦੇ ਹਨ ਤੇ ਲੁੱਟੇ-ਖੋਹੇ ਜਾਂਦੇ ਮਰਦੇ-ਖਪਦੇ ਹਨ। ਮੈਂ ਆਪਣੇ ਨਾਟਕਾਂ ਵਿਚ ਆਪਣਿਆਂ ਦਾ ਹੀ ਢਿੱਡ ਨੰਗਾ ਕੀਤਾ ਹੈ।

**ਮਾਣ ਸਨਮਾਨ:-**

ਪੰਜਾਬੀ ਸਾਹਿਤ ਅਕਾਦਮੀ ਦੁਆਰਾ 'ਅਰਬਦ ਨਰਬਦ ਧੁੰਦੂਕਾਰਾ' ਨੂੰ 1981 ਵਿੱਚ ਬਿਹਤਰੀਨ ਇਕਾਂਗੀ ਪੁਰਸਕਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 'ਅੰਨ੍ਹੇ ਨਿਸਾਨਚੀ' ਨੂੰ 1983 ਵਿੱਚ ਈਸਵਰ ਚੰਦਰ ਪੁਰਸਕਾਰ, ਇੰਟਰਨੈਸਨਲ ਐਸੋਸੀਏਸਨ ਆਫ ਪੰਜਾਬੀ ਆਰਟਿਸਟਸ ਵੱਲੋਂ 1991 ਵਿੱਚ ਬਿਹਤਰੀਨ ਸਾਹਿਤਕਾਰ ਦਾ ਸਨਮਾਨ, ਪੰਜਾਬੀ ਸਾਹਿਤ ਅਕਾਦਮੀ ਵੱਲੋਂ 1996 ਕਰਤਾਰ ਸਿੰਘ ਧਾਲੀਵਾਲ ਇਨਾਮ, ਫੁੱਲ ਮੈਮੋਰੀਅਲ ਟਰੱਸਟ ਵੱਲੋਂ 1997 ਵਿੱਚ ਗੁਰਦਿਆਲ ਸਿੰਘ ਫੁੱਲ ਇਨਾਮ, ਲੋਕ ਸੱਭਿਆਚਾਰਿਕ ਵਿਕਾਸ ਮੰਚ ਜੈਤੋ ਵੱਲੋਂ 1999 ਪੰਜਾਬੀ ਰੰਗਮੰਚ ਸੇਵਾ ਸਨਮਾਨ, ਪੰਜਾਬੀ ਸਾਹਿਤ ਸਭਾ ਰਾਮਪੁਰਾ ਫੂਲ ਵੱਲੋਂ 1999 ਪੰਜਾਬੀ ਬੋਲੀ ਸੇਵਾ ਇਨਾਮ, ਪੰਜਾਬੀ ਕਲਾ ਕੇਂਦਰ ਬੰਬਈ ਚੰਡੀਗੜ੍ਹ ਵੱਲੋਂ 2000 ਬਲਰਾਜ ਸਾਹਨੀ ਯਾਦਗਾਰੀ ਇਨਾਮ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 2000 ਵਿੱਚ ਜੀਵਨ ਗੌਰਵ ਸਨਮਾਨ, ਸੰਨ 2000 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਨਾਟਕਕਾਰ ਦਾ ਪੁਰਸਕਾਰ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਿੱਤਾ ਗਿਆ।

ਸੰਨ 2003 ਵਿੱਚ ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ ਵੱਲੋਂ ਪੰਜਾਬੀ ਨਾਟਕਕਾਰ ਅਵਾਰਡ, ਭਾਰਤੀ ਸਾਹਿਤ ਅਕਾਦਮੀ ਨੇ 2006 ਵਿੱਚ ਇਕਾਂਗੀ ਸੰਗ੍ਰਹਿ 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਲਈ ਪੁਰਸਕਾਰ, ਭਾਰਤੀ ਸੰਗੀਤ ਨਾਟਕ ਅਕਾਦਮੀ, ਨਵੀਂ ਦਿੱਲੀ ਵੱਲੋਂ 22 ਮਾਰਚ 2006 ਨੂੰ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ ਅਬਦੁਲ ਕਲਾਮ ਨੇ ਆਪਣੇ ਕਰ-ਕਮਲਾਂ ਨਾਲ ਵਿਗਿਆਨ ਭਵਨ ਨਵੀਂ ਦਿੱਲੀ ਪੁਰਸਕਾਰ ਦਿੱਤਾ ਗਿਆ। ਇਸ ਤੋਂ ਇਲਾਵਾ ਗੁਰਸਰਨ ਸਿੰਘ ਲੋਕ ਕਲਾ ਸਨਮਾਨ ਕਾਫਲਾ ਵੱਲੋਂ 1 ਮਾਰਚ 2015 ਨੂੰ ਪ੍ਰੋ. ਔਲਖ ਨੂੰ ਹਜਾਰਾਂ ਲੋਕਾਂ ਦੇ ਇੱਕਠ ਵਿੱਚ 'ਭਾਈ ਲਾਲੋ ਕਲਾ ਸਨਮਾਨ' ਦੇ ਕੇ ਵੱਡਾ ਮਾਣ ਬਖਸ਼ਿਆ।

ਪ੍ਰੋ. ਅਜਮੇਰ ਔਲਖ ਨੂੰ ਉਹਨਾਂ ਦੀ ਨਾਟਕ ਕਲਾ ਤੋਂ ਸਮਝਦਿਆਂ, ਜੋ ਗੱਲ ਸਾਹਮਣੇ ਆਉਂਦੀ ਹੈ ਉਹ ਇਹੀ ਹੈ ਕਿ ਪ੍ਰੋ.ਔਲਖ ਨੇ ਆਪਣੇ ਨਾਟਕਾਂ ਵਿੱਚ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਪੇਂਡੂ ਮੁਹਾਵਰੇ ਰਾਹੀਂ ਰੰਗਮੰਚ 'ਤੇ ਲਿਆਂਦਾ ਹੈ। ਨਾਟਕਾਂ ਵਿੱਚ ਪੇਂਡੂ ਮੁਹਾਵਰੇ ਦੀ ਵਰਤੋਂ ਕਰਨ ਦਾ ਹੁਨਰ ਈਸਵਰ ਚੰਦਰ ਨੰਦਾ ਤੋਂ ਬਾਅਦ ਪ੍ਰੋ. ਅਜਮੇਰ ਔਲਖ ਦੇ ਹਿੱਸੇ ਹੀ ਆਇਆ। ਪ੍ਰੋ. ਔਲਖ ਦੇ ਨਾਟਕਾਂ ਦੀ ਬੋਲੀ ਆਮ ਲੋਕਾਂ ਦੀ ਬੋਲੀ ਸੀ, ਬੇਸੱਕ ਕੁੱਝ ਵਿਦਵਾਨ ਉਹਦੇ ਨਾਟਕਾਂ ਦੀ ਭਾਸਾ ਤੇ ਇਤਰਾਜ ਵੀ ਜਤਾਉਂਦੇ ਹਨ ਪਰ ਉਹ ਆਪਣੇ ਮਾਲਵੇ ਦੇ ਪਿੰਡਾਂ ਦੀ ਆਵਾਜ ਬਣਕੇ ਹੀ ਆਖਰੀ ਸਾਹ ਤੱਕ ਜਿਉਂਦਾ ਰਿਹਾ। ਉਹਦੇ ਪੇਂਡੂ ਪਾਤਰਾਂ ਦੇ ਬੋਲ ਉਹਦੀ ਮਲਵਈ ਬੋਲੀ ਕਰਕੇ ਸਿੱਧੇ ਦਰਸ਼ਕਾਂ ਦੇ ਦਿਲਾਂ ਤੇ ਆਪਣਾ ਪ੍ਰਭਾਵ ਪਾਉਂਦੇ ਹਨ।

ਉਹਦੇ ਨਾਟਕਾਂ ਨੂੰ ਪੇਂਡੂ ਲੋਕਾਂ ਨੇ ਆਪਣੇ ਹੋਣ ਦਾ ਮਾਣ ਵੀ ਖੂਬ ਦਿੱਤਾ। ਉਹਨਾਂ ਦੇ ਲਿਖੇ ਹਰੇਕ ਨਾਟਕ ਨੂੰ ਦੇਖਣ ਵਾਲਿਆਂ ਦਾ ਆਪਣਾ ਵਿਸਾਲ ਦਾਇਰਾ ਰਿਹਾ।

2008 ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਪ੍ਰੋ. ਔਲਖ ਜੂਝਦੇ ਆਪਣੀ ਜ਼ਿੰਦਗੀ ਨੂੰ 2017 ਤੱਕ ਤਾਂ ਲੈ ਆਏ ਪਰ 15 ਜੂਨ 2017 ਦਾ ਦਿਨ ਉਹਨਾਂ ਦੀ ਜ਼ਿੰਦਗੀ ਦਾ ਆਖਰੀ ਦਿਨ ਹੋ ਨਿੱਬੜਿਆ। ਪ੍ਰੋ. ਔਲਖ ਦੀ ਕਲਾ ਨੂੰ ਚਾਹੁਣ ਵਾਲੇ ਅੱਜ ਵੀ ਉਹਨਾਂ ਨੂੰ ਸੱਤ ਬਿਗਾਨੇ ਵਾਲਾ ਔਲਖ, ਬਿਗਾਨੇ ਬੋਹੜ ਦੀ ਛਾਂ ਵਾਲਾ ਔਲਖ, ਭੱਜੀਆਂ ਬਾਹਾਂ ਵਾਲਾ ਔਲਖ, ਅੰਨ੍ਹੇ ਨਿਸਾਨਚੀ ਵਾਲਾ ਔਲਖ, ਲੋਕ ਕਲਾ ਮੰਚ ਵਾਲਾ ਔਲਖ, ਮਾਨਸੇ ਦਾ ਪ੍ਰੋ. ਔਲਖ ਆਦਿ ਵੱਖੋ-ਵੱਖ ਆਪੋ-ਆਪਣੇ ਵੱਲੋਂ ਦਿੱਤੇ ਮਹੁਬੱਤੀ ਨਾਂਵਾਂ ਨਾਲ ਯਾਦ ਕਰਦੇ ਹਨ। ਪ੍ਰੋ. ਅਜਮੇਰ ਔਲਖ ਸੱਚਮੁੱਚ ਭਾਜੀ ਗੁਰਸਰਨ ਸਿੰਘ ਦੇ ਰੰਗਮੰਚੀ ਥੜੇ ਦਾ ਵਾਰਸ ਹੋ ਨਿੱਬੜਿਆ।

**ਸ. ਸੁਖਚੈਨ ਸਿੰਘ ਕੁਰੜ (ਪੰਜਾਬੀ ਅਧਿਆਪਕ ਤੇ ਭਾਸਾ ਮੰਚ ਸਰਪ੍ਰਸਤ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲਾ (ਫ਼ਿਰੋਜ਼ਪੁਰ)**

# ਬਾਤਾਂ ਫੁਕਰਿਆਂ ਦੀਆਂ

ਸੁਰੂ ਤੋਂ ਹੀ ਹਰ ਭਾਈਚਾਰੇ ਵਿੱਚ ਸਭ ਨੂੰ ਸੁਭਾਅ ਪੱਖੋਂ ਵੱਖ ਵੱਖ ਕਿਸਮ ਦੇ ਲੋਕ ਮਿਲਦੇ ਹਨ। ਕਿਸੇ ਦਾ ਸੁਭਾਅ ਨਰਮ ਹੁੰਦਾ ਤੇ ਕਿਸੇ ਦਾ ਸੁਭਾਅ ਗਰਮ ਹੁੰਦਾ ਹੈ। ਕੋਈ ਨਿਮਰ ਸੁਭਾਅ ਦਾ ਤੇ ਕੋਈ ਬੜਾ ਹੰਕਾਰੀ ਹੁੰਦਾ ਹੈ। ਕੋਈ ਵਹਿਮੀ ਤੇ ਕੋਈ ਸਪਸਟ ਜਿਹਾ ਇਨਸਾਨ ਹੁੰਦਾ ਹੈ।ਚਲੋ ਇਹ ਤਾਂ ਆਮ ਜਿਹੀ ਗੱਲ ਹੈ ਪਰ ਅੱਜ ਆਪਾਂ ਇੱਕ ਹੋਰ ਈ ਕਿਸਮ ਦੇ ਸੁਭਾਅ ਦੀ ਗੱਲ ਕਰਦੇ ਹਾਂ ਮਤਲਬ ਕਿ ਫੁਕਰਿਆਂ ਦੀ ਗੱਲ ਕਰਦੇ ਹਾਂ। ਵੈਸੇ ਫੁਕਰਾ ਕੌਣ ਹੁੰਦਾ ਹੈ ? ਅਸਲ ਵਿੱਚ ਫੁਕਰੇ ਬਾਹਲੇ ਈ ਡੰਡਪਾਊ ,ਵਿਖਾਵਾ ਕਰ ਕਰ ਕੇ ਆਪਣੇ ਆਪ ਨੂੰ ਮਹਾਨ,ਵੱਡੇ , ਅਮੀਰ, ਚੰਗੇ ਜਾਂ ਇਉਂ ਸਮਝ ਲਓ ਕਿ ਸਰਬ ਗੁਣਾਂ ਦੀ ਪੋਟਲੀ ਹੋਣ ਦੀ ਡੌਂਡੀ ਪਿੱਟਣ ਵਾਲੇ ਕਮੀਨੇ ਲੋਕ ਹੁੰਦੇ ਹਨ। ਇਸ ਕਿਸਮ ਦੇ ਲੋਕ ਸਾਡੇ ਸਮਾਜਿਕ, ਧਾਰਮਿਕ, ਰਾਜਨੀਤਕ ਤੇ ਸੱਭਿਆਚਾਰਕ ਖੇਤਰਾਂ ਵਿੱਚ ਆਮ ਹੀ ਵੇਖਣ ਨੂੰ ਮਿਲ ਜਾਂਦੇ ਹਨ।

ਇੱਕ ਵਾਰੀ ਦੀ ਗੱਲ ਆ ਕਿ ਸਾਡੇ ਜਾਣ ਪਛਾਣ ਚੋਂ ਇੱਕ ਕੁੜੀ ਮਿਲੀ,ਓਹਦਾ ਇੱਕ ਫੌਜੀ ਮੁੰਡੇ ਨਾਲ ਨਵਾਂ ਨਵਾਂ ਵਿਆਹ ਹੋਇਆ ਸੀ। ਮੈਂ ਉਸ ਨੂੰ ਪੁੱਛ ਲਿਆ ਕਿ ਪਤੀ ਫੌਜ ਵਿੱਚ ਕੀ ਕਰਦਾ ਹੈ ਤੇ ਕਿੰਨੇ ਚਿਰ ਬਾਅਦ ਗੇੜਾ ਮਾਰ ਲੈਂਦਾ ਹੈ, ਬੱਸ ਫੇਰ ਕੀ ਸੀ ਉਹਦੀਆਂ ਗੱਲਾਂ ਸੁਣ ਸੁਣ ਕੇ ਆਏਂ ਲੱਗੇ ਬਈ ਜਿਵੇਂ ਭਾਰਤ ਦੀ ਸਾਰੀ ਫੌਜ ਓਹਦੇ ਆਦਮੀ ਦੇ ਸਿਰ ਤੇ ਈ ਚੱਲਦੀ ਹੈ,ਆਖਣ ਲੱਗੀ,"ਇਹ (ਉਸ ਦਾ ਪਤੀ) ਤਾਂ ਰੋਜ ਬਾਰਡਰ ਟੱਪ ਕੇ ਗੁਆਂਢੀ ਮੁਲਕ ਜਾਂਦੇ ਹਨ,ਤੇ ਰਾਤ ਨੂੰ ਉਹਨਾਂ ਦਾ ਭੇਤ ਲੈ ਕੇ ਮੁੜਦੇ ਨੇ, ਇਹਨਾਂ ਦੀ ਸਲਾਹ ਬਿਨਾਂ ਆਰਮੀ ਵਾਲੇ ਕੁਛ ਨੀ ਕਰਦੇ। ਇਹ ਓਧਰੋਂ ਸਿਗਨਲ ਮਾਰ ਮਾਰ ਕੇ ਦੱਸ ਦੇ ਆ ਕਿ ਕਿੱਥੇ ਕੀ ਹੁੰਦਾ,ਬਾਰਡਰ ਦੀ ਸਾਰੀ ਆਰਮੀ ਇੰਨ੍ਹਾਂ ਦੇ ਸਿਰ ਤੇ ਈ ਚੱਲਦੀ ਆ,ਇਸ ਲਈ ਛੁੱਟੀ ਬਹੁਤ ਔਖੀ ਮਿਲਦੀ ਹੈ।"ਮੇਰੀ ਤਾਂ ਉਸ ਤੋਂ ਅੱਗੇ ਕੁਛ ਪੁੱਛਣ ਦੀ ਹਿੰਮਤ ਹੀ ਨਾ ਪਈ। ਇਸ ਕਿਸਮ ਦੇ ਫੁਕਰੇ ਸਾਡੇ ਸਮਾਜ ਨਾਲ ਸਬੰਧ ਰੱਖਦੇ ਹਨ। ਬਹੁਤ ਲੋਕਾਂ ਕੋਲ ਭਾਵੇਂ ਸਾਈਕਲ ਲੈਣ ਦੀ ਹਿੰਮਤ ਨਾ ਹੋਵੇ ਪਰ ਜੇ ਕਿਸੇ ਦੀ ਕੋਈ ਨਵੀਂ ਚੀਜ ਦੇਖਣ ਲੱਗਣ ਤਾਂ ਆਪਣੇ ਬਾਰੇ ਵਧਾ ਚੜ੍ਹਾ ਕੇ ਉਸ ਤੋਂ ਵੀ ਮਹਿੰਗੀ ਚੀਜ ਦਾ ਨਾਂ ਲੈ ਲੈ ਕੇ ਆਖਣਗੇ ਕਿ ਅਸੀਂ ਵੀ ਲੈਣ ਲੱਗੇ ਸੀ ਬੱਸ ਐਵੇਂ ਸਾਡੇ ਫਲਾਣੇ ਨੂੰ ਪਸੰਦ ਨੀ ਆਈ ਤਾਂ ਫਿਰ ਅਸੀਂ ਲਈ ਨੀ।

ਸਮਾਜ ਵਿੱਚ ਫੁਕਰਿਆਂ ਦੀ ਗਿਣਤੀ ਵਧਦੀ ਹੀ ਜਾ ਰਹੀ ਹੈ।ਲੋਕ ਅਸਲੀਅਤ ਤੋਂ ਦੂਰ ਭੱਜਦੇ ਬਨਾਵਟੀ ਜ਼ਿੰਦਗੀ ਵਿੱਚ ਜ਼ਿਆਦਾ ਦਿਲਚਸਪੀ ਲੈਣ ਲੱਗ ਪਏ ਹਨ। ਇੱਕ ਹੋਰ ਮੀਆਂ ਬੀਵੀ ਦੀ ਗੱਲ ਦੱਸਦੀ ਹਾਂ। ਉਹਨਾਂ ਨੇ ਸੋਸਲ ਮੀਡੀਆ ਤੇ ਯੂਟਿਊਬ ਤੇ ਆਪਣੇ ਆਪ ਨੂੰ ਲੋਕਾਂ ਵਿੱਚ ਇਸ ਤਰ੍ਹਾਂ ਪੇਸ ਕੀਤਾ ਹੋਇਆ ਹੈ ਕਿ ਉਹ ਬਹੁਤ ਘੁੰਮਣ ਫਿਰਨ ਵਾਲੇ, ਬਹੁਤ ਅਮੀਰ ਲੋਕ ਹਨ। ਬਹੁਤ ਲੋਕ ਮਗਰ ਲਾਏ ਹੋਏ ਹਨ। ਜਦ ਉਨ੍ਹਾਂ ਦੀ ਅਸਲੀਅਤ ਜ਼ਿੰਦਗੀ ਸਾਹਮਣੇ ਆਈ ਤਾਂ ਪਤਾ ਲੱਗਿਆ ਉਹ ਲੋਕਾਂ ਤੋਂ ਉਧਾਰ ਫੜ ਫੜ ਕੇ ਇਹ ਸਭ ਵਿਖਾਵੇ ਦੇ ਕੰਮ ਕਰ ਰਹੇ ਹਨ ਉਨ੍ਹਾਂ ਸਿਰ ਕਈ ਲੱਖਾਂ ਦਾ ਕਰਜਾ ਹੈ। ਕਈ ਵਾਰ ਉਹਨਾਂ ਦਾ ਬਿਜਲੀ ਦਾ ਬਿੱਲ ਨਾ ਭਰਨ ਕਾਰਨ ਕੁਨੈਕਸਨ ਕੱਟਿਆ ਗਿਆ ਹੈ।ਫੋਕੀ ਸੋਹਰਤ ਲਈ ਜਿਸ ਨਵੇਂ ਬੰਦੇ ਕੋਲ ਬੈਠਦੇ ਹਨ ਉਹਨਾਂ ਨੂੰ ਕਰੋੜਾਂ ਦੀਆਂ ਫੁਕਰੀਆਂ ਗੱਲਾਂ ਨਾਲ ਪ੍ਰਭਾਵਿਤ ਕਰਕੇ ਦੋ ਚਾਰ ਲੱਖ ਦੇ ਥੱਲੇ ਲਾ ਦਿੰਦੇ ਹਨ। ਮਗਰੋਂ ਕੀਹਦੀ ਮਾਂ ਨੂੰ ਮਾਸੀ ਆਖਣਾ ?

ਸਾਡੇ ਸਮਾਜ ਵਿੱਚ ਕਈ ਫੁਕਰੇ ਬਹੁਤ ਮਹਿੰਗੇ ਤੋਂ ਮਹਿੰਗੇ ਕੱਪੜੇ ਪਾ ਕੇ ਫਿਰ ਚਾਰ ਲੋਕਾਂ ਵਿੱਚ ਖੜ੍ਹ ਜਾਣ ਜਾਂ ਕਿਸੇ ਰਿਸਤੇਦਾਰੀ ਵਿੱਚ ਚਲੇ ਜਾਣ,ਫੁਕਰੀ ਸੁਰੂ ਹੋਣ ਲੱਗੇ ਦੇਰ ਨੀ ਲੱਗਦੀ, ਆਪਣੇ ਕੱਪੜਿਆਂ ਦੀ ਗੱਲ ਸੁਰੂ ਕਰਕੇ ਉਨ੍ਹਾਂ ਦੀ ਕੀਮਤ ਦੱਸੇ ਬਿਨਾਂ ਕਿੱਥੇ ਚੈਨ ਮਿਲਦੀ ਹੈ।ਕਈਆਂ ਵੱਲੋਂ ਗੱਡੀਆਂ ਦੀਆਂ ਗੱਲਾਂ ਕਰੀ ਜਾਣੀਆਂ, ਕਈਆਂ ਵੱਲੋਂ ਆਪਣੇ ਘਰ ਰੱਖੇ ਨੌਕਰਾਂ ਦੀਆਂ ਗੱਲਾਂ ਕਰੀ ਜਾਣਾ, ਰੁਤਬਿਆਂ ਦੀਆਂ ਗੱਲਾਂ ਕਰਨਾ, ਹੋਰ ਤਾਂ ਹੋਰ ਅੱਜ ਕੱਲ੍ਹ ਆਪਣੇ ਸਕਲ ਸੂਰਤ ਜਾਂ ਉਮਰ ਨੂੰ ਲੈਕੇ ਫੁਕਰੀਆਂ ਮਾਰਨਾ ਆਮ ਜਿਹੀ ਗੱਲ ਹੁੰਦੀ ਜਾ ਰਹੀ ਹੈ। ਕਈ ਫੁਕਰੇ ਤਾਂ ਆਪਣੇ ਆਪ ਨੂੰ ਮੋਹਤਬਰਪੁਣੇ ਦਾ ਦਿਖਾਵਾ ਕਰਨ ਲਈ ਅੱਠ ਦਸ ਚਮਚਿਆਂ ਨੂੰ ਦੋ ਤਿੰਨ ਗੱਡੀਆਂ ਵਿੱਚ ਬਿਠਾਏ ਬਿਨਾਂ ਕਿਤੇ ਤੁਰਦੇ ਈ ਨਹੀਂ,ਚਾਹੇ ਗਾਹਾਂ ਵਾਲਿਆਂ ਦਾ ਕੂੰਡਾ ਹੋ ਜਾਵੇ। ਕਿਸੇ ਦਾ ਧੇਲੇ ਦਾ ਕੰਮ ਨਾ ਕਰਨ ਵਾਲੇ ਮੋਢੀ ਬਣੇ ਫਿਰਦੇ ਹਨ, ਕਾਬਲੀਅਤਖੁਣੇ ਲੋਕ ਫੁਕਰੀਆਂ ਦੇ ਸਿਰ ਤੇ ਮਾਹਿਰਾਂ ਦੀਆਂ ਸੂਚੀਆਂ ਵਿੱਚ ਨਾਂ ਲਿਖਵਾਈ ਫਿਰਨਗੇ। ਸਾਡੇ ਸਮਾਜ ਵਿੱਚ ਫੁਕਰੀਆਂ ਮਾਰ ਮਾਰ ਕੇ ਗੱਲਾਂ ਦਾ ਕੜਾਹ ਬਣਾਉਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਹੈ।

ਇਸੇ ਤਰ੍ਹਾਂ ਧਾਰਮਿਕ ਖੇਤਰਾਂ ਵਿੱਚ ਸੱਚੇ ਸੁੱਚੇ ਮਾਰਗ ਦਰਸਕ ਬਹੁਤ ਘੱਟ ਮਿਲਣਗੇ,ਇਸ ਤੋਂ ਉਲਟ ਐਸੋ ਇਸਰਤ ਦਾ ਜੀਵਨ ਬਤੀਤ ਕਰਨ ਵਾਲੇ, ਬਹੁਤੀਆਂ ਗੱਲਾਂ ਮਾਰਨ ਵਾਲੇ, ਆਪਣੀ ਵਡਿਆਈ ਦੇ ਗੀਤ ਗਾਉਣ ਵਾਲੇ ਤੇ ਦੂਜਿਆਂ ਦਾ ਭੰਡੀ ਪ੍ਰਚਾਰ ਕਰ ਕਰ ਕੇ ਲੋਕਾਂ ਨੂੰ ਆਪਣੀਆਂ ਫੁਕਰੀਆਂ ਗੱਲਾਂ ਨਾਲ ਪ੍ਰਭਾਵਿਤ ਕਰਨ ਵਾਲੇ ਬਹੁਤੇ ਮਿਲਦੇ ਹਨ। ਰਾਜਨੀਤਕ ਫੁਕਰਿਆਂ ਦੀ ਤਾਂ ਗੱਲ ਹੀ ਛੱਡੋ,ਉਹ ਦੱਸਦੇ ਕੁਝ ਹਨ ਤੇ ਕਰਦੇ ਕੁਝ ਹਨ। ਸਭਿਆਚਾਰਕ ਖੇਤਰ ਵਿੱਚ ਵੀ ਫੁਕਰਿਆਂ ਨੇ ਕਮੀ ਨਹੀਂ ਛੱਡੀ ਉਸ ਵਿੱਚ ਵੀ ਸਭਿਆਚਾਰ ਦਾ ਊੜਾ ਆੜਾ ਨਾ ਜਾਨਣ ਵਾਲੇ ਲੋਕ ਸਭਿਆਚਾਰ ਦੇ ਰਖਵਾਲੇ ਬਣੇ ਫਿਰਦੇ ਹਨ।ਇਹ ਸਭ ਫੁਕਰੀਆਂ ਮਾਰ ਕੇ ਹੀ ਉੱਪਰ ਤੱਕ ਪਹੁੰਚਣ ਦਾ ਮਾਧਿਅਮ ਹੈ। ਇਸ ਤਰ੍ਹਾਂ ਕਈ ਵਾਰ ਹਮਾਤੜ - ਤਮਾਹਤੜ ਫੁਕਰੇ ਨਾ ਹੁੰਦੇ ਹੋਏ ਵੀ ਕਿਤੇ ਨਾ ਕਿਤੇ ਗਲਤੀ ਵਸ ਮਾੜੀ ਮੋਟੀ ਫੁਕਰੀ ਮਾਰ ਹੀ ਬੈਠਦੇ ਹਨ।ਪਰ ਫਿਰ ਵੀ ਫੁਕਰਿਆਂ ਦੀਆਂ ਫੁਕਰੀਆਂ ਗੱਲਾਂ ਨਾਲ ਮਨੋਰੰਜਨ ਤਾਂ ਕਰ ਲੈਣਾ ਚਾਹੀਦਾ ਹੈ ਪਰ ਫੁਕਰੇ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

**ਬਰਜਿੰਦਰ ਕੌਰ ਬਿਸਰਾਓ...**

**9988901324**



# ਕੁਦਰਤ ਨਾਲ ਖੇਡਣਾ

## (ਵਾਹਨਾਂ ਅਤੇ ਉਦਯੋਗਿਕ ਇਕਾਈਆਂ ਤੋਂ ਕਾਰਬਨ ਨਿਕਾਸ ਨੂੰ ਕੰਟਰੋਲ ਕਰਨਾ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ)

ਭਾਰਤ ਇੱਕ ਵਾਰ ਫਿਰ ਵਾਤਾਵਰਨ ਪੱਖੋਂ ਪਛੜਿਆ ਹੋਇਆ ਸਾਬਤ ਹੋਇਆ ਹੈ। ਇਹ ਇੱਕ ਸੌ ਅੱਸੀ ਦੇਸਾਂ ਦੀ ਸੂਚੀ ਵਿੱਚ ਸਭ ਤੋਂ ਹੇਠਾਂ ਹੈ। ਯੇਲ ਅਤੇ ਕੋਲੰਬੀਆ ਯੂਨੀਵਰਸਿਟੀ ਦੁਆਰਾ ਇੱਕ ਸੌ ਅੱਸੀ ਦੇਸਾਂ ਦੀ ਵਾਤਾਵਰਣ ਸਥਿਤੀ 'ਤੇ ਕੀਤੇ ਗਏ ਅਧਿਐਨ ਤੋਂ ਇਹ ਸਪੱਸਟ ਹੋਇਆ ਹੈ। ਇਸ ਅਧਿਐਨ 'ਚ ਭਾਰਤ ਤੋਂ ਇਲਾਵਾ ਰੂਸ ਅਤੇ ਚੀਨ ਦੀ ਸਥਿਤੀ ਵੀ ਚਿੰਤਾਜਨਕ ਹੈ। ਜਲਵਾਯੂ ਪਰਿਵਰਤਨ ਦੇ ਮੱਦੇਨਜਰ, ਦੁਨੀਆ ਦੇ ਸਾਰੇ ਦੇਸਾਂ ਨੇ ਮਿਲ ਕੇ 2050 ਤੱਕ ਆਪਣੇ ਕਾਰਬਨ ਨਿਕਾਸੀ ਵਿੱਚ 50 ਪ੍ਰਤੀਸਤ ਦੀ ਕਟੌਤੀ ਕਰਨ ਦਾ ਵਾਅਦਾ ਕੀਤਾ ਹੈ।ਪਰ ਤਾਜਾ ਅਧਿਐਨ ਤੋਂ ਇਹ ਸਪੱਸਟ ਹੈ ਕਿ 2050 ਤੱਕ ਭਾਰਤ ਅਤੇ ਚੀਨ ਦੁਨੀਆ ਦੇ ਸਭ ਤੋਂ ਵੱਧ ਕਾਰਬਨ ਨਿਕਾਸੀ ਕਰਨ ਵਾਲੇ ਦੇਸ ਹੋਣਗੇ। ਹਾਲਾਂਕਿ ਅੰਤਰਰਾਸਟਰੀ ਵਾਤਾਵਰਣ ਏਜੰਸੀਆਂ ਦੁਆਰਾ ਕੀਤੇ ਗਏ ਅਧਿਐਨਾਂ ਨੂੰ ਕਈ ਵਾਰ ਸੱਕ ਦੀ ਨਜਰ ਨਾਲ ਦੇਖਿਆ ਜਾਂਦਾ ਹੈ, ਪਰ ਇਹ ਵਿਕਾਸਸੀਲ ਦੇਸਾਂ 'ਤੇ ਦਬਾਅ ਪਾਉਣ ਲਈ ਵੀ ਹੁੰਦੇ ਹਨ।ਪਰ ਭਾਰਤ ਦੇ ਸਬੰਧ ਵਿੱਚ, ਵਾਤਾਵਰਣ ਪ੍ਰਦੂਸਣ ਦੇ ਸਬੰਧ ਵਿੱਚ ਇਹ ਕੋਈ ਬਹੁਤ ਹੈਰਾਨ ਕਰਨ ਵਾਲਾ ਅੰਕੜਾ ਨਹੀਂ ਹੈ। ਇਸ ਬਾਰੇ ਸਮੇਂ-ਸਮੇਂ 'ਤੇ ਅਧਿਐਨ ਆਉਂਦੇ ਰਹਿੰਦੇ ਹਨ ਅਤੇ ਲਗਭਗ ਸਾਰੇ ਹੀ ਇਸ ਦਿਸਾ ਵਿੱਚ ਸੁਧਾਰ ਕਰਨ ਦੀ ਲੋੜ ਨੂੰ ਰੇਖਾਂਕਿਤ ਕਰਦੇ ਰਹੇ ਹਨ। ਜਦੋਂ ਕਿ ਭਾਰਤ ਵਿੱਚ ਸਾਫ ਈਂਧਨ ਅਤੇ ਸੂਰਜੀ ਊਰਜਾ ਵਰਗੇ ਉਪਾਅ ਤੇਜੀ ਨਾਲ ਲਾਗੂ ਕੀਤੇ ਜਾ ਰਹੇ ਹਨ, ਵਾਹਨਾਂ ਅਤੇ ਉਦਯੋਗਿਕ ਇਕਾਈਆਂ ਤੋਂ ਕਾਰਬਨ ਨਿਕਾਸ ਨੂੰ ਕੰਟਰੋਲ ਕਰਨਾ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ। ਦੁਨੀਆ ਭਰ ਵਿੱਚ ਡੂੰਘਾ ਹੋ ਰਿਹਾ ਜਲਵਾਯੂ ਸੰਕਟ ਬਿਨਾਂ ਸੱਕ ਚਿੰਤਾ ਦਾ ਵਿਸਾ ਹੈ, ਜਿਸ ਨੂੰ ਦੂਰ ਕਰਨ ਦੇ ਉਦੇਸ ਨਾਲ ਸਾਰੇ ਦੇਸਾਂ ਨੇ ਮਿਲ ਕੇ ਕਾਰਬਨ ਨਿਕਾਸੀ ਵਿੱਚ ਕਟੌਤੀ ਕਰਨ ਦਾ ਸੰਕਲਪ ਲਿਆ ਹੈ। ਪਰ ਇਹ ਥੋੜਾ ਗੁੰਝਲਦਾਰ ਰਿਹਾ ਹੈ. ਕਾਰਬਨ ਨਿਕਾਸ ਨੂੰ ਘਟਾਉਣ ਦੇ ਉਪਾਅ ਲਾਗੂ ਕਰਨ ਦਾ ਮਤਲਬ ਹੈ ਇੱਥੇ ਬਹੁਤ ਸਾਰੀਆਂ ਉਦਯੋਗਿਕ ਅਤੇ ਵਿਕਾਸ ਗਤੀਵਿਧੀਆਂ ਨੂੰ ਰੋਕਣਾ।ਜਿੰਨੀ ਆਸਾਨੀ ਨਾਲ ਵਿਕਸਿਤ ਦੇਸ ਇਹ ਕੰਮ ਕਰ ਸਕਦੇ ਹਨ, ਵਿਕਾਸਸੀਲ ਦੇਸਾਂ ਲਈ ਇਹ ਓਨਾ ਆਸਾਨ ਨਹੀਂ ਹੈ। ਜੇਕਰ ਭਾਰਤ ਕਾਰਬਨ ਨਿਕਾਸ ਨੂੰ ਘਟਾਉਣ ਲਈ ਤੁਰੰਤ ਕਦਮ ਚੁੱਕਦਾ ਹੈ ਤਾਂ ਇਸਦੀ ਵਿਕਾਸ ਦਰ 'ਤੇ ਸਿੱਧਾ ਅਸਰ ਪਵੇਗਾ। ਇਹੀ ਕਾਰਨ ਹੈ ਕਿ ਅਮਰੀਕਾ ਵਰਗਾ ਵਿਕਸਤ ਦੇਸ ਵੀ ਕਾਰਬਨ ਨਿਕਾਸੀ ਨੂੰ ਘਟਾਉਣ ਦੇ ਉਪਰਾਲੇ ਕਰਨ ਤੋਂ ਪਿੱਛੇ ਹਟ ਰਿਹਾ ਹੈ।ਤਾਜਾ ਅਧਿਐਨ ਵਿੱਚ, ਇਹ ਪਹਿਲਾਂ ਨਾਲੋਂ ਹੇਠਾਂ ਖਿਸਕ ਗਿਆ ਹੈ, ਕਿਉਂਕਿ ਟਰੰਪ ਸਰਕਾਰ ਨੇ ਕਾਰਬਨ ਨਿਕਾਸੀ ਵਿੱਚ ਕਟੌਤੀ ਲਈ ਉਪਾਵਾਂ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ। ਚੀਨ ਅਤੇ ਰੂਸ ਵਿਚ ਵਾਤਾਵਰਣ ਦੀ ਸਥਿਤੀ ਵੀ ਚਿੰਤਾਜਨਕ ਬਣੀ ਹੋਈ ਹੈ ਕਿਉਂਕਿ ਉਹ ਆਪਣੀਆਂ ਉਦਯੋਗਿਕ ਅਤੇ ਵਿਕਾਸ ਨੀਤੀਆਂ ਵਿਚ ਕੋਈ ਬਦਲਾਅ ਨਹੀਂ ਕਰਨਾ ਚਾਹੁੰਦੇ ਹਨ। ਅਜਿਹੇ ਵਿੱਚ ਭਾਰਤ ਦੀਆਂ ਮੁਸਕਲਾਂ ਲੁਕੀਆਂ ਨਹੀਂ ਹਨ।ਪਰ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਵਾਤਾਵਰਣ ਪ੍ਰਦੂਸਣ ਕਾਰਨ ਭਾਰਤ ਵਿੱਚ ਮਨੁੱਖੀ ਜੀਵਨ ਨਾਲ ਜੁੜੀਆਂ ਸਮੱਸਿਆਵਾਂ ਬਹੁਤ ਵੱਧ ਗਈਆਂ ਹਨ। ਹਰ ਸਾਲ ਇੱਥੇ ਲੱਖਾਂ ਲੋਕ ਪ੍ਰਦੂਸਣ ਕਾਰਨ ਪੈਦਾ ਹੋਣ ਵਾਲੀਆਂ ਅਜਿਹੀਆਂ ਖਤਰਨਾਕ ਬਿਮਾਰੀਆਂ ਕਾਰਨ ਮਰਦੇ ਹਨ। ਇੱਥੋਂ ਦੇ ਮਹਾਨਗਰਾਂ 'ਚ ਸਰਦੀਆਂ 'ਚ ਲੋਕਾਂ ਨੂੰ ਲੰਬੇ ਸਮੇਂ ਤੱਕ ਸਾਹ ਲੈਣਾ ਮੁਸਕਿਲ ਹੋ ਜਾਂਦਾ ਹੈ।ਪ੍ਰਦੂਸਣ ਦੇ ਕਾਰਨ ਲੁਕੇ ਨਹੀਂ ਹਨ। ਨਾ ਤਾਂ ਫੈਕਟਰੀਆਂ ਪ੍ਰਦੂਸਣ ਸਬੰਧੀ ਨਿਯਮਾਂ ਦੀ ਸਹੀ ਢੰਗ ਨਾਲ ਪਾਲਣਾ ਕਰਦੀਆਂ ਹਨ ਅਤੇ ਨਾ ਹੀ ਜਲ, ਜੰਗਲਾਤ, ਭੂਮੀ ਨਿਗਰਾਨ ਵਿਭਾਗ ਇਨ੍ਹਾਂ ਨੂੰ ਸੁਰੱਖਿਅਤ ਰੱਖਣ ਲਈ ਸੰਵੇਦਨਸੀਲ ਹਨ।ਇਸ ਕਾਰਨ ਦਰਿਆ ਗੰਦੇ ਨਾਲਿਆਂ ਵਿੱਚ ਬਦਲ ਗਏ ਹਨ। ਪਹਾੜ ਨੰਗੇ ਹੋ ਰਹੇ ਹਨ, ਜੰਗਲੀ ਖੇਤਰ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ। ਸੜਕਾਂ ਆਪਣੀ ਸਮਰੱਥਾ ਤੋਂ ਕਈ ਗੁਣਾ ਵੱਧ ਵਾਹਨਾਂ ਦਾ ਦਬਾਅ ਝੱਲ ਰਹੀਆਂ ਹਨ। ਜੇਕਰ ਇਨ੍ਹਾਂ ਬੁਨਿਆਦੀ ਗੱਲਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ ਤਾਂ ਭਾਰਤ ਨੂੰ ਇਸ ਤਰ੍ਹਾਂ ਦੀਆਂ ਵਾਤਾਵਰਣ ਦੀਆਂ ਅਸਫਲਤਾਵਾਂ ਲਈ ਸਰਮਿੰਦਾ ਨਾ ਹੋਣਾ ਪਵੇ।

**ਵਿਜੈ ਗਰਗ ਸੇਵਾ ਮੁਕਤ ਪ੍ਰਿੰਸਪਲ ਮਲੋਟ ਪੰਜਾਬ**

# ਰੱਬ ਜੋ ਕਰਦਾ... ਇੱਕ ਕੌੜੀ ਯਾਦ

ਗੱਲ 1995 ਦੀ ਹੈ।ਮੈਂ ਦਸਵੀਂ ਜਮਾਤ ਦੇ ਸਾਲਾਨਾ ਨਤੀਜੇ ਤੋਂ ਬਾਅਦ ਆਈ.ਟੀ.ਆਈ. ਕਰਨ ( ਉਦਯੋਗਿਕ ਸਿਖਲਾਈ ਲੈਣ ) ਲਈ ਸ਼੍ਰੀ ਅਨੰਦਪੁਰ ਸਾਹਿਬ ਤੋਂ ਚੰਡੀਗੜ੍ਹ ਵਿਖੇ ਸਾਈਕਲ 'ਤੇ ਜਾ ਕੇ ਲਿਖਤੀ ਇਮਤਿਹਾਨ ਦਿੱਤਾ।ਅਗਸਤ ਦਾ ਮਹੀਨਾ ਸੀ। ਡਾਕੀਆ ਨਤੀਜੇ ਵਾਲੀ ਚਿੱਠੀ ਘਰੇ ਪਹੁੰਚਾ ਗਿਆ।ਮੈਂ ਤੀਸਰੇ ਸਥਾਨ 'ਤੇ ਆਇਆ ਸੀ।ਖੁਸ਼ੀ ਬਹੁਤ ਹੋਈ।ਪਿੰਡ ਵਾਲਿਆਂ ਨੇ ਤੇ ਹੋਰਨਾਂ ਨੇ ਵਧਾਈ ਵੀ ਦਿੱਤੀ।ਪਰ ਸਮੱਸਿਆ ਪੈਸੇ ਦੀ ਸੀ। ਮੇਰੇ ਕੋਲ ਆਈ. ਟੀ. ਆਈ. ( ਉਦਯੋਗਿਕ ਸਿਖਲਾਈ ਸੰਸਥਾ ) ਨੰਗਲ ਡੈਮ ਵਿਖੇ ਦਾਖਲਾ ਲੈਣ ਲਈ ਪੈਸੇ ਨਹੀਂ ਸੀ।ਘਰ ਦੇ ਹਾਲਾਤ ਬਦ ਤੋਂ ਬਦਤਰ ਤਾਂ ਪਹਿਲਾਂ ਹੀ ਸੀ।ਹਮੇਸ਼ਾਂ ਰੋਟੀ - ਰਾਗ਼ ਦੇ ਲਾਲੇ ਪਏ ਰਹਿੰਦੇ ਸੀ।ਮੈਂ ਆਪਣੇ ਸਾਰੇ ਜਾਣਕਾਰਾਂ ਕੋਲ ਪੰਜ - ਸੱਤ ਸੌ ਰੁਪਏ ਦਾ ਪ੍ਰਬੰਧ ਕਰਨ ਲਈ ਕਾਫੀ ਹੱਥ ਪੱਲਾ ਮਾਰਿਆ।ਪਰ ਖ਼ੈਰ ਨਹੀਂ ਪਈ।ਆਖ਼ਿ?ਰ ਮੈਂ ਆਪਣੇ ਦਾਖਲੇ ਵਾਲੇ ਦਿਨ ਸਾਈਕਲ ਚੁੱਕ ਕੇ ਆਈ.ਟੀ.ਆਈ. ਨੰਗਲ ਡੈਮ ਵਿਖੇ ਪਹੁੰਚ ਗਿਆ।ਥੋੜ੍ਹੀ ਕਿਣਮਿਣ ਹੋ ਰਹੀ ਸੀ।ਜਲਦੀ ਹੀ ਮੈਂ ਆਪਣੀ ਵਾਰੀ ਆਉਣ ਦਾ ਇੰਤਜ਼ਾਰ ਕਰਨ ਲੱਗ ਪਿਆ।ਛੇਤੀ ਹੀ ਮੇਰੇ ਕਾਗਜ਼ - ਪੱਤਰ ਦੇਖ ਕੇ ਪ੍ਰਬੰਧਕਾਂ ਨੇ ਮੈਨੂੰ 526 ਰੁਪਏ ਦਾਖਲਾ ਫੀਸ ਜਮ੍ਹਾਂ ਕਰਵਾਉਣ ਲਈ ਕਿਹਾ।ਪਰ 526 ਰੁਪਏ ਦਾ ਨਾਂ ਸੁਣ ਕੇ ਮੈਂ ਘਬਰਾ ਗਿਆ।ਮੈਂ ਆਪਣੇ ਕੋਲ ਪੈਸੇ ਨਾ ਹੋਣ ਦੀ ਗੱਲ ਸੰਸਥਾ ਦੇ ਪ੍ਰਬੰਧਕਾਂ / ਪ੍ਰਿੰਸੀਪਲ ਨੂੰ ਦੱਸੀ।ਉਹਨਾਂ ਨੇ ਮੈਨੂੰ ਦੋ ਘੰਟੇ ਦਾ ਸਮਾਂ ਦਿੱਤਾ ਤੇ ਕਿਹਾ ਕਿ ਦੋ ਘੰਟੇ ਵਿੱਚ 526 ਰੁਪਏ ਦਾ ਪ੍ਰਬੰਧ ਕਰ ਲਓ , ਨਹੀਂ ਤਾਂ ਇਹ ਦਾਖਲਾ ਸੀਟ ਨਹੀਂ ਮਿਲਣੀ।ਮੈਂ ਨਿਰਾਸ਼ ਤੇ ਹਤਾਸ਼ ਹੋ ਕੇ ਸਾਈਕਲ ਚੁੱਕਿਆ ਤੇ ਘਰ ਆ ਗਿਆ।ਮੈਂ 526 ਰੁਪਏ ਦਾ ਇੰਤਜਾਮ ਕਿਸੇ ਪਾਸਿਓਂ ਵੀ ਨਾ ਕਰ ਸਕਿਆ।ਉਸ ਦਿਨ ਮੇਰੇ ਨਾਲ਼ ਜੋ ਬੀਤੀ ਮੈਨੂੰ ਪਤਾ। ਕਈ ਦਿਨ ਮਨ ਨੂੰ ਸਦਮਾ ਲੱਗਾ ਰਿਹਾ ਤੇ ਮੈਂ ਸੋਚਦਾ ਰਿਹਾ ਕਿ ਮੇਰੀ ਜ਼ਿ?ਦਗੀ ਦਾ ਭਵਿੱਖ ਕੀ ਹੋਵੇਗਾ ? ਮੈਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਤੇ ਮੈਂ ਘਰ ਦਾ ਗੁਜ਼ਾਰਾ ਚਲਾਉਣ ਲਈ ਲਗਭਗ 13 - 14 ਸਾਲ ਤੱਕ ਅਤਿਅੰਤ ਕਠਿਨ ਪ੍ਰਸਥਿਤੀਆਂ ਵਿੱਚ ਰਹਿ ਕੇ ਮਿਹਨਤ - ਮਜ਼ਦੂਰੀ ਕੀਤੀ , ਬਹੁਤ ਕੁੱਝ ਏਸ ਦੁਨੀਆ ਤੋਂ ਸਿੱਖਿਆ ਵੀ।ਪਰ ਨਾਲ ਹੀ ਪੜ੍ਹਾਈ ਵੀ ਪ੍ਰਾਈਵੇਟ ਤੌਰ 'ਤੇ ਜਾਰੀ ਰੱਖੀ ਤੇ ਰਾਤ ਨੂੰ ਸਮਾਂ ਲਗਾ ਕੇ ਪੜ੍ਹਾਈ ਕਰਦਾ ਰਿਹਾ ; ਕਿਉਂਕਿ ਦਿਨ ਨੂੰ ਕੰਮ - ਧੰਦੇ 'ਤੇ ਜੋ ਜਾਣਾ ਹੁੰਦਾ ਸੀ।ਇਸ ਦੌਰਾਨ ਮੈਂ ਅੰਦਰੋਂ ਟੁੱਟ ਚੁੱਕਿਆ ਸੀ।ਦੁਨੀਆਂ ਮੇਰੇ 'ਤੇ ਹੱਸ ਰਹੀ ਸੀ।ਕਿਸੇ ਨੇ ਮੇਰੀ ਬਾਂਹ ਨਹੀਂ ਫੜੀ।ਪਰ ਮੈਨੂੰ ਆਪਣੀ ਮਿਹਨਤ ਅਤੇ ਪ੍ਰਮਾਤਮਾ 'ਤੇ ਪੂਰਾ ਭਰੋਸਾ ਸੀ।ਇਸ ਦੌਰਾਨ ਮੈਂ ਚੰਗਾ ਸਾਹਿਤ ਪੜ੍ਹਨ ਨਾਲ ਜੁੜਿਆ , ਕਦੇ ਆਤਮਹੱਤਿਆ ਕਰਨ ਬਾਰੇ ਵੀ ਨਾ ਸੋਚਿਆ ਅਤੇ ਨਾ ਹੀ ਕਿਸੇ ਨਸ਼ੇ ਦੀ ਲੱਤ ਲਗਾਈ।ਸਮਾਂ ਬੀਤਦਾ ਗਿਆ।ਮੈਂ ਆਪਣੀ ਮਿਹਨਤ ਤੇ ਲਗਨ ਨਾਲ ਈ.ਟੀ.ਟੀ. ਟੈਸਟ ਪਾਸ ਕਰ ਲਿਆ।ਮੈਂ ਚੰਗੇ ਤੇ ਪਰਉਪਕਾਰੀ ਇਨਸਾਨਾਂ ਦੀ ਸਹਾਇਤਾ ਨਾਲ ਦੋ ਸਾਲਾ ਈ.ਟੀ.ਟੀ. ਅਧਿਆਪਕ ਕੋਰਸ ਪੂਰਾ ਕਰਕੇ ਸਰਕਾਰੀ ਅਧਿਆਪਕ ਦੇ ਅਹੁਦੇ 'ਤੇ ਪਹੁੰਚ ਗਿਆ ।ਅੱਜ ਪਰਮਾਤਮਾ ਦੀ ਮਿਹਰ ਸਦਕਾ ਮੇਰੀ ਧਰਮ ਪਤਨੀ ਵੀ ਸਰਕਾਰੀ ਅਧਿਆਪਕਾ ਦੇ ਅਹੁਦੇ 'ਤੇ ਹੈ।ਮੈਂ ਅੱਜ ਸੰਨ 1995 ਦੇ ਅਗਸਤ ਮਹੀਨੇ , 526 ਰੁਪਏ , ਕਿਣਮਿਣ ਹੋ ਰਹੀ ਬਾਰਸ਼ , ਆਪਣੇ ਸਾਈਕਲ ਤੇ ਆਪਣੇ ਉਸ ਹਾਲਾਤ ਨੂੰ ਯਾਦ ਕਰਕੇ ਸੋਚਦਾ ਹਾਂ ਕਿ ਪਰਮਾਤਮਾ ਜੋ ਕਰਦਾ ਹੈ , ਸਾਡੇ ਫ਼ਾਇਦੇ ਲਈ ਸਹੀ ਹੀ ਕਰਦਾ ਹੈ।ਭਾਵੇਂ ਕਿ ਸਾਨੂੰ ਇਸ ਬਾਰੇ ਕਾਫੀ ਅਰਸੇ ਬਾਅਦ ਹੀ ਮਹਿਸੂਸ ਹੁੰਦਾ ਹੈ।ਜੇਕਰ ਮੈਨੂੰ ਉਸ ਸਮੇਂ ਆਈ.ਟੀ.ਆਈ. ਵਿੱਚ ਦਾਖਲਾ ਮਿਲ ਜਾਂਦਾ ਤਾਂ ਸ਼ਾਇਦ ਮੈਂ ਅੱਜ ਅਧਿਆਪਨ ਦੇ ਇਸ ਮਹਾਨ , ਪਵਿੱਤਰ ਤੇ ਪਰਉਪਕਾਰੀ ਕਿੱਤੇ ਨਾਲ ਕਦੇ ਨਾ ਜੁੜ ਪਾਉਂਦਾ ਤੇ ਸ਼ਾਇਦ ਲੇਖਕ ਵੀ ਨਾ ਬਣਦਾ।

**ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**
**9478561356**

# ਅਮੀਰਾਂ ਦੀ ਹੋਲੀ ਤੇ ਗਰੀਬਾਂ ਦੀ ਹੋਲੀ

ਇੱਕ ਵਾਰ ਦੀ ਗੱਲ ਹੈ।ਇੱਕ ਪਿੰਡ ਵਿੱਚ ਕੁਝ ਗ਼ਰੀਬ ਲੋਕਾਂ ਦੇ ਘਰ ਸਨ ਅਤੇ ਕੁਝ ਅਮੀਰ ਲੋਕਾਂ ਦੇ ਘਰ ਸਨ।ਉਸੇ ਪਿੰਡ ਵਿੱਚ ਇੱਕ ਹਰਦੀਪ ਨਾਂ ਦਾ ਮੁੰਡਾ ਰਹਿੰਦਾ ਸੀ।ਉਹ ਇੱਕ ਅਮੀਰ ਸੇਠ ਦਾ ਲੜਕਾ ਸੀ।ਇੱਕ ਵਾਰ ਹੋਲੀ ਦਾ ਦਿਨ ਸੀ।ਉਸ ਹੋਲੀ ਵਿੱਚ ਅਮੀਰ ਲੋਕ ਮਹਿੰਗੇ - ਮਹਿੰਗੇ ਰੰਗਾਂ , ਚਾਈਨਾ ਰੰਗਾਂ ਅਤੇ ਵਧੀਆ ਰੰਗ - ਬਿਰੰਗੀਆਂ ਪਿਚਕਾਰੀਆਂ ਲੈ ਕੇ ਹੋਲੀ ਖੇਡਣ ਲੱਗੇ।ਹਰਦੀਪ ਵੀ ਆਪਣੇ ਪਰਿਵਾਰ ਨਾਲ ਹੋਲੀ ਖੇਡਣ ਲੱਗਾ।ਉਸ ਪਿੰਡ ਦੇ ਗਰੀਬ ਬੱਚਿਆਂ ਨੇ ਆਪਣੀਆਂ ਮਾਤਾਵਾਂ ਕੋਲ਼ ਬੇਨਤੀ ਕੀਤੀ ਕਿ ਅਸੀਂ ਵੀ ਹੋਲੀ ਖੇਡਣੀ ਹੈ।ਪਰ ਸਮੱਸਿਆ ਇਹ ਸੀ ਕਿ ਉਨ੍ਹਾਂ ਕੋਲ ਅਮੀਰ ਲੋਕਾਂ ਵਾਂਗੂ ਵਧੀਆ ਰੰਗ ਤੇ ਵਧੀਆ ਪਿਚਕਾਰੀਆਂ ਨਹੀਂ ਸਨ।ਗਰੀਬ ਲੋਕਾਂ ਨੇ ਬਾਂਸ ਦੇ ਦਰੱਖਤ ਤੋਂ ਪਿਚਕਾਰੀਆਂ ਬਣਾ ਲਈਆਂ ਅਤੇ ਫੁੱਲਾਂ , ਹਲਦੀ , ਲੱਕੜ ਦੇ ਬੂਰੇ ਤੋਂ ਰੰਗ ਆਦਿ ਬਣਾ ਲਏ ਅਤੇ ਉਨ੍ਹਾਂ ਨੇ ਵੀ ਖੁਸ਼ੀ - ਖੁਸ਼ੀ ਹੋਲੀ ਦਾ ਤਿਉਹਾਰ ਮਨਾਇਆ। ਹਰਦੀਪ ਦੇ ਪਿਤਾ ਜੀ ਨੂੰ ਹੋਲੀ ਖੇਡਦੇ ਸਮੇਂ ਯਾਦ ਆਇਆ ਕਿ ਅੱਜ ਉਨ੍ਹਾਂ ਨੇ ਆਪਣੀ ਕੰਪਨੀ ਦੇ ਲਈ ਦੱਸ ਲੱਖ ਰੁਪਏ ਦਾ ਕੰਟਰੈਕਟ ਲੈਣ ਜਾਣਾ ਸੀ ।ਪਰ ਹਰਦੀਪ ਦੇ ਪਿਤਾ ਜੀ ਕੋਲ ਉਸ ਮੀਟਿੰਗ ਵਿੱਚ ਜਾਣ ਲਈ ਹੋਰ ਸਾਫ ਕੱਪੜੇ ਨਹੀਂ ਸਨ ; ਕਿਉਂਕਿ ਉਸ ਦੇ ਕੱਪੜੇ ਰੰਗਾਂ ਨਾਲ ਰੰਗ ਗਏ ਹੋਏ ਸਨ। ਇਹ ਦੇਖ - ਸਮਝ ਕੇ ਬੱਚਿਆਂ ਨੇ ਹਰਦੀਪ ਦੇ ਪਿਤਾ ਦੇ ਕੱਪੜਿਆਂ ਨੂੰ ਜਲਦੀ ਹੀ ਪਾਣੀ ਨਾਲ ਧੋ ਦਿੱਤਾ।ਹਰਦੀਪ ਦੇ ਪਿਤਾ ਦੇ ਕੱਪੜਿਆਂ ਵਿੱਚੋਂ ਰੰਗ ਨਿਕਲ ਗਿਆ।ਪਰ ਹਰਦੀਪ ਦੇ ਪਿਤਾ ਜੀ ਹੈਰਾਨ ਹੋਏ ਕਿ ਉਹਨਾਂ ਨੇ ਤਾਂ ਹੋਲੀ ਖੇਡਣ ਸਮੇਂ ਮਹਿੰਗੇ ਰੰਗਾਂ ਦੀ ਵਰਤੋਂ ਕੀਤੀ ਸੀ। ਜੋ ਕਿ ਕਈ ਦਿਨ ਤੱਕ ਨਹੀਂ ਸਨ ਉਤਰਦੇ।ਤਦ ਸਾਰੇ ਬੱਚਿਆਂ ਨੇ ਇਕੱਠੇ ਹੋ ਗਏ ਹਰਦੀਪ ਦੇ ਪਿਤਾ ਜੀ ਨੂੰ ਦੱਸਿਆ ਕਿ ਅਸੀਂ ਜੋ ਫੁੱਲਾਂ , ਲੱਕੜ ਦੇ ਬੁਰਾਦੇ ਅਤੇ ਹੋਰ ਘਰੇਲੂ ਵਸਤਾਂ ਨਾਲ ਰੰਗ ਬਣਾਏ ਸਨ , ਤੁਹਾਨੂੰ ਵੀ ਬਿਨਾਂ ਦੱਸੇ ਉਹੀ ਰੰਗ ਹੋਲੀ ਖੇਡਣ ਲਈ ਦੇ ਦਿੱਤੇ ਸਨ।ਜੋ ਕਿ ਕੱਪੜੇ ਧੋਣ ਨਾਲ ਤੁਰੰਤ ਹੀ ਨਿਕਲ ਗਏ ਅਤੇ ਤੁਹਾਡੇ ਕੱਪੜੇ ਜਲਦੀ ਸਾਫ਼ ਹੋ ਗਏ। ਹਰਦੀਪ ਦੇ ਪਿਤਾ ਜੀ ਖੁਸ਼ ਸਨ।ਉਹ ਜਲਦੀ - ਜਲਦੀ ਕੰਪਨੀ ਲਈ ਦੱਸ ਲੱਖ ਰੁਪਏ ਕੰਟਰੈਕਟ ਲੈਣ ਲਈ ਚਲੇ ਗਏ।ਪ੍ਰਮਾਤਮਾ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਦੱਸ ਲੱਖ ਦਾ ਕੰਟਰੈਕਟ ਮਿਲ ਗਿਆ।ਹਰਦੀਪ ਦੇ ਪਿਤਾ ਜੀ ਬਹੁਤ ਖੁਸ ਸਨ।ਉਨ੍ਹਾਂ ਨੇ ਖ਼ੁਸ਼ ਹੋ ਕੇ ਗਰੀਬ ਲੋਕਾਂ ਦੇ ਨਵੇਂ ਮਕਾਨ ਬਣਾ ਦਿੱਤੇ ਤੇ ਉਨ੍ਹਾਂ ਲਈ ਪੈਸਿਆਂ ਦਾ ਵੀ ਪ੍ਰਬੰਧ ਕੀਤਾ।ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਹੋਲੀ ਦਾ ਤਿਉਹਾਰ ਘਰ ਬਣਾਏ ਹੋਏ ਰੰਗਾਂ , ਫੁੱਲਾਂ ਆਦਿ ਨਾਲ ਖੇਡ ਕੇ ਮਨਾਉਣਾ ਚਾਹੀਦਾ ਹੈ। ਸਾਨੂੰ ਗਰੀਬ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ।

**ਅਦਿੱਤਿਆਪ੍ਰੀਤ ਸਿੰਘ ,**
**ਸ੍ਰੀ ਅਨੰਦਪੁਰ ਸਾਹਿਬ, ਗਾਈਡ ਅਧਿਆਪਕ : ਮਾਸਟਰ ਸੰਜੀਵ ਧਰਮਾਣੀ**

# ਲਾਲਚ ਤਾਂ ਥੋੜ੍ਹਾ ਵੀ ਬੁਰਾ......

" ਹੈਲੋ "

"ਹਾਂ ਬਾਈ ਕੌਣ ਬੋਲਦੈ ?" ਬੰਤੋ ਨੇ ਪੁੱਛਿਆ।

" ਮੈਂ ਫਲਾਣੀ ਕੰਪਨੀ ਦੇ ਦਫ਼ਤਰ ਵਿੱਚੋਂ ਬੋਲ ਰਿਹਾ ਹਾਂ। ਆਪ ਜੀ ਨੂੰ ਇੱਕ ਸਕੀਮ ਬਾਰੇ ਦੱਸਣਾ ਚਾਹੁੰਦਾ ਹਾਂ।ਮੈਮ! ਇਹ ਸਿਰਫ ਤੁਹਾਡੇ ਲੱਕੀ ਨੰਬਰ ਤੇ ਹੀ ਆਈ ਹੈ ਜੀ।"

" ਮੈਨੂੰ ਨਹੀਂ ਸਮਝ ਲੱਗਦੀ ਭਾਈ ਕੀ ਕਹਿ ਰਿਹੈਂ ਤੂੰ।" ਬੰਤੋ ਨੂੰ ਗੱਲ ਸਮਝ ਨਹੀਂ ਸੀ ਆ ਰਹੀ।

" ਪਲੀਜ਼ ਫੋਨ ਨਾ ਕੱਟਿਓ... ਤੁਹਾਡੇ ਫਾਇਦੇ ਦੀ ਗੱਲ ਹੈ।" ਫੋਨ ਕਰਨ ਵਾਲੇ ਨੇ ਕਿਹਾ।

" ਸਾਡੇ ਫਾਇਦੇ ਦੀ? ....... ਕਿਵੇਂ ਭਾਈ ?" ਫਾਇਦੇ ਦੀ ਗੱਲ ਸੁਣ ਕੇ ਬੰਤੋ ਨੇ ਫੋਨ ਨਾ ਕੱਟਿਆ।

" ਮੇਰੀ ਗੱਲ ਧਿਆਨ ਨਾਲ ਸੁਣਨਾ, ਤੁਸੀਂ ਸਿਰਫ ਫੋਨ ਸੁਣਨਾ ਹੈ.... ਜੋ ਤੁਹਾਡੇ ਨੰਬਰ ਤੇ ਆਵੇਗਾ ਤੁਹਾਡੇ ਫੋਨ ਵਿੱਚ ਪੈਸੇ ਅਸੀਂ ਪਵਾ ਦਿਆ ਕਰਾਂਗੇ ਤੁਸੀਂ ਸਿਰਫ ਗੱਲ ਸੁਣਨੀ ਹੋਇਆ ਕਰੇਗੀ ?"

" ਅਸੀਂ ਤਾਂ ਭਾਈ ਬਾਹਰਲੇ ਦੇਸ਼ ਵੀ ਗੱਲ ਕਰਨੀ ਹੁੰਦੀ ਹੈ......।" ਬੰਤੋ ਨੇ ਸੋਚਿਆ ਕਿਤੇ ਭਾਈ ਬਾਅਦ ਵਿੱਚ ਇਹ ਨਾ ਕਹਿ ਦੇਵੇ ਕਿ ਤੁਸੀਂ ਪਹਿਲਾਂ ਕਿਉਂ ਨਹੀਂ ਦੱਸਿਆ। ਉਸ ਨੇ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਆਵਾਜ਼ ਆਈ।

" ਜੋ ਵੀ ਤੁਹਾਡਾ ਮੋਬਾਇਲ ਖਰਚਾ ਹੋਵੇਗਾ ਅਸੀਂ ਦਿਆ ਕਰਾਂਗੇ ।" ਭਾਈ ਨੇ ਕਾਫ਼ੀ ਗੱਲਾਂ ਬੰਤੋ ਨੂੰ ਸਮਝਾਈਆਂ।

" ਠੀਕ ਐ ਭਾਈ....।" ਬੰਤੋਂ ਖੁਸ਼ੀ ਨਾਲ ਹੁੱਬ ਕੇ ਬੋਲੀ।

" ਸ਼ੁਕਰੀਆ ਜੀ।" ਕਹਿ ਕੇ ਭਾਈ ਨੇ ਫੋਨ ਕੱਟ ਦਿੱਤਾ ਗਿਆ।

ਬੰਤੋ ਸੋਚ ਰਹੀ ਸੀ ਘਰੇ ਬੈਠੇ ਬਿਠਾਏ ਚੱਲੋ ਉਸ ਨੇ ਮੋਬਾਈਲ ਦਾ ਖਰਚਾ ਤਾਂ ਘੱਟ ਕੀਤਾ ।

"ਕਿਸੇ ਕੌਂਪਨੀ ਆਲ਼ੇ ਭਾਈ ਦਾ ਫੋਨ ਤੀ..... ਕਹਿੰਦਾ ਆਪੇ ਪੈਸੇ ਪਵਾਊਂ ਥੋਡੇ ਫੋਨ 'ਚ... ਬੱਸ ਤੁਸੀਂ ਘੜੀ ਦੀ ਘੜੀ ਗੱਲ ਸੁਣਨੀ ਐ......ਜਿੰਨੀ ਵਾਰੀ ਫੋਨ ਆਊਗਾ ਤੁਸੀਂ ਚੁੱਕਣਾ... ਬੱਸ ਨਰਮਾਈ ਤੇ ਪਿਆਰ ਨਾਲ ਗੱਲ ਕਰਨੀ ਐ।" ਉਹ ਨੂੰਹ ਨੂੰ ਦੱਸਣ ਲੱਗੀ।

"ਬੇਬੇ ਕੋਈ ਹੋਰ ਨਾ ਪੰਗਾ ਪਾ ਲਈਂ।" ਨੂੰਹ ਬੋਲੀ।

"ਤੂੰ ਤਾਂ ਬਾਰਾਂ ਪੜ੍ਹ ਕੇ ਵੀ ਅਨਪੜ੍ਹਾਂ ਵਰਗੀ ਹੀ ਰਹੀ।" ਬੰਤੋ ਨੇ ਨੂੰਹ ਦੀ ਗੱਲ ਤੇ ਮੂੰਹ ਜਿਹਾ ਮਰੋੜ ਕੇ ਆਖਿਆ। ਉਸ ਤੋਂ ਖੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ। ਆਪਣੀ ਸਿਆਣਪ ਤੇ ਉਸ ਨੂੰ ਫਖਰ ਮਹਿਸੂਸ ਹੋ ਰਿਹਾ ਸੀ। ਉਸ ਦਾ ਦਿਲ ਕਰਦਾ ਸੀ ਕਿ ਉਹ ਉੱਡ ਕੇ ਖੇਤ ਚਲੀ ਜਾਵੇ ਆਪਣੇ ਪਤੀ ਨੂੰ ਦੱਸੇ ਕਿ ਹੁਣ ਫੋਨ ਵਿੱਚ ਪੈਸੇ ਪਵਾਉਣ ਦੀ ਲੋੜ ਨਹੀਂ.... ਉਸ ਨੇ ਇੰਤਜਾਮ ਕਰ ਲਿਆ।

ਬੰਤੋ ਅਜੇ ਸੋਚ ਰਹੀ ਸੀ ਕਿ ਫੋਨ ਦੀ ਘੰਟੀ ਵੱਜੀ ਉਹ ਇੱਕ ਦਮ ਤ੍ਰਭਕ ਗਈ। ਉਸ ਨੇ ਫਿਰ ਚੰਗੀ ਤਰ੍ਹਾਂ ਕੰਨ ਨੰਗੇ ਕਰਕੇ ਫੋਨ ਕੰਨ 'ਤੇ ਲਾਇਆ ਤੇ ਪਿਆਰ ਨਾਲ 'ਹੈਲੋ' ਕਿਹਾ।

" ਆਪ ਕਾ ਨਾਮ ਕਿਆ ਹੈ...? ਅੱਗੋਂ ਆਵਾਜ਼ ਆਈ।

" ਜੀ ਮੇਰਾ ਨਾਮ.....।" ਬੰਤੋ ਚੁੱਪ ਕਰ ਗਈ ਸੋਚਣ ਲੱਗੀ........... ਵਿਆਹ ਵੇਲੇ ਉਸ ਦਾ ਨਾਂ ਕੁਲਵੰਤ ਸੀ ਬੰਤੋ ਤਾਂ ਬਾਅਦ ਵਿਚ ਕਹਿਣ ਲੱਗ ਪਏ ਸੀ।

" ਆਪ ਕੁਛ ਬੋਲ ਕਿਉਂ ਨਹੀਂ ਰਹੇ ?"

"ਜੀ ਕੁਲਵੰਤ .......।"

"ਵਾਓ!.....ਕਿਤਨਾ ਸੁੰਦਰ, ਕਿਤਨਾ ਪਿਆਰਾ ਨਾਮ ਹੈ ਆਪ ਕਾ।" ਬੰਤੋ ਦੀਆਂ ਲੱਤਾਂ ਕੰਬਣ ਲੱਗ ਪਈਆਂ ਏਨੇ ਪਿਆਰ ਨਾਲ ਤਾਂ ਕਦੇ ਦੀਪੇ ਦੇ ਬਾਪੂ ਨੇ ਵੀ ਉਸ ਦੇ ਨਾਂ ਦੀ ਤਾਰੀਫ ਨਹੀਂ ਸੀ ਕੀਤੀ ।

" ਕਾਮ ਕਿਆ ਕਰਤੇ ਹੋ ?"

" ਕੰਮ ਤਾਂ ਭਾਈ ਘਰ ਦਾ ਸਾਰਾ ਹੀ ਕਰਦੀ ਆਂ । ਮੈਂ ਲੋਕਾਂ ਦੀਆਂ ਬੁੜ੍ਹੀਆਂ ਆਂਗੂੰ ਨੂੰਹ ਦੇ ਸਿਰ ਤੇ ਨਹੀਂ ਛੱਡ ਦੀ ਸਾਰਾ ਕੰਮ। ਧਾਰਾਂ ਵੀ ਆਪ ਕੱਢਦੀਆਂ ਗੋਹਾ ਕੂੜਾ ਵੀ ਸਿੱਟ ਦਿੰਨੀ ਆਂ..........।" ਕੰਮ ਗਿਣਾਉਂਦਿਆਂ ਬੰਤੋ ਨੂੰ ਪਤਾ ਹੀ ਨਹੀਂ ਲੱਗਿਆ ਕਿਹੜੇ ਵੇਲੇ ਅਗਲੇ ਨੇ ਫੋਨ ਕੱਟ ਦਿੱਤਾ। ਸੋਚ ਰਹੀ ਸੀ 'ਕਿੰਨਾ ਮਿੱਠਾ ਬੋਲਦੇ ਨੇ ਲੋਕ। ਸਾਡੇ ਵਾਲਿਆਂ ਨੂੰ ਤਾਂ ਪਿਆਰ ਨਾਲ ਬੋਲਣਾ ਈ ਨ੍ਹੀਂ ਆਉਂਦਾ....... ਉੱਖੜੇ ਕੁਹਾੜੇ ਆਂਗੂੰ ਪੈਂਦੇ ਨੇ।' ਬੰਤੋ ਨੇ ਫਹੁੜਾ ਚੁੱਕਿਆ ।ਮੱਝਾਂ ਦਾ ਗੋਹਾ ਹਟਾਉਣ ਲੱਗੀ। ਘੰਟੀ ਫਿਰ ਵੱਜੀ ਨੂੰਹ ਨੇ ਫੋਨ ਚੁੱਕਿਆ।

" ਹੈਲੋ... ਜੀ ਆਪ ਕਾ ਨਾਮ ਕਿਆ ਹੈ ?" ਫੋਨ ਕਰਨ ਵਾਲੇ ਨੇ ਪੁੱਛਿਆ।

" ਤੂੰ ਨਾਮ ਤੋਂ ਕੀ ਲੈਣਾ ਵੀਰੇ...ਗੱਲ ਕੀਹਦੇ ਨਾਲ ਕਰਨੀ ਐ ਉਹ ਦੱਸ ?" ਨੂੰਹ ਨੇ ਆਖਿਆ।

" ਵੀਰਾ ਨਹੀਂ ਸਿਰਫ ਫਰੈਂਡ...।" ਅੱਗੋਂ ਅਵਾਜ਼ ਆਈ।

ਵਹੁਟੀ ਨੇ ਫੋਨ ਕੱਟ ਦਿੱਤਾ ਗੁੱਸੇ ਵਿੱਚ ਬੁੜ ਬੁੜ ਕਰਦੀ ਰਹੀ.......ਲੱਗਦਾ ਫਰੈਂਡ ਦਾ... ਲੱਤਾਂ ਤੁੜਵਾਉਣੀਆਂ ਹੋਣਗੀਆਂ...।"

" ਕੀ ਹੋ ਗਿਆ ਕੁੜੇ ਤੈਨੂੰ ?" ਬੰਤੋ ਨੂੰਹ ਨੂੰ ਬੁੜਬੁੜ ਕਰਦਿਆਂ ਦੇਖ ਕੇ ਪੁੱਛਣ ਲੱਗੀ।

" ਹੋਣਾ ਕੀ ਐ.....ਕਿਸੇ ਦਾ ਫ਼ੋਨ ਆਇਆ ਸੀ, ਮੇਰਾ ਨਾਂ ਪੁੱਛਦਾ ਸੀ ਟੁੱਟ ਪੈਣਾ... ।

" ਫੇਰ ਤਾਂ ਮੇਰਾ ਫੋਨ ਹੋਊ ।" ਬੰਤੋ ਨੇ ਕਿਹਾ।

" ਤੂੰ ਬੇਬੇ ਐਹੋ ਜੇ ਫੋਨ ਸੁਣਦੀ ਐਂ?

"ਨਾ ਨਾ ਮੈਂ ਕਾਹਨੂੰ ਸੁਣਦੀਆਂ।" ਕਹਿ ਕੇ ਬੰਤੋ ਕੰਮ ਕਰਨ ਜਾ ਲੱਗੀ। ਫੋਨ ਦੀ ਘੰਟੀ ਫਿਰ ਵੱਜੀ ਪੋਤੇ ਨੇ ਫੋਨ ਚੁੱਕਿਆ। ਉਹ ਕਾਫ਼ੀ ਸਮਾਂ ਗੱਲਾਂ ਕਰਦਾ ਰਿਹਾ। ਬੰਤੋ ਨੇ ਪੁੱਛਿਆ " ਕੀਹਦਾ ਫੋਨ ਐ?"

ਪਰ ਮੁੰਡੇ ਨੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਤੇ ਥੋੜ੍ਹੀ ਦੇਰ ਬਾਅਦ ਫੋਨ ਫੜੀ ਆਪਣੀ ਭੈਣ ਨੂੰ ਹਾਕਾਂ ਮਾਰਨ ਲੱਗ ਪਿਆ ਕੁੜੀ ਨੂੰ ਫੋਨ ਜਾ ਫੜਾਇਆ ।

ਮਾਂ ਨੇ ਪੁੱਛਿਆ, " ਉਹਦੀ ਸਹੇਲੀ ਦਾ ਫੋਨ ਤੀ ਵੇ ?"

"ਪਤਾ ਨਹੀਂ ਸਾਰਿਆਂ ਬਾਰੇ ਪੁੱਛ ਕੇ ਕਹਿੰਦਾ ਤੇਰੀ ਦੀਦੀ ਨਾਲ ਗੱਲ ਕਰਾ।"

ਮਾਂ ਨੇ ਮੱਥੇ ਤੇ ਹੱਥ ਮਾਰਿਆ ਤੇ ਕੁੜੀ ਵੱਲ ਭੱਜੀ। ਕੁੜੀ ਤੋਂ ਫੋਨ ਖੋਹ ਲਿਆ। ਕੁੜੀ ਘਬਰਾਈ ਜਿਹੀ ਆਵਾਜ਼ ਵਿੱਚ ਬੋਲੀ, " ਮੰਮੀ! ਪਤਾ ਨ੍ਹੀਂ ਕੀਹਦਾ ਫੋਨ ਫੜਾ ਗਿਆ ਮੈਨੂੰ।"

" ਗਲਤ ਫੋਨ ਆਉਂਦੇ ਨੇ ਪੁੱਤ..... ਆਪਣੇ ਨੰਬਰ ਤੇ ਤੂੰ ਨਾ ਚੱਕਿਆ ਕਰ।"

ਅੱਧੇ ਕੁ ਘੰਟੇ ਬਾਅਦ ਫੋਨ ਫੇਰ ਨੂੰਹ ਨੇ ਚੁੱਕਿਆ, " ਜੀ ਕੁਲਵੰਤ ਜੀ ਸੇ ਬਾਤ ਕਰਵਾਈਏ ਪਲੀਜ਼।" ਨੂੰਹ ਨੇ ਬੰਤੋ ਨੂੰ ਪੁੱਛਿਆ, " ਬੇਬੇ ਆਪਣੇ ਕੁਲਵੰਤ ਕੌਣ ਐ ?"

ਬੰਤੋ ਨੇ ਫੋਨ ਫੜ ਕੇ 'ਹੈਲੋ' ਕਿਹਾ।

" ਆਪ ਕੁਲਵੰਤ ਜੀ ਬੋਲ ਰਹੇ ਹੋ ?"

"ਹਾਂ ਜੀ"

" ਆਪ ਕੋ ਹਿੰਦੀ ਬੋਲੀ ਨਹੀਂ ਆਤੀ" ਭਾਈ ਨੇ ਕਿਹਾ।

" ਘੱਟ ਆਤੀ ਹੈ ਜੀ।"

" ਚੱਲੋ ਮੈਂ ਪੰਜਾਬੀ ਮੇਂ ਹੀ ਬਾਤ ਕਰੂੰਗਾ.... ਕੁਲਵੰਤ ਜੀ... ਤੁਹਾਡਾ ਨਾਮ ਬਹੁਤ.... ਪਿਆਰਾ ਹੈ। ਲੱਗਦਾ ਹੈ ਜਿੰਨਾ ਪਿਆਰਾ ਨਾਮ ਹੈ... ਇੰਨੇ ਹੀ ਪਿਆਰੇ ਤੁਸੀਂ ਹੋਵੇਗੇ।" ਬੰਤੋ ਫਿਰ ਸੋਚਣ ਲੱਗੀ.... ਮਨਾਂ ਤੇਰੀ ਤਾਂ ਕਦੇ ਕਿਸੇ ਨੇ ਕਦਰ ਈ ਨ੍ਹੀਂ ਪਾਈ, ਇੰਨੇ ਪਿਆਰ ਨਾਲ ਸਾਰੀ ਉਮਰ ਊਈਂ ਨੀ ਕਦੇ ਕਿਸੇ ਨੇ ਗੱਲ ਕੀਤੀ। ਐਨੇ ਪਿਆਰ ਨਾਲ ਉਸ ਨੂੰ ਕੋਈ ਬੋਲੇ ਹਜ਼ਮ ਨਹੀਂ ਸੀ ਹੋ ਰਿਹਾ ਲੱਗਦਾ। ਉਸ ਨੂੰ ਲੱਗਿਆ ਜਿਵੇਂ ਉਸ ਦੇ ਢਿੱਡ ਵਿੱਚ ਵੱਟ ਜਿਹੇ ਪੈਂਦੇ ਹੋਣ।

" ਹੈਲੋ...ਹੈਲੋ.... ਕੁਲਵੰਤ ਜੀ ਮੇਰੀ ਗੱਲ ਸੁਣ ਰਹੇ ਓ ਨਾ?

"ਹਾਂ ਜੀ, ਹਾਂ ਜੀ।" ਉਹ ਜਿਵੇਂ ਕਿਸੇ ਨੀਂਦ ਵਿੱਚੋਂ ਜਾਗੀ ਹੋਵੇ। 'ਹਾਏ ਰੱਬਾ ..ਕੁਲਵੰਤ ਜੀ... ਕਹਿ ਕੇ ਬੋਲ ਰਿਹੈ ਭਾਈ । ਕਿੰਨੀ ਮਿੱਠੀ ਬੋਲੀ।'ਉਹ ਸੋਚ ਰਹੀ ਸੀ ।

"ਕੁਲਵੰਤ ਜੀ, ਤੁਸੀਂ ਵੀ ਕੁਛ ਕਹੋ। ਮੈਂ 'ਕੱਲਾ ਹੀ ਬੋਲ ਰਿਹਾਂ। ਕੋਈ ਜਵਾਬ ਦਿਓ... ਕਿਹੜੀ ਕਲਾਸ ਵਿੱਚ ਪੜ੍ਹਦੇ ਓ। ਤੁਹਾਡੀ ਪੜ੍ਹਾਈ ਕਿੰਨੀ ਕੁ ਐ?"

"ਪੜ੍ਹਾਈ ਤਾਂ ਮੇਰੇ ਬੇਬੇ ਦੱਸਦੀ ਹੁੰਦੀ ਸੀ, ਮੇਰਾ ਬਾਪੂ ਮੈਨੂੰ ਮੋਢਿਆਂ ਤੇ ਬਿਠਾ ਕੇ ਸਕੂਲ ਛੱਡ ਕੇ ਆਉਂਦਾ ਸੀ। ਇੱਕ ਵਾਰੀ ਐਹਾ ਜਾ ਗੋਡੇ ਤੇ ਫੋੜਾ ਨਿਕਲਿਆ। ਇੱਕ ਮਹੀਨਾ ਸੂਤ ਨ੍ਹੀਂ ਆਇਆ...ਮੁੜ ਕੇ ਬਾਪੂ ਨੇ ਸਕੂਲ ਨ੍ਹੀਂ ਜਾਣ ਦਿੱਤਾ...... ਬਾਹਲ਼ੀ ਲਾਡਲੀ ਤੀ ਮੈਂ ਮੇਰੇ ਪਿਉ ਨੂੰ।" ਉਹ ਮਿੱਠਾ ਬੋਲਣ ਦੀ ਪੂਰੀ ਕੋਸ਼ਿਸ਼ ਕਰ ਰਹੀ ਸੀ। ਉਸ ਨੂੰ ਪਤਾ ਵੀ ਨਾ ਲੱਗਾ ਕਿਹੜੇ ਵੇਲੇ ਦੂਜੇ ਪਾਸਿਓਂ ਫ਼ੋਨ ਕੱਟ ਦਿੱਤਾ ਗਿਆ।

ਦੋ ਕੁ ਵਾਰ ਹੋਰ ਫੋਨ ਆਇਆ ਬੰਤੋ ਦਾ ਜੀਅ ਕਾਹਲਾ ਪੈਣ ਲੱਗ ਪਿਆ। ਐਨੀਆਂ ਕਿੰਨੀਆਂ ਕੁ ਗੱਲਾਂ ਕਰ ਸਕਦਾ ਕੋਈ। ਸ਼ਾਮ ਤੱਕ ਬੰਤੋ ਨੇ ਹੀ ਫੋਨ ਚੁੱਕੇ... ਕੋਈ ਉਮਰ ਪੁੱਛੇ....... ਕੋਈ ਪੜ੍ਹਾਈ ਪੁੱਛੇ.... ਕੋਈ ਨੌਕਰੀ ਬਾਰੇ..... ਕੋਈ ਪਰਿਵਾਰ ਦੇ ਮੈਂਬਰਾਂ ਬਾਰੇ...। ਕੋਈ ਪਸੰਦ ਦੀ ਫਿਲਮ, ਕੋਈ ਗਾਣੇ। ਨੂੰਹ ਨੇ ਚੇਤੇ ਕਰਾਇਆ ਕਿ ਬਾਪੂ ਖੇਤੋਂ ਘਰ ਨਹੀਂ ਆਇਆ। ਬੰਤੋ ਨੇ ਦੇਖਿਆ ਚਾਰ ਵੱਜਣ ਵਾਲੇ ਸੀ ਤੇ ਡੇਢ ਦੋ ਵਜੇ ਉਸ ਦੇ ਘਰ ਵਾਲਾ ਘਰੇ ਗੇੜਾ ਮਾਰਦਾ ਹੁੰਦਾ ਚਾਹ ਰੋਟੀ ਖਾਣ ਲਈ।

"ਤੂੰ ਹੁਣ ਦੱਸਦੀ ਐਂ...... ਫੂਨ ਕਰਕੇ ਨ੍ਹੀਂ ਪੁੱਛ ਸਕਦੀ ਸੀ ?

" ਫੋਨ ਤਾਂ ਸਾਰਾ ਦਿਨ ਵਿਹਲਾ ਨ੍ਹੀਂ ਹੋਇਆ ਅੱਜ।" ਨੂੰਹ ਨੇ ਜਵਾਬ ਸੁਣਾਇਆ। ਬੰਤੋ ਨੇ ਫੋਨ ਫੜਾਉਂਦਿਆਂ ਕਿਹਾ, "ਹੁਣ ਲਾ ਕੇ ਪੁੱਛ ਕਿਉਂ ਨ੍ਹੀਂ ਆਇਆ ?" ਨੂੰਹ ਨੇ ਨੰਬਰ ਮਿਲਾ ਕੇ ਬੰਤੋ ਨੂੰ ਫੜਾ ਦਿੱਤਾ।

ਬੰਤੋ ਦੇ ਮੂੰਹੋਂ ਹੌਲੀ ਕੁ ਦੇਣੇ 'ਹੈਲੋ' ਨਿਕਲਿਆ।

" ਕੌਣ ਬੋਲਦੈ ?" ਅੱਗੋਂ ਆਵਾਜ਼ ਆਈ।

" ਮੈਂ ਕੁਲਵੰਤ...। ਬੰਤੋ ਸਵੇਰ ਦੀ ਮਿੱਠਾ ਬੋਲਦੀ ਬੋਲਦੀ ਭੁੱਲ ਚੁੱਕੀ ਸੀ ਕਿ ਪਰਿਵਾਰ ਵਾਲੇ ਉਸ ਦੀ ਅਸਲੀ ਆਵਾਜ਼ ਹੀ ਪਛਾਣਦੇ ਨੇ।

" ਕਿਹੜੀ ਕੁਲਵੰਤ ?"

" ਬੰਤੋ ਬੋਲਦੀ ਆਂ ਮੈਂ।" ਉਹ ਉੱਚੀ ਦੇਣੇ ਬੋਲੀ।

" ਹੈਂਅ...... ਬੋਲ ਤਾਂ...... ਮਰੀ ਜ੍ਹੀ 'ਵਾਜ ਕਿਉਂ ਕੱਢਦੀ ਐਂ। ਪੰਜਾਹ ਫੋਨ ਕਰ 'ਤੇ ਹੋਣਗੇ.....। ਚਾਹ ਖੇਤ ਮੰਗਵਾਉਣੀ ਸੀ। ਮੋਟਰਾਂ ਆਲੀ ਲੈਟ ਆਈ ਹੋਈ ਐ।"

" ਹੁਣ ਫੇਰ.....?"

" ਆ ਰਿਹਾਂ ਹੁਣ ਘਰੇ।"

ਬੰਤੋ ਨੇ ਆਪਣੇ ਆਪ ਨੂੰ ਕਿਹਾ, ' ਨਪੁੱਤੇ ਦੀਏ ਕਿਧਰ ਉਲਝ ਗੀ ਤੂੰ। ਉਹ ਵਿਚਾਰਾ ਭੁੱਖਣ ਭਾਣਾ ਖੇਤ ਕੰਮ ਕਰਦਾ ਫਿਰਦੈ ਤੇ ਤੂੰ ਲੋਕਾਂ ਨਾਲ ਗੱਲਾਂ ਕਰਦੀ ਫਿਰਦੀ ਐਂ... ਜਿਹਨਾਂ ਨਾਲ ਜਾਣ ਨਾ ਪਛਾਣ..... ਘਰ ਦਾ ਭੇਤ ਤਾਂ ਉਈਂ ਨੀਂ ਦਈਦਾ ਕਿਸੇ ਨੂੰ.....ਤੂੰ ਕਿਉਂ ਬੌਲ਼ ਮੱਧ ਲਿਆ। ਨਾਲੇ ਜੇ ਦੀਪੇ ਦੇ ਬਾਪੂ ਨੂੰ ਪਤਾ ਲੱਗ ਗਿਆ, ਉਹ ਗਾਲ੍ਹਾਂ ਦਿਊ। ਦੀਪੇ ਨੂੰ ਪਤਾ ਲੱਗ ਗਿਆ ਉਹ ਔਖਾ ਹੋਊ।' ਉਸ ਦਾ ਸਾਰਾ ਜੋਸ਼ ਠੰਢਾ ਪੈ ਗਿਆ। ਮੁੰਡਾ ਕਿਸੇ ਕੰਮ ਸ਼ਹਿਰ ਗਿਆ ਸੀ, ਆ ਕੇ ਉਹ ਲੜਨ ਵਰਗਾ ਹੋ ਗਿਆ ਕਿ ਉਸ ਨੇ ਐਨੇ ਵਾਰੀ ਫੋਨ ਲਾਇਆ.... ਬਿਜੀ... ਆਈ ਜਾਂਦਾ ਸੀ।..... 'ਕੀਹਦੇ ਨਾਲ ਗੱਲੀਂ ਲੱਗੀਆਂ ਸੀ।' ਨੂੰਹ ਨੇ ਬੇਬੇ ਵੱਲ ਦੇਖਿਆ, ਪਰ ਬੇਬੇ ਨੇ ਕੁੱਝ ਨਹੀਂ ਦੱਸਿਆ ਤੇ ਨੂੰਹ ਵੀ ਚੁੱਪ ਹੀ ਰਹੀ। ਐਨੇ ਨੂੰ ਬਾਪੂ ਘਰੇ ਆ ਗਿਆ। ਉਹ ਆ ਕੇ ਬੰਤੋ ਦੇ ਗਲ਼ ਪੈ ਗਿਆ। ਬੰਤੋ ਨੂੰ ਸਮਝ ਨਾ ਆਵੇ ਕਿ ਕੀ ਕਹੇ ਅਤੇ ਕੀ ਕਰੇ। ਫੋਨ ਦੀ ਘੰਟੀ ਫੇਰ ਵੱਜਣੀ ਸ਼ੁਰੂ ਹੋ ਗਈ। ਬੰਤੋ ਨੇ ਫੋਨ ਚੁੱਕ ਕੇ ਲਾਲ ਨਿਸ਼ਾਨ ਵਾਲਾ ਬਟਨ ਦਬਾ ਦਿੱਤਾ। ਥੋੜ੍ਹੀ ਦੇਰ ਬਾਅਦ ਫੇਰ ਘੰਟੀ ਵੱਜਣ ਲੱਗੀ। ਬੰਤੋ ਫੋਨ ਚੁੱਕ ਕੇ ਗਵਾਂਢੀਆਂ ਦੇ ਕਾਲਜ ਪੜ੍ਹਦੇ ਮੁੰਡੇ ਕੋਲ ਲੈ ਕੇ ਚਲੀ ਗਈ। ਮੁੰਡੇ ਨੇ ਬਥੇਰਾ ਮੱਥਾ ਮਾਰਿਆ। ਫੋਨ ਆਉਣੇ ਬੰਦ ਨਾ ਹੋਏ। ਪਰ ਮੁੰਡੇ ਨੇ ਘੰਟੀ ਦੀ ਅਵਾਜ਼ ਘਟਾ ਦਿੱਤੀ।

ਜਦੋਂ ਬੰਤੋ ਘਰੇ ਵਾਪਸ ਆਈ ਤਾਂ ਉਸ ਦੇ ਪਤੀ ਨੇ ਆਖਿਆ, "ਕੁਲਵੰਤ ਕੁਰੇ ਕਿੰਨੇ ਪੈਸੇ ਪਵਾਉਣਗੇ ਤੇਰੇ ਕੌਂਪਨੀ ਵਾਲੇ।" ਬੰਤੋ ਸਮਝ ਗਈ ਕਿ ਇਹਨਾਂ ਨੂੰ ਪਤਾ ਲੱਗ ਗਿਆ।

"ਬਸ ਐਂ ਸੋਚ ਲਿਆ ਕਈ ਵਾਰੀ ਪੈਸੇ ਨ੍ਹੀਂ ਹੁੰਦੇ ਘਰੇਂ ਪਵਾਉਣ ਨੂੰ... ਆਪੇ ਪਾ ਦਿਆ ਕਰਨਗੇ।" ਉਸ ਨੇ ਨਿੰਮੋਝੂਣੀ ਜਿਹੀ ਹੋ ਕੇ ਆਖਿਆ।

" ਊਠ ਤੋਂ ਛਾਨਣੀ ਲਾਹਿਆਂ ਭਾਰ ਹੌਲੇ ਨ੍ਹੀਂ ਹੁੰਦੇ ਕੁਲਵੰਤ ਕੁਰੇ।"

" ਲਿਆ ਬੇਬੇ....... ਮੈਂ ਠੀਕ ਕਰਾ ਕੇ ਲਿਆਵਾਂ ਮੋਬਾਈਲਾਂ ਵਾਲੇ ਤੋਂ.... ਉਹ ਠੀਕ ਕਰ ਦਿੰਦੇ ਹੁੰਦੇ ਨੇ.... ਮੇਰੇ ਦੋਸਤ ਨੇ ਠੀਕ ਕਰਾਇਆ ਤੀ ਇੱਕ ਵਾਰੀ... ਉਹਨਾਂ ਦੇ ਘਰੇ ਵੀ ਬਾਹਲ਼ੇ ਫੋਨ ਆਉਂਦੇ ਤੀ।" ਬੰਤੋ ਦੇ ਪੋਤੇ ਨੇ ਦੱਸਿਆ। ਬੰਤੋ ਦੇ ਸਾਹ ਵਿੱਚ ਸਾਹ ਆਇਆ। ਉਸ ਨੇ ਫੋਨ ਪੋਤੇ ਨੂੰ ਫੜਾਉਂਦਿਆ ਆਖਿਆ।

" ਜਾਹ ਮੇਰਾ ਪੁੱਤ.......ਪਰ ਛੇਤੀ ਆ ਜੀਂ।"

" ਲਾਲਚ ਵਿੱਚ ਆ ਗਈ ਬੇਬੇ ਤਾਂ....।" ਦੀਪੇ ਨੇ ਮਾਂ ਨੂੰ ਮਖੌਲ ਜਿਹੇ ਨਾਲ ਆਖਿਆ।

" ਦੋ ਚਾਰ ਸੌ ਦਾ ਤਾਂ ਕਾਹਦਾ ਲਾਲਚ ਹੋਇਆ।" ਬੰਤੋ ਨੇ ਕਿਹਾ।

" ਬੇਬੇ! ਇਹ ਠੱਗ ਮਿੱਠੀਆਂ ਮਿੱਠੀਆਂ ਗੱਲਾਂ ਮਾਰ ਕੇ ਅਈਂ ਫਸਾ ਲੈਂਦੇ ਨੇ । ਚੰਗੇ ਭਲੇ ਸਿਆਣੇ ਬਿਆਣਿਆਂ ਨੂੰ ਬੁੱਧੂ ਬਣਾ ਕੇ ਖ਼ਾਤਿਆਂ ਵਿੱਚੋਂ ਪੈਸੇ ਕੱਢ ਲੈਂਦੇ ਨੇ ।"

"ਲਾਲਚ ਤਾਂ ਥੋੜ੍ਹਾ ਜਿੰਨਾ ਵੀ ਬੁਰਾ ਹੁੰਦੈ। ਪਤਾ ਨ੍ਹੀਂ ਕਿੱਥੇ ਫਸਾ ਦੇ ਬੰਦੇ ਨੂੰ। ਚਲੋ ਚੰਗਾ ਹੋਇਆ ਕੁਲਵੰਤ ਕੁਰ ਨੂੰ ਛੇਤੀ ਹੀ ਪਤਾ ਲੱਗ ਗਿਆ।"

"ਅੱਗੇ ਤੋਂ ਨੀਂ ਏਹੀ ਜੀ ਗਲਤੀ ਕਰਦੀ।" ਉਸ ਨੇ ਕੰਨਾਂ ਨੂੰ ਫੜ ਕੇ ਖਿੱਚਦਿਆਂ ਆਖਿਆ, "ਇੱਕ ...ਦੋ...ਤਿੰਨ।"

**ਅੰਮ੍ਰਿਤ ਕੌਰ ਬਡਰੁੱਖਾਂ (ਸੰਗਰੂਰ)**

# ( ਝੂਠ ਬੋਲਦੇ ? )

"ਨੀ ਚੱਲੀਏ ਨੀ ਦੀਪੀ ਮੇਰੀ ਤੇ ਭਰ ਗਈ ਏ ਝੋਲੀ," "ਰੁਕ ਜਾਂ ਥੋੜ੍ਹਾ ਜਿਹਾ ਵੇਖ ਲਈਏ ਹੋਰ," ਸੜਕ ਦੇ ਕੰਢੇ ਲੱਗੇ ਕੂੜੇ ਦੇ ਢੇਰ ਚੋਂ 20-22 ਸਾਲ ਦੀਆਂ ਦੋ ਗਰੀਬ ਕੁੜੀਆਂ ਆਪਣੀ ਜ਼ਰੂਰਤ ਅਨੁਸਾਰ ਉਹ ਸਮਾਨ ਲੱਭ ਰਹੀਆਂ ਸਨ ਜੋ ਉਹਨਾਂ ਲਈ ਕੀਮਤੀ ਸੀ 'ਤੇ ਲੋਕਾਂ ਲਈ ਫਾਲਤੂ।

ਦੋਵਾਂ ਦਾ ਪੱਕੇ ਗੁੜ ਵਰਗਾ ਰੰਗ, ਤਿੱਖੇ ਨੈਣ ਨਕਸ਼ ਤੇ ਅੱਖਾਂ ਦੇ ਪਾਸੇ ਪਾਏ ਚੰਨ ਤਾਰੇ ਉਹਨਾਂ ਦੇ ਚਿਹਰਿਆਂ ਨੂੰ ਇਕ ਵੱਖਰੀ ਦਿੱਖ ਦੇ ਰਹੇ ਸਨ। ਦੋਹਾਂ ਦੇ ਮੋਢਿਆਂ 'ਤੇ ਟੰਗੀਆਂ ਝੋਲੀਆਂ ਇੰਝ ਭਰੀਆਂ ਹੋਈਆਂ ਸਨ ਜਿਵੇਂ ਕੋਈ ਤੂੜੀ ਵਾਲਾ ਕੁੱਪ ਭਰਿਆ ਹੋਵੇ।

ਹੁਣ ਉਹਨਾਂ ਆਪਣਾ ਬਚਿਆ ਸਮਾਨ ਇਕੱਠਾ ਕੀਤਾ ਤੇ ਉੱਥੋਂ ਤੁਰ ਆਈਆਂ। ਰਸਤੇ 'ਚ ਇਕ ਘਰ ਅੱਗੇ ਬੜੀ ਚਹਿਲ ਪਹਿਲ ਵੇਖ ਉੱਥੇ ਹੀ ਰੁਕ ਗਈਆਂ, ਪੁੱਛਣ ਤੇ ਪਤਾ ਲੱਗਾ ਕਿ ਇਹਨਾਂ ਘਰ ਅਖੰਡ ਪਾਠ ਹੈ, ਕੱਲ ਨੂੰ ਆਵਾਂਗੀਆਂ ਇਹ ਸੋਚ ਕੇ ਉੱਥੋਂ ਤੁਰ ਆਈਆਂ।

ਪੂਰਬ ਵੱਲ ਸੂਰਜ ਦੀ ਟਿੱਕੀ ਚੜ੍ਹ ਰਹੀ ਸੀ ਕਿ ਇਹਨਾਂ ਦੀਆਂ ਝੁੱਗੀਆਂ ਵਿਚ ਕੁਝ ਹਿੱਲ ਜੁੱਲ ਹੋਈ, ਔਰਤਾਂ ਚੁੱਲ੍ਹੇ ਵੱਲ ਨੂੰ ਹੋਈਆਂ ਤੇ ਆਦਮੀ ਆਪਣੀਆਂ ਆਪਣੀਆਂ ਸਿਗਰਟਾਂ ਬਾਲ ਇਕ ਝੁੰਡ ਜਹੇ ਚ ਬੈਠ ਕੇ ਇਕ ਦੂਜੇ ਵੱਲ ਨੂੰ ਧੂੰਆਂ ਛੱਡਣ ਲੱਗੇ।

ਉਲਝੇ ਵਾਲਾਂ ਨੂੰ ਸੁਆਰਦੀ ਹੋਈ ਨੂਰੀ ਆਪਣੀ ਮੰਜੀ ਤੋਂ ਉੱਠੀ, ਮੂੰਹ ਹੱਥ ਧੋਤੇ ਤੇ ਨਾਲ ਹੀ ਯਾਦ ਆਇਆ ਕਿ ਅੱਜ ਤਾਂ ਅਖੰਡ ਪਾਠ ਵਾਲਿਆਂ ਦੇ ਘਰ ਜਾਣੈਂ, ਉੱਥੋਂ ਖੜੀ ਨੇ ਹੀ ਦੀਪੀ ਨੂੰ ਅਵਾਜ਼ ਮਾਰੀ, "ਨੀ ਦੀਪੀ ਆ ਜਾ ਨੀ ਚੱਲੀਏ," "ਓ ਕੋਠੀ ਵਾਲਿਆਂ ਦੇ ਘਰ," "ਆਈ ," "ਡੋਲੂ ਵੱਡਾ ਚੱਕ ਲਿਆਵੀਂ ਰੋਟੀਆਂ ਤੇ ਸਬਜ਼ੀ ਵੀ ਲੈ ਆਵਾਂਗੀਆਂ,"। ਹੁਣ ਕਾਹਲੇ ਪੈਰੀਂ ਉਹ ਦੋਵੇਂ ਉਹਨਾਂ ਦੇ ਘਰ ਵੱਲ ਨੂੰ ਤੁਰ ਪਈਆਂ, 'ਤੇ ਰਾਹ 'ਚ ਆਉਂਦੀਆਂ ਹੋਈਆਂ ਆਪਸ ਵਿੱਚ ਹੀ ਕੁਝ ਗੱਲਾਂ ਕਰਦੀਆਂ ਆ ਰਹੀਆਂ ਸਨ।

"ਨੀ ਤੈਨੂੰ ਗੱਲ ਦੱਸਾਂ ਇੱਕ," "ਹਾਂ ਬੋਲ," "ਮੈਂ ਤੇ ਕੱਲ ਉਹ ਦੁਕਾਨ ਤੋਂ ਕੋਈ ਸਮਾਨ ਲੈ ਕੇ ਆ ਰਹੀ ਸਾਂ 'ਤੇ ਰਾਹ 'ਚ ਦੋ ਕੁੜੀਆਂ ਜਹੀਆਂ ਵੇਖੀਆਂ ਪੈਂਟਾਂ ਪਾਈਆਂ ਹੋਈਆਂ ਉਹਨਾਂ ਦੇ ਮੈਂ 'ਤੇ ਉਹਨਾਂ ਦੇ ਵਾਲ ਵੇਖ ਕੇ ਹੀ ਹੈਰਾਨ ਜਹੀ ਰਹਿ ਗਈ, ਐਨੇ ਸਿੱਧੇ ਜਹੇ ਵਾਲ ਉਹਨਾਂ ਦੇ, ਸੱਚੀ ਮੈਨੂੰ ਤੇ ਬੜੇ ਸੋਹਣੇ ਲੱਗੇ, ਪਹਿਲੀ ਵਾਰ ਵੇਖੇ ਮੈਂ ਇਹੋ ਜਹੇ ਵਾਲ, ਮੈਂ ਤਾਂ ਆਪ ਫਿਰ ਘਰ ਆ ਕੇ ਕੰਘੀ ਲਈ ਤੇ ਮਾਰਨ ਲੱਗ ਪਈ ਵਾਲਾਂ 'ਚ ਕੀ ਮੈਂ ਵੀ ਉਵੇਂ ਦੇ ਹੀ ਕਰਾਂ, ਪਰ ਏ ਕੀ, ਇਕ ਵਾਰ ਦੋ ਵਾਰ ਮੈਂ 'ਤੇ ਕੋਈ ਦਸ ਵਾਰ ਕੰਘੀ ਵਾਹ ਛੱਡੀ ਵਾਲ ਉਵੇਂ ਦੇ ਉਵੇਂ ਹੀ ਟੇਢੇ ਮੇਢੇ ਜਹੇ," ਹਾ ਹਾ ਹਾ,,,,,,,,, "ਨੀ ਕੀ ਹੋ ਗਿਆ ਤੈਨੂੰ ਐਵੇਂ ਹੱਸੀ ਜਾਨੀਂ ਏਂ," "ਨੀ ਹੱਸਾਂ ਨਾ 'ਤੇ ਹੋਰ ਕੀ ਕਰਾਂ," "ਨੀ ਇੰਝ ਨੀ ਸਿੱਧੇ ਹੁੰਦੇ ਵਾਲ ਕੰਘੀ ਨਾਲ ਜਿਵੇਂ ਤੂੰ ਕਰਦੀ ਪਈ ਏਂ," "ਹੋਰ ਕਿਵੇਂ ਹੁੰਦੇ ਨੇ," "ਉਹ ਦੁਕਾਨ ਵੇਖਦੀ ਪਈ ਏਂ," "ਹਾਂ" "ਉੱਥੋਂ ਕਰਾਉਂਦੀਆਂ ਨੇ ਕੁੜੀਆਂ ਸਿੱਧੇ ਜਹੇ ਵਾਲ," 'ਤੇ ਵਾਵਾ ਸਾਰੇ ਪੈਸੇ ਲੱਗਦੇ ਨੇ," "ਇੰਝ ਨਹੀਂ ਹੁੰਦੇ," "ਅੱਛਾ,!" ਨੀ ਮੈਂ ਫੇਰ ਉਂਝ ਹੀ ਕਮਲਿਆਂ ਵਾਂਗ ਕੰਘੀ ਮਾਰਦੀ ਰਹੀ," ਦੋਵੇਂ ਹੱਸ ਪਈਆਂ।

ਉਹ ਦੋਵੇਂ ਹੁਣ ਅਖੰਡ ਪਾਠ ਵਾਲਿਆਂ ਦੇ ਘਰ ਪਹੁੰਚ ਚੁੱਕੀਆਂ ਸਨ, ਘੰਟਾ ਡੇਢ ਉਹ ਉਹਨਾਂ ਦੇ ਘਰ ਤੋਂ ਥੋੜ੍ਹੀ ਦੂਰੀ 'ਤੇ ਬੈਠੀਆਂ ਰਹੀਆਂ। ਦੀਵਾਨ ਚੱਲ ਰਹੇ ਸਨ 'ਤੇ ਲੋਕ ਆ ਜਾ ਰਹੇ ਸਨ। ਸਪੀਕਰਾਂ 'ਚੋਂ ਆਉਂਦੀ ਆਵਾਜ਼ ਉਹਨਾਂ ਨੂੰ ਸਾਫ ਸੁਣ ਰਹੀ ਸੀ। "ਭਾਈ ਸਾਡੇ ਗੁਰੂ ਸਾਹਿਬਾਨ ਜੀ ਨੇ ਏਸ ਜਾਤ ਪਾਤ ਦਾ ਪੂਰਾ ਖੰਡਨ ਕੀਤੈ," ਉਹਨਾਂ ਸਾਰਿਆਂ ਨੂੰ ਬਰਾਬਰ ਹੀ ਸਮਝਿਆ ਹੈ, ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੇ ਘਰ ਆਪ ਜਾ ਕੇ ਲੰਗਰ ਛਕਿਆ ਸੀ, ਤੇ ਸਾਨੂੰ ਵੀ ਸਾਰਿਆਂ ਨੂੰ ਬਰਾਬਰ ਸਮਝਣਾ ਚਾਹੀਦਾ ਹੈ, ਕਿਸੇ ਨਾਲ ਕੋਈ ਭੇਦ ਭਾਵ ਨਹੀਂ ਕਰਨਾ ਚਾਹੀਦਾ ਚਾਹੇ ਕੋਈ ਉੱਚਾ ਹੈ ਭਾਂਵੇ ਨੀਵਾਂ। " ਉਹ ਕੁੜੀਆਂ ਬੇਸ਼ੱਕ ਆਪਣੇ ਨਾਲ ਲਿਆਂਦੇ ਭਾਂਡੇ ਏਧਰ ਓਧਰ ਕਰ ਰਹੀਆਂ ਸਨ, ਪਰ ਇਹ ਸਾਰੀਆਂ ਗੱਲਾਂ ਉਹਨਾਂ ਨੂੰ ਵੀ ਸਾਫ ਸੁਣ ਰਹੀਆਂ ਸਨ। ਕੁਝ ਸਮੇਂ ਬਾਅਦ ਸਮਾਪਤੀ ਦੀ ਅਰਦਾਸ ਹੋਈ ਤੇ ਪਰਿਵਾਰ ਲੰਗਰ ਵਰਤਾਉਣ ਵਾਲੇ ਪਾਸੇ ਹੋਇਆ, ਲੋਕ ਪੰਗਤ 'ਚ ਬੈਠਦੇ ਲੰਗਰ ਛਕਦੈ ਤੇ ਘਰ ਵਾਲਿਆਂ ਨੂੰ ਮਿਲ ਕੇ ਆਪਣੇ ਘਰਾਂ ਨੂੰ ਪਰਤ ਜਾਂਦੇ। ਹੁਣ ਇਹਨਾਂ ਵੀ ਅੱਗੇ ਹੋ ਕੇ ਲੰਗਰ ਲੈਣ ਦੀ ਕੋਸ਼ਸ਼ ਕੀਤੀ, "ਓ ਕਿੱਧਰ ਮੂੰਹ ਚੱਕਿਐ, ਰੋਕ ਓਏ ਜੱਗੇ ਇਹਨਾਂ ਨੂੰ, ਸਾਲੀ ਕਤੀੜ ਅੰਦਰ ਵੜੀ ਆਉਂਦੀ ਏ, ਚਲੋ ਬਾਹਰ," ਇਹ ਬੋਲ ਘਰ ਦੇ ਮਾਲਕ ਦੇ ਸਨ, ਜੋ ਚਿੱਟਾ ਕੁੜਤਾ ਤੇ ਸੁਰਮੀਂ ਪੱਗ ਬੰਨੀ ਵਿਹੜੇ 'ਚ ਆ ਖੜਾ ਹੋਇਆ ਸੀ। "ਅਸੀਂ ਕੀ ਮੰਗਿਆ ਏ ਸਰਦਾਰਾ, ਦੋ ਰੋਟੀਆਂ ਹੀ ਨੇ ਪਾ ਛੱਡ ਤਾਂ, ਅਸੀਂ ਕੀ ਰੋਜ਼ ਆਵਦੀਆਂ ਏਥੇ," "ਬਹੁਤੀ ਜ਼ਬਾਨ ਨਾ ਚਲਾ ਮੇਰੇ ਨਾਲ, ਕੁਝ ਲੈ ਤੇ ਤੁਰਦੀਆਂ ਬਣੋਂ ਏਥੋਂ, ਮੇਰੇ ਨਾਲ ਮੱਥਾ ਲਾਉਂਦੀਆਂ ਨੇ, ਥੋਡੇ ਵਰਗੀਆਂ ਦਸ ਕੱਢਤੀਆਂ ਥੱ,,,,, ਗੱਲਾਂ ਮਾਰਦੀਆਂ ਇਹ। " ਸਰਦਾਰ ਨੇ ਮੂੰਹ 'ਚ ਗੁੱਸੇ ਭਰੇ ਸ਼ਬਦ ਦੋ ਹੋਰ ਬੋਲੇ 'ਤੇ ਕੋਲ ਖੜ੍ਹੇ ਮੁੰਡੇ ਨੂੰ ਥੋੜੀ ਦਾਲ ਰੋਟੀ ਪਾਉਣ ਲਈ ਕਹਿ ਦਿੱਤਾ। ਉਹ ਕੁੜੀਆਂ ਲੰਗਰ ਲੈਂਦੀਆਂ ਸੋਚ ਰਹੀਆਂ ਸਨ ਕਿ, ਏਨੀ ਵੱਡੀ ਕੋਠੀ ਦਾ ਮਾਲਕ ਏ, ਤੇ ਦਿਲ ਏਨਾ ਛੋਟਾ ਕ ਸੂ। ਉਹ ਦੋਵੇਂ ਆਪਣਾ ਸਮਾਨ ਲੈ ਉੱਥੋਂ ਤੁਰ ਆਈਆਂ, ਨੂਰੀ ਦੀਪੀ ਨੂੰ ਪੁੱਛਦੀ ਹੋਈ, " ਨੀ ਸਪੀਕਰ 'ਚ ਤਾਂ ਉਹਨਾਂ ਦਾ ਬਾਬਾ ਏ ਕਹਿੰਦਾ ਪਿਆ ਸੀ, ਕਿ ਕੋਈ ਉੱਚਾ ਨੀਵਾਂ ਨਹੀਂ ਹੁੰਦਾ, ਸਾਰੇ ਬਰਾਬਰ ਹੁੰਦੇ ਨੇ," "ਨੀ ਇਹ ਸਭ ਕਹਿਣ ਦੀਆਂ ਗੱਲਾਂ ਨੇ, ਏਥੇ ਇਨਸਾਨ ਨਹੀਂ ਅਮੀਰੀ ਵੇਖੀ ਜਾਂਦੀ ਆ, 'ਤੇ ਦਿਲ ਨਹੀਂ ਰੰਗ ਵੇਖਿਆ ਜਾਂਦਾ ਈ, ਤੇਰੇ ਮੇਰੇ ਵਰਗੇ ਨੂੰ 'ਤੇ ਕਿਸੇ ਸਾਂਝੀ ਥਾਂ 'ਤੇ ਨਹੀਂ ਬੈਠਣ ਦਿੱਤਾ ਜਾਂਦਾ, 'ਤੇ ਘਰ 'ਤੇ ਬੜੀ ਦੂਰ ਦੀ ਗੱਲ ਈ। " "ਨੀ ਫਿਰ ਉਹਨਾਂ ਦਾ ਬਾਬਾ ਝੂਠ ਬੋਲਦਾ ਸੀ ?" "ਝੂਠ ਹੀ ਬੋਲਦੇ ਹੋਣੇ, ਵੇਖਿਆ ਨੀ ਕਿਵੇਂ ਸਾਨੂੰ ਧੱਕੇ ਮਾਰ ਕੇ ਬਾਹਰ ਕੱਢਦੇ ਪਏ ਸਨ। " ਦੋਵਾਂ ਦੇ ਦਿਲਾਂ ਅੰਦਰ ਇਕ ਲੀਕ ਜਹੀ ਖਿੱਚ ਹੋ ਗਈ 'ਤੇ ਨਾਲ ਹੀ ਆਸੇ ਪਾਸੇ ਆ ਕੇ ਕਿਤੇ ਨਫ਼ਰਤ ਵੀ ਬੈਠ ਗਈ। ਪਤਾ ਨਹੀਂ ਕੋਠੀ ਵਾਲਿਆਂ ਨੂੰ ਲੈ ਕੇ ਜਾਂ ਸਪੀਕਰ 'ਚੋਂ ਬੋਲਦੇ ਬਾਬੇ ਬਾਰੇ।

**ਗੁਰਜੰਟ ਤਕੀਪੁਰ**
**88727 82684**

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 352
Website: www.preetnama.com Email preetnamausa@gmail.com
08 MAY TO 14 MAY, 2026



# ਪ੍ਰੀਤ ਫੁਲਵਾੜੀ

## ਕਵਿਤਾ

ਮੈ ਤੈਨੂੰ ਭੁੱਲ ਗਇਓਂ ਸਾਈਆਂ
ਹੋਇਆ ਖੀਸਾ ਰਤਾ ਕੁ ਭਾਰਾ
ਮੈ ਤੈਨੂੰ ਭੁੱਲ ਗਇਓਂ ਸਾਈਆਂ
ਪਾਇਆ ਖੱਦਰ ਚਿੱਟਾ ਗਾਰਾ
ਮੈ ਤੈਨੂੰ ਭੁੱਲ ਗਇਓਂ ਸਾਈਆਂ

ਮਾਂ ਦੀ ਜਾਤ ਨੂੰ ਭੰਡਣ ਕਰਦੈ
ਛਾਂ ਦੀ ਬਾਤ ਨੂੰ ਛੰਡਣ ਮਰਦੈ
ਮਹੱਲ ਉੱਚੇ ਪਰ ਪਿੰਡ ਖਾਲੀ
ਗ੍ਰਾਂ ਦੀ ਜ਼ਾਤ ਨੂੰ ਵੰਡਣ ਭਰਦੈ
ਟੁੱਟ ਜਾਂਵਦਾ ਹਰ ਇੱਕ ਤਾਰਾ
ਮੈ ਤੈਨੂੰ ਭੁੱਲ ਗਇਓਂ ਸਾਈਆਂ

ਰੰਨ ਦੀ ਗਰਮੀ ਮਾਂ ਦੀ ਛਾਤੀ
ਬਹੁਤ ਫਰਕ ਨੀ ਹੈ ਵੱਖ ਜ਼ਾਤੀ
ਜਿੱਥੋਂ ਜੰਮਿਆ ਓਥੇ ਹੀ ਮਰਦਾਂ
ਦਿਨ ਰੋੜ੍ਹ ਕੇ ਆਵੈਂ ਫੇਰ ਰਾਤੀ
ਸੁਰਗ ਝੂਟੇ ਤੋਂ ਘੱਟ ਨੀ ਨਾੜਾ
ਮੈ ਤੈਨੂੰ ਭੁੱਲ ਗਇਓਂ ਸਾਈਆਂ

ਰਿਸ਼ਤੇ ਹੁਣ ਬਾਜ਼ਾਰ ਜਿਹੇ ਸਭ
ਟੂਣੇ ਹਾਰੀ ਪਿਆਰ ਜਿਹੇ ਸਭ
ਚੰਦਨ ਅਪਣੇ ਅਮਲ ਤੂੰ ਤੋਲੀਂ
ਮਿੱਠੇ ਬੋਲ ਕਾਰੋਬਾਰ ਜਿਹੇ ਸਭ
ਲਹੂ ਖਾਰਾ ਸਦਾ ਰਹਿਣਾ ਖਾਰਾ
ਮੈ ਤੈਨੂੰ ਭੁੱਲ ਗਇਓਂ ਸਾਈਆਂ

**ਚੰਦਨ ਹਾਜੀਪੁਰੀਆ**
**pchauhan5572@gmail.com**

## ਬਾਲ ਕਵਿਤਾ

### **ਜੋਕਰ**

ਹੱਥ 'ਚ ਸੋਟੀ,ਸਿਰ 'ਤੇ ਟੋਪੀ ?,
ਤੱਕਿਆ ਮੈਂ ਇੱਕ ਰਾਹੀ।
ਲਾਲ ਕਮੀਜ ਤੇ ਤੇੜ 'ਚ ਕੱਛਾ,
ਗਲ ਲਮਕਾਈ ਟਾਈ।
ਪੈਰੀਂ ਬੂਟ , ਜ਼ੁਰਾਬਾਂ ਪਾਈਆਂ ?,
ਗੁੱਟ 'ਤੇ ਘੜੀ ਸਜਾਈ।
ਕਿੱਡਾ ਕੱਦ ਸੀ,ਦੱਸਾਂ ਉਸਦਾ ?,
ਪੌਣੇ ਦੋ ਤੇ ਢਾਈ।
ਕਾਲੀ ਐਨਕ, ਮੋਢਿਆਂ ਤੋਂ ਕਿੱਟ ?
ਪਿੱਠ ਪਿੱਛੇ ਲਮਕਾਈ।
ਸੀਟੀ ਮੂੰਹ ਦੇ ਨਾਲ ਵਜਾਵੇ ?,
ਮੁੱਛਾਂ ਜਾਵੇ ਚੜ੍ਹਾਈ।
ਜਿੱਧਰ ਜਾਵੇ, ਲੋਕੀ ਵੇਖਣ ?,
ਇਹ ਕੀ ਸ਼ੈਅ ਹੈ ਆਈ।
ਕਰਦਾ ? ਨਾ ਉਹ ਗੱਲਾਂ ਬਾਤਾਂ,
ਖੜਾ ਜਾਵੇ ਮਸਕਾਈ।
ਨਾਲ ਉਸ ਦੇ ਕਾਲਾ ਕੁੱਤਾ ?,
ਸੰਗਲੀ ਜਿਸ ਨੂੰ ਪਾਈ।
ਲਾਲ ਜੀਭ ਕੱਢ ਲਾਲਾ ?ਸੁੱਟੇ ?,
ਕੰਨ ਜਾਵੇ ਫੜਕਾਈ।
ਬਾਡੀ ਗਾਰਡਾਂ ਵਾਂਗੂੰ ਝਾਕੇ ?,
ਕਰਦਾ ਰੱਖ ਰਖਾਈ।
ਪਤਾ ਨੀਂ ਕਿਸ ਗ੍ਰਹਿ ਤੋਂ ਆਇਆ ?,
ਕਿੱਧਰ ਜਾਵੇ ਜਾਈ।
ਕੋਈ ਕਹੇ ਛਲੇਡਾ ਹੈ, ਕਿਸੇ
ਜੋਕਰ 'ਵਾਜ ਲਗਾਈ।
ਹਰ ਕੋਈ ਵੇਖਣ ਆਇਆ ਉਸ ਨੂੰ ?,
'ਕੱਠੀ ਹੋਈ ਲੁਕਾਈ।
ਕਿਸੇ ਨੂੰ ਪਤਾ ਨਾ ਲੱਗਿਆ 'ਪੱਤੋ'
ਉਹ ਕੌਣ ਸੀ ਭਾਈ।

**ਹਰਪ੍ਰੀਤ ਪਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417**

## ਕਵਾੜ ਵਾਲਾ ਭਾਈ

ਕਵਾੜ ਖਰੀਦਣ ਵਾਲਾ ਭਾਈ,
ਸਾਇਕਲ ਲੈ ਗਲੀ ਵਿੱਚ ਆਇਆ,
ਟੁੱਟਿਆ ਭੱਜਿਆ ਪੁਰਾਣਾ ਲੋਹਾ ਵੇਚ ਲੈ,
ਹੋਕਾ ਉਸ ਸੀ ਲਾਇਆ।
ਹੈਂਡਲ ਨਾਲ ਟੰਗ ਚਾਹ ਪੋਣੀਆ,
ਪੂਰੀ ਦੁਕਾਨ ਸਜਾਈ।
ਡੰਡੇ ਦੇ ਨਾਲ ਝੋਲੀ ਬੰਨ ਕੇ,
ਫਿਰੇ ਗਲਾਸ ਟਿਕਾਈ।
ਪਿੱਛੇ ਰੱਖੀਆਂ ਪੁਰਾਣੀਆਂ ਬੋਰੀਆਂ,
ਦੋ ਪਾਸੇ ਲਮਕਾਈਆ।
ਪੁਰਾਣੇ ਬੂਟ ਚੱਪਲਾਂ ਲੈ ਕੇ,
ਖੁਰਜੀ ਦੇ ਵਿੱਚ ਪਾਈਆਂ।
ਲੈ ਕਬਾੜ, ਨਵੀਆਂ ਚੀਜਾਂ ਦੇਵੇ,
ਨਾਲੇ ਦੇਵੇ ਪੈਸੇ,
ਛਿੱਤਰਾਂ ਵੱਟੇ ਖੰਡ ਸੀ ਮਿਲਦੀ,
ਉਹ ਦਿਨ ਵੀ ਸੀ ਕੈਸੇ।
ਗਲੀ ਗਲੀ ਵਿੱਚ ਫਿਰੇ ਵਿਚਾਰਾਂ,
ਦੇਈ ਜਾਵੇ ਹੋਕਾ।
ਲੋਕੀ ਘਰੋਂ ਕਬਾੜ ਵੇਚਦੇ,
ਵੇਖ ਤਿਉਹਾਰਾਂ ਦਾ ਮੌਕਾ।
ਸਰਕਾਰ ਇਹਨਾਂ ਦਾ ਕਰੇ ਵਸੀਲਾ,
ਇਹ ਵੀ ਤਾਂ ਬਸਿੰਦੇ।
ਹਰਪ੍ਰੀਤ ਪੱਤੋ, ਮਿਹਨਤ ਮਜਦੂਰੀ,
ਇਹ ਨੇ ਪਏ ਕਰਿੰਦੇਂ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ**
**ਫੋਨ ਨੰਬਰ 94658-21417**

## ਟੱਪੇ

ਨਹਿਰ 'ਚ ਪਾਣੀ ਹੁਣੇ ਹੁਣੇ ਆਇਆ ਏ,
ਟੂਣੇ ਵਾਲੀਆਂ ਬਹੁਤ ਸਾਰੀਆਂ ਚੀਜ਼ਾਂ
ਆਪਣੇ ਨਾਲ ਰੋੜ੍ਹ ਲਿਆਇਆ ਏ।
ਪੰਮਾ ਗਲੀਆਂ 'ਚ ਫਿਰੇ ਸ਼ਰਾਬੀ ਹੋ ਕੇ,
ਕੋਈ ਪੈਸਾ ਕਮਾ ਕੇ ਲਿਆਵੇ ਨਾ ਘਰ ਨੂੰ
ਪਤਨੀ ਨੇ ਬੁਰਾ ਹਾਲ ਕੀਤਾ ਏ ਰੋ ਰੋ ਕੇ।
ਬਾਲਟੀ ਪਾਣੀ ਨਾਲ ਭਰੀ ਹੋਈ ਏ,
ਉਸ ਨੇ ਰਿਸ਼ਵਤ ਲੈਣੋਂ ਨਹੀਂ ਹੱਟਣਾ
ਜਿਸ ਦੀ ਜ਼ਮੀਰ ਮਰੀ ਹੋਈ ਏ।
ਪਾਂਡਾ ਦਰਵਾਜ਼ੇ ਤੇ ਖੜ੍ਹ ਗਿਆ ਆ ਕੇ,
ਉਸ ਨੇ ਚੁੱਪ ਕਰਕੇ ਨਹੀਂ ਜਾਣਾ
ਉਹ ਜਾਊ ਘਰ ਵਿੱਚ ਅੱਗ ਲਾ ਕੇ।
ਲਿਫਾਫੇ ਤੇ ਕੂੜਾ ਪਿਆ ਏ ਚਾਰੇ ਪਾਸੇ,
ਜਿੱਥੇ ਏਨਾ ਗੰਦ ਪਿਆ ਹੋਵੇ
ਉੱਥੇ ਰਹਿੰਦੇ ਲੋਕਾਂ ਨੂੰ ਕੀ ਆਣੇ ਹਾਸੇ ?
ਬੰਦਾ ਕੁਦਰਤ ਨਾਲ ਖਿਲਵਾੜ ਕਰੀ ਜਾਵੇ,
ਕਿਤੇ ਉਹ ਪਹਾੜਾਂ ਨੂੰ ਤੋੜੀ ਜਾਵੇ
ਕਿਤੇ ਜੰਗਲਾਂ ਨੂੰ ਅੰਨ੍ਹੇ ਵਾਹ ਕੱਟੀ ਜਾਵੇ।

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨਵਾਂ ਸ਼ਹਿਰ-9915803554**

## ਕਵਿਤਾ

ਅੱਜ ਰੁੱਖਾਂ ਦੀ ਬਾਤ ਮੈਂ ਪਾਵਾਂ
ਕਿੱਸਾ ਇਹਨਾਂ ਦਾ ਖੋਲ ਸੁਣਾਵਾਂ
ਝੱਖੜ ਹਰੇਕ ਝੱਲ ਜਾਂਦੇ ਨੇ
ਇੰਨਾਂ ਤੋਂ ਮੈਂ ਬਲਿਹਾਰੇ ਜਾਵਾਂ
ਜੇ ਕੋਈ ਹੇਠ ਆਣ ਖਲੋਂਦਾ
ਛਾਵਾਂ ਕਰਦੇ ਨਾਲ ਇਹ ਚਾਵਾਂ
ਜਿਉਣ ਲਈ ਇਹ ਸਾਹ ਨੇ ਦਿੰਦੇ
ਮਾਂ ਵਾਂਗ ਰਹਿਣ ਬਣ ਪਰਛਾਵਾਂ
ਧੁੱਪੇ-ਛਾਵੇਂ ਹਰ ਹਾਲ ਲਹਿਰਾਉਂਦੇ
ਜ਼ਿੰਦਗੀ ਜਿਉਣ ਦਾ ਦੇਣ ਸਿਰਨਾਵਾਂ
ਕੋਈ ਰੁੱਖ ਕੱਟੇ, ਕੋਈ ਜੰਗਲ ਸਾੜੇ
ਸਹਿ ਜਾਣ 'ਨੂਰ' ਇਹ ਹਰ ਸਜਾਵਾਂ।

**ਨੂਰਦੀਪ ਕੋਮਲ**
**ਸੰਗਰੂਰ ।**
8360851115

## ਰਹਿਮ ਗੁਜਾਰੋ

ਪਾਣੀ ਬਚਾਓ ਰੁੱਖ ਲਗਾਓ,
ਇਹੋ ਨਾਅਰਾ ਲਾਈਏ।
ਬੱਚਿਓ ਵਾਤਾਵਰਨ ਆਪਣਾ,
ਇਹਨੂੰ ਆਪਾਂ ਬਚਾਈਏ।
ਸੋਹਣੇ ਰੁੱਖ ਹਰਿਆਵਲ ਵੰਡਦੇ,
ਠੰਡੀਆਂ ਵਗਣ ਹਵਾਵਾਂ।
ਗੰਦੀ ਹਵਾ ਲੈ ਚੰਗੀ ਦਿੰਦੇ,
ਪਾਂਧੀ ਮਾਨਣ ਛਾਵਾਂ।
ਹੇਠ ਖੂਹ ਜਾਂ ਨਲਕਾ ਹੋਵੇ,
ਰਾਹੀ ਪੈਦਲ ਜਾਵੇ,
ਉੱਪਰੋਂ ਹੋਵੇ ਸਿਖਰ ਦੁਪਹਿਰਾ,
ਹੇਠਾਂ ਅਰਾਮ ਫਰਮਾਵੇ।
ਸਵਰਗ ਦੇ ਨਾਲੋਂ ਘੱਟ ਨੀ ਉਹ,
ਜਿੱਥੇ ਸਮੇਂ ਗੁਜਾਰੇ,
ਹੁੰਦੇ ਬ੍ਰਿਛ ਬੁੱਕਲ ਰੱਬ ਦੀ,
ਜਿੱਥੋਂ ਆਉਣ ਨਜਾਰੇ।
ਨਾ ਕੱਟੋ ਨਾ ਵੱਢੋ ਇਹਨਾਂ ਨੂੰ,
ਨਾ ਹੀ ਤੁਸੀਂ ਸਾੜੋ,
ਰੁੱਖ ਤਾਂ ਦਰਵੇਸ ਹੁੰਦੇ ਨੇ,
ਪੱਤੋ, ਰਹਿਮ ਗੁਜਾਰੋ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
9465821417

## ਟੱਪੇ

ਤੱਤੇ ਤਵੇ ਤੇ ਰੋਟੀ ਪਾਈ ਹੋਈ ਆ,
ਉਸ ਗੱਲ ਨੂੰ ਕਿੱਦਾਂ ਰੋਕੀਏ
ਜਿਹੜੀ ਮੂੰਹ ਵਿੱਚ ਆਈ ਹੋਈ ਆ।
ਆਕਾਸ਼ ਵਿੱਚ ਚੰਨ ਚਮਕ ਰਿਹਾ,
ਕੰਮ ਖਰਾਬ ਹੋਣ ਪਿੱਛੋਂ ਚੇਤੇ ਆਵੇ
ਔਲੇ ਦਾ ਖਾਧਾ ਤੇ ਸਿਆਣੇ ਦਾ ਕਿਹਾ।
ਗਿਣਤੀ ਪੰਛੀਆਂ ਦੀ ਘਟੀ ਜਾਵੇ,
ਉਨ੍ਹਾਂ ਦੀ ਗਿਣਤੀ ਵਧ ਸਕਦੀ
ਜੇ ਬੰਦਾ ਪੁੱਠੇ ਕੰਮ ਕਰਨੋਂ ਹਟ ਜਾਵੇ।
ਥਾਲੀ ਵਿੱਚ ਪਤਾਸੇ ਪਏ ਹੋਏ ਨੇ,
ਉਨ੍ਹਾਂ ਨੂੰ ਮਨਾਣ ਨੂੰ ਦਿਲ ਨਾ ਕਰੇ
ਜਿਨ੍ਹਾਂ ਐਵੇਂ ਮੂੰਹ ਫੁਲਾ ਲਏ ਨੇ।
ਮੇਜ਼ ਤੇ ਕਿਤਾਬਾਂ ਦਾ ਸੈੱਟ ਪਿਆ ਏ,
ਜਿਹੜਾ ਐਵੇਂ ਪਿਆਰ ਜਤਾਂਦਾ ਸੀ
ਅਸੀਂ ਉਸ ਨੂੰ ਪਰਖ ਲਿਆ ਏ।
ਨਵਾਂ ਰੜਕਾ ਦੁਕਾਨ ਤੋਂ ਲਿਆਂਦਾ ਏ,
ਸੋਹਣੇ ਨੈਣ, ਨਕਸ਼ ਵਾਲਿਆਂ ਤੇ
ਦਿਲ ਮੱਲੋ ਮੱਲੀ ਆ ਜਾਂਦਾ ਏ।

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨਵਾਂ ਸ਼ਹਿਰ-9915803554**

## ਨੌਜਵਾਨਾਂ ਨੂੰ ਨਜਰ

ਫੁੱਲਾਂ ਵਰਗਾ ਪੰਜਾਬ ਸੀ ਮੇਰਾ,
ਹਥਿਆਰਾਂ ਦੀ ਹੁਣ ਵਾਸਨਾ ਆਵੇ।
ਪੈਰ ਪੈਰ ਤੇ ਖੂਨੀ ਫਿਰਦੇ,
ਮਾਂ ਹੁਣ ਕਿਥੇ ਬਾਲ ਲੁਕਾਵੇ।
ਸਦਾ ਲਈ ਜੋ ਲਾਲ ਸੌਂ ਗਿਆ,
ਸੁੱਤਾ ਹੋਇਆ ਮਾਂ ਤੋਂ ਜੂੜਾ ਕਰਾਵੇ।
ਜਾਂ ਅਰਥੀ ਨੂੰ ਮਾਂ ਪੱਲਾ ਕਰਕੇ,
ਸੂਰਜ ਦੀ ਤਪਸ ਕੋਲੋਂ ਬਚਾਵੇ।
ਸੀ ਪੁੱਤ ਦਾ ਹੌਸਲਾ ਰੱਬ ਦੇ ਵਰਗਾ,
ਪਿਓ ਹੁਣ ਕੰਧ ਨਾ ਢਾਸਣਾ ਲਾਵੇ।
ਪੁੱਤ ਦੀ ਰੂਹ ਨੂੰ ਠਾਰਨ ਖਾਤਰ,
ਪੱਟ ਤੇ ਥਾਪੀ ਮਾਰ ਦਿਖਾਵੇ।
ਸਭ ਕੁਝ ਹਾਰ ਕੇ ਚੱਲਿਆ ਹਾਂ ਘਰ ਨੂੰ,
ਲਾਹ ਕੇ ਸਿਰੋਂ ਦਸਤਾਰ ਵਿਖਾਵੇਂ
ਨੌਜਵਾਨਾਂ ਨੂੰ ਨਜਰ ਹੈ ਲੱਗੀ
ਕੋਈ ਪੂਜਾ- ਪਾਠ ਜਾਂ ਹਵਨ ਕਰਾਵੇ॥

**ਲੇਖਕ — ਮਨਦੀਪ ਖਾਨਪੁਰੀ**
9779179060

## ਧਰਮ ਦਾ ਕੰਮ

ਧਰਮ ਦਾ ਕੰਮ ਜੇ ਤੂੰ ਕਰਨਾ ਏਂ
ਜੋ ਧਰਮ ਸਿਖਾਉਂਦਾ ਉਹਦੇ ਤੇ ਚੱਲਿਆ ਕਰ
ਸਿਰਫ ਮਨਾਇਆ ਨਾ ਕਰ ਪੁਰਬ ਗੁਰਾਂ ਦੇ
ਉਨ੍ਹਾਂ ਦੇ ਦਰਸਾਏ ਮਾਰਗ ਤੇ ਵੀ ਚੱਲਿਆ ਕਰ
ਮੱਥਾ ਨਾ ਰਗੜ੍ਹ ਮਨ ਰਗੜ
ਧਾਰਮਕ ਅਸਥਾਨ ਤੇ ਜਾ ਕੇ
ਝੂਠੇ ਦਿਖਾਵੇ ਵਿੱਚ ਨਾ ਮਰਦਾ ਰਿਹਾ ਕਰ
ਵੇਖੇ ਰਾਹ ਜਾਂਦੇ ਕਿਸੇ ਲਾਚਾਰ ਨੂੰ
ਭੁੱਖ ਗਰੀਬੀ ਮੂੰਹ ਤੇ ਝਲਕਦੀ ਹੋਵੇ
ਕਾਰ ਦਾ ਬੂਹਾ ਕੋਲ ਬਿਠਾ
ਉਦਾਹਰਣ ਬਣ ਕੇ ਦਿਖਾਇਆ ਕਰ
ਅਨਾਥ ਆਸ਼ਰਮ ਜਾ ਕੇ ਜਨਮ ਦਿਨ ਮਨਾ
ਬੱਚਿਆਂ ਦੇ
ਦੇਖੀਂ ਕਿੰਨਾ ਚੰਗਾ ਲੱਗੂ ਤੈਨੂੰ
ਦੁਆਵਾਂ ਇਨ੍ਹਾਂ ਦੀਆਂ ਵੀ ਲੈ ਲਿਆ ਕਰ
ਬਿਰਧ ਆਸ਼ਰਮ ਵਿੱਚ ਵੀ
ਗੇੜਾ ਮਾਰ ਆਇਆ ਕਦੇ
ਫਲ ਫਰੂਟ ਦੇ ਕੇ
ਅਸ਼ੀਰਵਾਦ ਦੇ ਝੋਲੇ ਭਰ ਲੇਆ ਕਰ
ਧਰਮ ਦਾ ਕੰਮ ਹੈ ਚੌਵੀ ਘੰਟੇ
ਸੜਕ ਪਿਆ ਕੇਲੇ ਦਾ
ਛਿਲਕਾ ਇੱਟ ਪੱਥਰ ਪਰ੍ਹਾਂ ਕਰ ਦਿਆ ਕਰ
ਕਿਸੇ ਨੇਤਰਹੀਣ ਜਾਂ
ਬਜੁਰਗ ਨੂੰ ਦੇਖੇ ਸੜਕ ਪਾਰ ਕਰਦੇ
ਬਾਂਹ ਫੜ ਸੜਕ ਪਾਰ ਕਰਾ ਦਿਆ ਕਰ
ਬੰਦਿਆ ਇਹੀ ਬੰਦਗੀ ਹੈ
ਬਸ ਸਿਰਫ ਪੁਰਬ ਮਨਾਇਆ ਨਾ ਕਰ
ਗੁਰੂਆਂ ਦੇ ਪਾਏ ਪੂਰਨਿਆਂ ਉੱਤੇ ਵੀ ਚੱਲਿਆ ਕਰ।

**ਕੰਵਲਜੀਤ ਕੌਰ ਜੁਨੇਜਾ**

## ਹੱਸਦੇ ਚਿਹਰੇ

ਹੱਸਦੇ ਚਿਹਰਿਆਂ ਪਿੱਛੇ ਸੱਜਣਾਂ ਦੁੱਖ ਬੜੇ ਨੇ,
ਬਹਾਰਾਂ ਦੇ ਵਿੱਚ ਸੁੱਕ ਜਾਂਦੇ ਜੋ ਰੁੱਖ ਬੜੇ ਨੇ।
ਜੱਗ ਤੇ ਧੀਆਂ ਤੋਰਨ ਦੀ ਹੈ ਰੀਤ ਅਵੱਲੀ,
ਬੇਵੱਸ ਹੋ ਕੇ ਬਾਹਰ ਨੂੰ ਤੋਰੇ ਪੁੱਤ ਬੜੇ ਨੇ।
ਦੇਖਣ ਨੂੰ ਹੱਥ ਫੜਕੇ ਅੱਗੇ ਨੂੰ ਤੋਰ ਰਹੇ,
ਰਾਹ ਵਿੱਚ ਉਹ ਹੀ ਟੋਏ ਦਿੰਦੇ ਪੁੱਟ ਬੜੇ ਨੇ।
ਈਰਖਾ ਸਾੜਾ ਖੌਰੇ ਕਿਉਂ ਪ੍ਰਧਾਨ ਹੈ ਫੇਰ ਵੀ,
ਗਲੀ ਮੁਹੱਲੇ ਮਿਲ ਕੇ ਖੜਦੇ ਜੁੱਟ ਬੜੇ ਨੇ।
ਚਾਦਰ ਦੇਖ ਕੇ ਪੈਰ ਪਸਾਰੀਂ ਠੀਕ ਰਹੇਂਗਾ,
ਲੋਕੀਂ ਉਂਗਲਾਂ ਉਪਰ ਦਿੰਦੇ ਚੁੱਕ ਬੜੇ ਨੇ।
ਸੋਰ ਮਿਲਣਗੇ ਬਹੁਤ ਤੂੰ ਅੰਦਰੋਂ ਫੋਲ ਕੇ ਦੇਖੀਂ,
ਬੁੱਲ੍ਹਾਂ ਉਪਰ ਰੱਖਦੇ ਜਿਹੜੇ ਚੁੱਪ ਬੜੇ ਨੇ।
ਹਰ ਇੱਕ ਨੂੰ ਭੇਤ ਇਹ ਦਿਲ ਦਾ ਦੇ ਨਾ ਬੈਠੀ,
ਗਲ ਨਾਲ ਲਾ ਕੇ ਐਥੇ ਜਾਂਦੇ ਲੁੱਟ ਬੜੇ ਨੇ।
ਜਾਵੇਗਾ ਜੇ ਛੱਡ ਜੇ ,ਕੱਢ ਕੇ ਜਾਨ ਲੈ ਜਾਵੀਂ
ਉਡੀਕ ਨੀ ਮੁੱਕਦੀ ਦੀਪੇ, ਜਾਂਦੇ ਮੁੱਕ ਬੜੇ ਨੇ।

**ਗੁਰਦੀਪ ਭਾਵਾ (ਮਾਨਸਾ)**
7710532131

## ਪੰਛੀ ਪੌਦੇ ਹਵਾ ਦੇ ਬੁੱਲੇ

ਪੰਛੀ ਪੌਦੇ ਹਵਾ ਦੇ ਬੁੱਲੇ ਤਾਰੇ ਕਹਿੰਦੇ ਆਤਮ ਨੂੰ।
ਪਲ ਵਿਚ ਸਾਂਝਾਂ ਤੋੜ ਗਿਆ ਏਂ
ਸਾਰੇ ਕਹਿੰਦੇ ਆਤਮ ਨੂੰ।
ਸੂਰਜ ਚੰਦ ਪਹਾੜ ਤੇ ਸਾਗਰ ਅੰਬਰ ਸਾਖੀ ਭਰਦਾ ਹੈ,
ਧਰਤੀ ਦੇ ਸੀਨੇ ਤੇ ਲਾਏ ਲਾਰੇ ਕਹਿੰਦੇ ਆਤਮ ਨੂੰ।
ਦੁਨੀਆ ਦੇ ਰਿਵਾਜਾਂ ਸਾਹਵੇਂ ਸਾਡੇ ਹੱਕਾਂ ਖਾਤਰ ਤੂੰ,
ਸੀਨਾ ਤਾਣ ਕੇ ਜਿਹੜੇ ਭਰੇ
ਹੁੰਗਾਰੇ ਕਹਿੰਦੇ ਆਤਮ ਨੂੰ।
ਲਾਈਆਂ ਤੋੜ ਨਿਭਾਵਣ
ਦੇ ਲਈ ਦਿੱਤੀਆਂ ਤੋੜ ਜ਼ਮਾਨੇ ਨੇ,
ਹੋਏ ਦੀਵਾਨੇ ਲੋਕ ਇਸ਼ਕ ਦੇ ਮਾਰੇ ਕਹਿੰਦੇ ਆਤਮ ਨੂੰ।
ਪਿੱਠ 'ਚ ਖੰਜਰ ਮਾਰੇ ਹੱਥੀਂ ਆਪਣੇ ਹੀ ਮਹਿਬੂਬਾਂ ਨੇ,
ਆਪਣਿਆਂ ਦੇ ਹੱਥੋਂ ਜਿਹੜੇ ਹਾਰੇ ਕਹਿੰਦੇ ਆਤਮ ਨੂੰ।

**ਡਾ. ਆਤਮਾ ਸਿੰਘ ਗਿੱਲ**
9878883680

## ਸਿੱਧੂ ਮੂਸੇ ਵਾਲੇ ਵੀਰ ਜੀ ਨੂੰ ਸਰਧਾਂਜਲੀ

ਅੱਜ ਕੂਕਾ ਮਾਰ -ਮਾਰ ਰੋਂਦਾ ਏ ਪੰਜਾਬ,
ਵੈਰੀਓ ਅੱਖ ਥੋਡੀ ਕਿਉਂ ਰੋਈ ਨਹੀਂ।
ਛੱਡ ਪ੍ਰਦੇਸ ਸਿੱਧੂ ਪੰਜਾਬ ਪੰਜਾਬ ਆ ਗਿਆ ।
ਮਿਹਨਤਾਂ ਦੇ ਨਾਲ ਸੀ ਨਾਮ ਕਮਾ ਗਿਆ
ਮਾਸੂਮ ਨੂੰ ਮਾਰਨ ਵਾਲਿਓ ਕਿਤੇ ਮਿਲਣੀ
ਢੋਈ ਨਹੀਂ।
ਅੱਜ ਕੂਕਾ ਮਾਰ -ਮਾਰ ਰੋਂਦਾ ਏ ਪੰਜਾਬ,
ਵੈਰੀਓ ਅੱਖ ਥੋਡੀ ਕਿਉਂ ਰੋਈ ਨਹੀਂ।
ਜੀਹਨੇ ਕਲਮ ਨਾਲ ਸਾਰਿਆਂ ਦਾ ਦਿਲ
ਸੀ ਮੋਹ ਲਿਆ
ਉਹੀ ਹੀਰਾ ਪੁੱਤ ਮਾਂ ਦਾ ਅੱਜ ਕਿਉਂ ਤੁਸੀਂ
ਖੋਹ ਲਿਆ
ਜੱਗ ਜਾਹਿਰ ਸਭ ਅੱਜ ਹੋ ਰਿਹਾ
ਮਾਂ ਤੋਂ ਪੀੜ ਜਾਂਦੀ ਲਕੋਈ ਨਹੀਂ।
ਅੱਜ ਕੂਕਾ ਮਾਰ -ਮਾਰ ਰੋਂਦਾ ਏ ਪੰਜਾਬ
ਵੈਰੀਓ ਅੱਖ ਥੋਡੀ ਕਿਉਂ ਰੋਈ ਨਹੀਂ।
ਜਨਾਜੇ ਪਿੱਛੇ ਦੇਖ ਇਕੱਠ
ਰੂਹ ਹਰ ਇੱਕ ਦੀ ਹੈ ਪਾੜਦੀ
ਲਾੜੀ ਮੌਤ ਏ ਵਿਆਹੀ
ਕਿਵੇਂ ਮਾਂ ਪਾਣੀ ਸਿਰ ਉੱਤੋਂ ਵਾਰਦੀ
ਲਾਸ ਦੇਖ ਪੁੱਤ ਦੀ ਅੱਜ ਮਾਂ ਕੁਰਲਾਵੇ
ਤੇਰੀ ਸਿਹਰਿਆਂ ਦੀ ਲੜੀ ਕੋਈ ਪਰੋਈ ਨਹੀਂ
ਅੱਜ ਕੂਕਾ ਮਾਰ -ਮਾਰ ਰੋਂਦਾ ਏ ਪੰਜਾਬ
ਵੈਰੀਓ ਅੱਖ ਥੋਡੀ ਕਿਉਂ ਰੋਈ ਨਹੀਂ।
ਤੇਰੇ ਜਿਹਾ ਗੀਤ ਕਿਸੇ ਕੋਲੋਂ ਨਾ ਜਾਣਾ ਲਿਖਿਆ
ਤੇਰਾ ਜਿਗਰਾ ਜਮੀਰ ਤੇ ਨਾ ਹੀ ਜਨੂੰਨ ਵਿਕਿਆ
ਖੁਸੀ ਦੇ ਪਲ ਕਿੰਝ ਦੁੱਖਾਂ ਵਿੱਚ ਬਦਲੇ
ਬੇਕਸੂਰ ਮਾਰਿਆ ਗਿਆ ਨਾਲ ਅਸਲੇ
ਪਿਓ ਪੱਗ ਲਾਹ ਇਨਸਾਫ ਦੀ ਮੰਗ ਕਰਦਾ
ਉਹਨਾਂ ਦਾ ਕਸੂਰ ਕੋਈ ਵੀ ਨਹੀਂ
ਅੱਜ ਕੂਕਾ ਮਾਰ -ਮਾਰ ਰੋਂਦਾ ਏ ਪੰਜਾਬ
ਵੈਰੀਓ ਅੱਖ ਥੋਡੀ ਕਿਉਂ ਰੋਈ ਨਹੀਂ।
ਮਾਂ -ਬਾਪ ਦੇ ਹੌਸਲੇ ਨੂੰ ਮੈਂ ਸੀਸ ਚੁਕਾਵਾਂ
ਜੋ ਪੁੱਤ ਦੀ ਲਾਸ ਨੂੰ ਵੀ ਕਰਦੀ ਰਹੀ ਛਾਵਾਂ
ਅਜਾਦ ਸੋਚ ਤੇਰੀ ਵੀਰਿਆ ਸਦਾ
ਅਮਰ ਰਹੂੰਗੀ
ਘਰ-ਘਰ ਜੰਮਣ ਸਿੱਧੂ ਜਿਹੇ ਪੁੱਤ
ਮਾਂ ਇਹੋ ਕਹੂੰਗੀ
ਸਿਵਿਆਂ 'ਤੇ ਲੱਗਦੇ ਸਾਰੇ ਆਪਣੇ ਹੀ
ਬੇਗਾਨਾ ਜਾਪਿਆ ਕੋਈ ਨਹੀਂ
ਗਗਨ ਸਿੱਧੂ ਵਰਗਾ ਪੁੱਤ ਜੰਮਣਾ ਕੋਈ ਨਹੀਂ
ਧਾਲੀਵਾਲ ਅੱਜ ਕੂਕਾ ਮਾਰ -ਮਾਰ ਰੋਂਦਾ ਏ
ਪੰਜਾਬ
ਵੈਰੀਓ ਅੱਖ ਥੋਡੀ ਕਿਉਂ ਰੋਈ ਨਹੀਂ।

**ਪ੍ਰੋ. ਗਗਗਨਦੀਪ ਕੌਰ ਧਾਲੀਵਾਲ**

## ਲਿਖਦੀ

ਹੱਸਦੀ-ਹੱਸਦੀ ਲਿਖਦੀ,
ਚੁੱਪ ਦੇ ਸ਼ੋਰ 'ਚ
ਅਧੂਰੇ ਅਰਮਾਨਾਂ 'ਚ
ਸੁਨਹਿਰੀ ਬਾਗਾਂ 'ਚ
ਫੁੱਲਾਂ ਦੀ ਖੁਸ਼ਬੋਈ 'ਚ
ਗੁਣ ਗੁਲਮੋਹਰ ਤੋਂ ਸਿੱਖਦੀ
ਹੱਸਦੀ ਹੱਸਦੀ ਲਿਖਦੀ,

ਪਿਆਰ ਦੀ ਬੁਛਾਰ 'ਚ
ਮਰਿਆਦਾ ਦੇ ਦਮ 'ਚ
ਅੱਥਰੂਆਂ ਦੇ ਸਵਾਦ 'ਚ
ਹਨੇਰੀ ਕਾਲੀ ਰਾਤ 'ਚ
"ਤਰਵਿੰਦਰ ਰੌਸਨੀ ਦਿੱਖਦੀ,
ਹੱਸਦੀ-ਹੱਸਦੀ ਲਿਖਦੀ

**ਤਰਵਿੰਦਰ ਕੌਰ ਝੰਡੋਕ**

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 352

Website: www.preetnama.com Email preetnamausa@gmail.com

08 MAY TO 14 MAY, 2026


